# ਸੋਧ

ਅਗਸਤ 1980 (ਜਿਲਦ 9 ਨੰਬਰ 8)

**August 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

8

# ਸੇਧ

"ਆਲੋਚਨਾ ਤੇ ਸੁਤੰਤਰ ਸੋਚਣੀ—
ਇਨਕਲਾਬੀ ਬੰਦੇ ਦੇ ਦੋ ਲਾਜ਼ਮੀ ਗੁਣ
ਹੁੰਦੇ ਹਨ।"

—ਸ਼ਹੀਦ ਭਗਤ ਸਿੰਘ

SEDH
AUGUST, 1980
Vol. 9, No. 8
Price : Rs. 2.00

**ਦਿੰਦਾ ਹੈ**

**ਡਾਕਘਰ ਸੇਵਿੰਗਜ਼ ਬੈਂਕ**
**ਸਭ ਤੋਂ ਵਧ ਤੇ**
**ਟੈਕਸ-ਮੁਕਤ**
**ਵਿਆਜ**

ਅਤੇ ਇਸ ਤੋਂ ਇਲਾਵਾ 11,000 ਤੋਂ ਵਧ ਨਕਦ ਇਨਾਮ
ਪਹਿਲਾ ਇਨਾਮ — 1,00,000/- ਰੁਪਏ

ਡਾਕਘਰ ਸੇਵਿੰਗਜ਼ ਬੈਂਕ ਦੇਸ਼ ਦਾ ਸਭ ਤੋਂ ਪੁਰਾਣਾ ਤੇ ਸਭ ਤੋਂ ਵੱਡਾ ਸੇਵਿੰਗਜ਼ ਬੈਂਕ ਹੈ। ਕੋਈ 4.26 ਕਰੋੜ ਲੋਕਾਂ ਨੇ ਇਸ ਵਿਚ ਆਪਣੇ ਖਾਤੇ ਖੋਲ ਰਖੇ ਹਨ। ਇਸ ਵਿਚ 1,695 ਕਰੋੜ ਰੁਪਏ ਤੋਂ ਵਧ ਰਕਮ ਜਮ੍ਹਾਂ ਹੈ।

ਤੁਸੀਂ ਵੀ 200 ਰੁਪਏ ਘਟੋ ਘਟ ਛੇ ਮਹੀਨਿਆਂ ਲਈ ਜਮ੍ਹਾਂ ਰਖ ਕੇ, ਹਰ ਛਿਮਾਹੀ ਡਰਾਅ ਵਿਚ ਨਿਕਲਣ ਵਾਲਾ ਕੋਈ ਇਨਾਮ ਜਿੱਤ ਸਕਦੇ ਹੋ। ਹੁਣ ਤਕ ਇਕ ਲੱਖ ਤੋਂ ਵਧ ਲੋਕ ਇਨਾਮ ਜਿੱਤ ਚੁਕੇ ਹਨ।

**ਵਿਸ਼ੇਸ਼ ਆਕਰਸ਼ਣ** :

* ਸਿਰਫ਼ ਪੰਜ ਰੁਪਏ ਨਾਲ ਖਾਤਾ ਖੋਲਿਆ ਜਾ ਸਕਦਾ ਹੈ।
* 5.5% ਸਾਲਾਨਾ ਬਿਲਕੁਲ ਟੈਕਸ-ਮੁਕਤ ਵਿਆਜ।
* 1,29,000 ਡਾਕਘਰ ਤੇ ਇਨ੍ਹਾਂ ਤੋਂ ਇਲਾਵਾ ਕਈ ਚਲਦੇ ਫਿਰਦੇ ਡਾਕਘਰ ਤੁਹਾਡੀ ਸੇਵਾ ਲਈ ਮੌਜੂਦ ਹਨ। ਖਾਤੇ ਇਕ ਡਾਕਘਰ ਤੋਂ ਦੂਜੇ ਡਾਕਘਰ ਵਿਚ ਬਦਲੇ ਜਾ ਸਕਦੇ ਹਨ।
* ਆਪਣੇ ਪਿੰਡ ਦੇ ਡਾਕਘਰ ਵਿਚ ਰਕਮ ਜਮ੍ਹਾਂ ਕਰਾਉਣ ਤੇ ਸ਼ਹਿਰ ਦੇ ਮੁਖ ਜਾਂ ਉਪ-ਡਾਕਘਰ ਵਿਚੋਂ ਰਕਮ ਕਢਾਉਣ, ਤੇ ਇਸ ਦੇ ਉਲਟ ਸ਼ਹਿਰ ਦੇ ਮੁਖ ਜਾਂ ਉਪ-ਡਾਕਘਰ ਵਿਚ ਰਕਮ ਜਮ੍ਹਾਂ ਕਰਾਉਣ ਤੇ ਪਿੰਡ ਦੇ ਡਾਕਘਰ ਵਿਚੋਂ ਰਕਮ ਕਢਾ ਸਕਣ ਦੀ ਸਹੂਲਤ।
* ਆਪਣੀ ਮਰਜ਼ੀ ਅਨੁਸਾਰ ਆਸਾਨੀ ਨਾਲ ਰਕਮ ਕਢਵਾ ਸਕਦੇ ਹੋ।
* ਲਗਭਗ 23,000 ਡਾਕਘਰਾਂ ਵਿਚ ਚੈਕ ਦੀ ਸਹੂਲਤ ਦਾ ਪ੍ਰਬੰਧ ਹੈ ਤੇ ਬਾਹਰ ਦੇ ਡਾਕਘਰ ਸੇਵਿੰਗਜ਼ ਬੈਂਕ ਚੈਕਾਂ ਤੇ ਕੋਈ 'ਕਲੈਕਸ਼ਨ ਚਾਰਜ' ਨਹੀਂ ਲਿਆ ਜਾਂਦਾ।
* ਸ਼ਨਾਖਤੀ ਕਾਰਡਾਂ ਦੁਆਰਾ ਤੁਰੰਤ ਸ਼ਨਾਖਤ ਦਾ ਪ੍ਰਬੰਧ।
* ਖਾਤੇ ਨੂੰ ਜ਼ਮਾਨਤ ਦੇ ਤੌਰ ਤੇ ਰਖਿਆ ਜਾ ਸਕਦਾ ਹੈ।
* ਕਿਸੇ ਨੂੰ ਵੀ ਨਾਮਜ਼ਦ ਕਰਨ ਦੀ ਸਹੂਲਤ।

ਅੱਜ ਹੀ ਕਿਸੇ ਵੀ ਡਾਕਘਰ ਵਿਚ ਆਪਣਾ ਖਾਤਾ ਖੋਲ ਦਿਓ।

**ਰਾਸ਼ਟਰੀ ਬਚਤ ਸੰਸਥਾ,**
ਪੋਸਟ ਬਾਕਸ 96, ਨਾਗਪੁਰ-440001.

ਡੀਏਵੀਪੀ 80/107

"...before the proletariat fights out its battles on the barricades, it announces the coming of its rule in a series of intellectual victories." MARX


- ਸੰਜੇ ਗਾਂਧੀ : ਚੜ੍ਹਤ ਤੇ ਮੌਤ (ਸਫ਼ਾ 3) — ਅਦਾਰਾ **ਸੇਧ**
- ਪਰੋਲਤਾਰੀ ਪੈਂਤੜਾ ਤੇ ਬੁੱਧੀਮਾਨ ਤਬਕਾ (ਸਫ਼ਾ 11) — ਕਿਸ਼ਨ ਸਿੰਘ
- ਡਾ: ਹਰਿਭਜਨ ਸਿੰਘ ਦਾ ਸਾਹਿਤ-ਵਿਗਿਆਨ (ਸਫ਼ਾ 17) — ਭੁਪਿੰਦਰ ਸਿੰਘ ਖਹਿਰਾ
- **ਪੰਜਾਬੀ ਆਲੋਚਨਾ ਅਤੇ ਪੱਛਮੀ ਆਲੋਚਨਾ-ਪ੍ਰਣਾਲੀਆਂ—5**
  ਅਮਰੀਕਾ ਦਾ ਨਵੀਨ ਆਲੋਚਨਾ ਸਕੂਲ (ਸਫ਼ਾ 23) — ਡਾ: ਰਵਿੰਦਰ ਸਿੰਘ ਰਵੀ
- ਸਾਹਿਤ ਦਾ ਅਤੇ ਸਾਹਿਤਕਾਰ ਦਾ ਫਰਜ਼ (ਸਫ਼ਾ 33) — ਅਬਦੁਲਾ ਮਲਕ, ਫੈਜ਼ ਅਹਿਮਦ ਫੈਜ਼
- ਕਹਾਣੀਕਾਰ ਰਾਮ ਸਰੂਪ ਅਣਖੀ—ਇਕ ਅਧਿਅਨ (ਸਫ਼ਾ 39) — ਡਾ: ਓ. ਪੀ. ਗੁਪਤਾ
- ਪੁਸਤਕ-ਰੀਵੀਊ : **ਹਵਾ ਵਿਚ ਲਿਖੇ ਹਰਫ਼** (ਸਫ਼ਾ 45) — ਹਿੰਮਤ ਸਿੰਘ ਸੋਢੀ
- **ਲੇਖਕ / ਪਾਠਕ ਕਹਿੰਦੇ ਹਨ**
  * ਬਹਿਸ ਦਾ ਮੁੱਦਾ ਕੀ ਸੀ ? (47) — ਭਗਵਾਨ ਸਿੰਘ ਜੋਸ਼
  * ਖੋਤੀ ਬੋਹੜ ਥੱਲੇ ! (50) — ਭ. ਸ. ਖਹਿਰਾ
  * ਬਿਗਾਨੇ ਮਾਲ 'ਤੇ ਸ਼ਾਹ ਨਹੀਂ ਬਣੀਂਦਾ ! (55) — ਗੁਰਦੇਵ ਸਿੰਘ, ਲਾਭ ਸਿੰਘ ਖੀਵਾ
  * ਸੰਪਾਦਕ ਵਲੋਂ (56) — ਪੰਨੂੰ


Edited, Printed & Published by Gurvel Singh Pannu, A/42, Defence Colony, New Delhi-110024 Ph. No. 626300
Printed at 'BHULLAR PRINTERS' 44, Street 2, Shankar Nagar Ext., Delhi-51.

## ਦਿੰਦਾ ਹੈ

**ਡਾਕਘਰ ਸੇਵਿੰਗਜ਼ ਬੈਂਕ**
**ਸਭ ਤੋਂ ਵਧ ਤੇ**
**ਟੈਕਸ-ਮੁਕਤ**
**ਵਿਆਜ**

ਅਤੇ ਇਸ ਤੋਂ ਇਲਾਵਾ 11,000 ਤੋਂ ਵਧ ਨਕਦ ਇਨਾਮ
ਪਹਿਲਾ ਇਨਾਮ — 1,00,000/- ਰੁਪਏ

ਡਾਕਘਰ ਸੇਵਿੰਗਜ਼ ਬੈਂਕ ਦੇਸ਼ ਦਾ ਸਭ ਤੋਂ ਪੁਰਾਣਾ ਤੇ ਸਭ ਤੋਂ ਵੱਡਾ ਸੇਵਿੰਗਜ਼ ਬੈਂਕ ਹੈ। ਕੋਈ 4.26 ਕਰੋੜ ਲੋਕਾਂ ਨੇ ਇਸ ਵਿਚ ਆਪਣੇ ਖਾਤੇ ਖੋਲ ਰਖੇ ਹਨ। ਇਸ ਵਿਚ 1,695 ਕਰੋੜ ਰੁਪਏ ਤੋਂ ਵਧ ਰਕਮ ਜਮ੍ਹਾਂ ਹੈ।

ਤੁਸੀਂ ਵੀ 200 ਰੁਪਏ ਘਟੋ ਘਟ ਛੇ ਮਹੀਨਿਆਂ ਲਈ ਜਮ੍ਹਾਂ ਰਖ ਕੇ, ਹਰ ਛਿਮਾਹੀ ਡਰਾਅ ਵਿਚ ਨਿਕਲਣ ਵਾਲਾ ਕੋਈ ਇਨਾਮ ਜਿੱਤ ਸਕਦੇ ਹੋ। ਹੁਣ ਤਕ ਇਕ ਲੱਖ ਤੋਂ ਵਧ ਲੋਕ ਇਨਾਮ ਜਿੱਤ ਚੁਕੇ ਹਨ।

**ਵਿਸ਼ੇਸ਼ ਆਕਰਸ਼ਣ** :
* ਸਿਰਫ਼ ਪੰਜ ਰੁਪਏ ਨਾਲ ਖਾਤਾ ਖੋਲਿਆ ਜਾ ਸਕਦਾ ਹੈ।
* 5.5% ਸਾਲਾਨਾ ਬਿਲਕੁਲ ਟੈਕਸ-ਮੁਕਤ ਵਿਆਜ।
* 1,29,000 ਡਾਕਘਰ ਤੇ ਇਨ੍ਹਾਂ ਤੋਂ ਇਲਾਵਾ ਕਈ ਚਲਦੇ ਫਿਰਦੇ ਡਾਕਘਰ ਤੁਹਾਡੀ ਸੇਵਾ ਲਈ ਮੌਜੂਦ ਹਨ। ਖਾਤੇ ਇਕ ਡਾਕਘਰ ਤੋਂ ਦੂਜੇ ਡਾਕਘਰ ਵਿਚ ਬਦਲੇ ਜਾ ਸਕਦੇ ਹਨ।
* ਆਪਣੇ ਪਿੰਡ ਦੇ ਡਾਕਘਰ ਵਿਚ ਰਕਮ ਜਮ੍ਹਾਂ ਕਰਾਉਣ ਤੇ ਸ਼ਹਿਰ ਦੇ ਮੁਖ ਜਾਂ ਉਪ-ਡਾਕਘਰ ਵਿਚੋਂ ਰਕਮ ਕਢਾਉਣ, ਤੇ ਇਸ ਦੇ ਉਲਟ ਸ਼ਹਿਰ ਦੇ ਮੁਖ ਜਾਂ ਉਪ-ਡਾਕਘਰ ਵਿਚ ਰਕਮ ਜਮ੍ਹਾਂ ਕਰਾਉਣ ਤੇ ਪਿੰਡ ਦੇ ਡਾਕਘਰ ਵਿਚੋਂ ਰਕਮ ਕਢਾ ਸਕਣ ਦੀ ਸਹੂਲਤ।
* ਆਪਣੀ ਮਰਜ਼ੀ ਅਨੁਸਾਰ ਆਸਾਨੀ ਨਾਲ ਰਕਮ ਕਢਵਾ ਸਕਦੇ ਹੋ।
* ਲਗਭਗ 23,000 ਡਾਕਘਰਾਂ ਵਿਚ ਚੈਕ ਦੀ ਸਹੂਲਤ ਦਾ ਪ੍ਰਬੰਧ ਹੈ ਤੇ ਬਾਹਰ ਦੇ ਡਾਕਘਰ ਸੇਵਿੰਗਜ਼ ਬੈਂਕ ਚੈਕਾਂ ਤੇ ਕੋਈ 'ਕਲੈਕਸ਼ਨ ਚਾਰਜ' ਨਹੀਂ ਲਿਆ ਜਾਂਦਾ।
* ਸ਼ਨਾਖ਼ਤੀ ਕਾਰਡਾਂ ਦੁਆਰਾ ਤੁਰੰਤ ਸ਼ਨਾਖ਼ਤ ਦਾ ਪ੍ਰਬੰਧ।
* ਖਾਤੇ ਨੂੰ ਜ਼ਮਾਨਤ ਦੇ ਤੌਰ ਤੇ ਰਖਿਆ ਜਾ ਸਕਦਾ ਹੈ।
* ਕਿਸੇ ਨੂੰ ਵੀ ਨਾਮਜ਼ਦ ਕਰਨ ਦੀ ਸਹੂਲਤ।

ਅੱਜ ਹੀ ਕਿਸੇ ਵੀ ਡਾਕਘਰ ਵਿਚ ਆਪਣਾ ਖਾਤਾ ਖੋਲ ਦਿਓ।

**ਰਾਸ਼ਟਰੀ ਬਚਤ ਸੰਸਥਾ,**
ਪੋਸਟ ਬਾਕਸ 96, ਨਾਗਪੁਰ-440001,

ਡੀਏਵੀਪੀ 80/107


"...before the proletariat fights out its battles on the barricades, it announces the coming of its rule in a series of intellectual victories." MARX


⊙ ਸੰਜੇ ਗਾਂਧੀ : ਚਰ੍ਹਤ ਤੇ ਮੌਤ (ਸਫ਼ਾ 3) — ਅਦਾਰਾ ਸੇਧ

⊙ ਪਰੋਲਤਾਰੀ ਪੈਂਤੜਾ ਤੇ ਬੁੱਧੀਮਾਨ ਤਬਕਾ (ਸਫ਼ਾ 11) — ਕਿਸ਼ਨ ਸਿੰਘ

⊙ ਡਾ: ਹਰਿਭਜਨ ਸਿੰਘ ਦਾ ਸਾਹਿਤ-ਵਿਗਿਆਨ (ਸਫ਼ਾ 17) — ਭੁਪਿੰਦਰ ਸਿੰਘ ਖਹਿਰਾ

⊙ **ਪੰਜਾਬੀ ਆਲੋਚਨਾ ਅਤੇ ਪੱਛਮੀ ਆਲੋਚਨਾ-ਪ੍ਰਣਾਲੀਆਂ—5**
ਅਮਰੀਕਾ ਦਾ ਨਵੀਨ ਆਲੋਚਨਾ ਸਕੂਲ (ਸਫ਼ਾ 23) — ਡਾ: ਰਵਿੰਦਰ ਸਿੰਘ ਰਵੀ

⊙ ਸਾਹਿਤ ਦਾ ਅਤੇ ਸਾਹਿਤਕਾਰ ਦਾ ਫ਼ਰਜ਼ (ਸਫ਼ਾ 33) — ਅਬਦੁਲਾ ਮਲਕ, ਫ਼ੈਜ਼ ਅਹਿਮਦ ਫ਼ੈਜ਼

⊙ ਕਹਾਣੀਕਾਰ ਰਾਮ ਸਰੂਪ ਅਣਖੀ—ਇਕ ਅਧਿਅਨ (ਸਫ਼ਾ 39) — ਡਾ: ਓ. ਪੀ. ਗੁਪਤਾ

⊙ ਪੁਸਤਕ-ਰੀਵੀਊ : **ਹਵਾ ਵਿਚ ਲਿਖੇ ਹਰਫ਼** (ਸਫ਼ਾ 45) — ਹਿੰਮਤ ਸਿੰਘ ਸੋਢੀ

⊙ **ਲੇਖਕ / ਪਾਠਕ ਕਹਿੰਦੇ ਹਨ**
* ਬਹਿਸ ਦਾ ਮੁੱਦਾ ਕੀ ਸੀ ? (47) — ਭਗਵਾਨ ਸਿੰਘ ਜੋਸ਼
* ਖੋਤੀ ਬੋਹੜ ਥੱਲੇ ! (50) — ਭ. ਸ. ਖਹਿਰਾ
* ਬਿਗਾਨੇ ਮਾਲ 'ਤੇ ਸ਼ਾਹ ਨਹੀਂ ਬਣੀਂਦਾ ! (55) — ਗੁਰਦੇਵ ਸਿੰਘ, ਲਾਭ ਸਿੰਘ ਖੀਵਾ
* ਸੰਪਾਦਕ ਵਲੋਂ (56) — ਪੰਨੂੰ



Edited, Printed & Published by Gurvel Singh Pannu, A/42, Defence Colony, New Delhi-110024. Ph. No. 626300
Printed at 'BHULLAR PRINTERS' 44, Street 2, Shankar Nagar Ext., Delhi-51.



ਪੀ.ਐਸ.ਬੀ.-ਸਤੱਰ ਸਾਲਾਂ ਤੋਂ ਜਿਆਦਾ
ਸਮੇਂ ਤੋਂ ਤਰੱਕੀ ਦੇ ਰਾਹ ਤੇ

**ਤੀਹ ਸਾਲ ਪਹਿਲਾਂ ਮੇਰੇ ਪਿਤਾ ਜੀ ਨੇ ਮੇਰੇ ਲਈ ਪੰਜਾਬ ਐਂਡ ਸਿੰਧ ਬੈਂਕ ਵਿਚ ਖਾਤਾ ਖੋਲਿਆ ਸੀ। ਅਜ ਇਹੀ ਮੈਂ ਆਪਣੇ ਪੁਤੱਰ ਲਈ ਕੀਤਾ ਹੈ।**

ਪੰਜਾਬ ਐਂਡ ਸਿੰਧ ਬੈਂਕ ਨਾਲ ਬਚੱਤ ਇਕ ਐਸੀ ਰਵਾਇਤ ਹੈ ਜੋ ਪੀ.ਐਸ.ਬੀ. ਪ੍ਰਵਾਰਾਂ ਵਿਚ ਪੁਸ਼ਤ-ਦਰ-ਪੁਸ਼ਤ ਚਲਦੀ ਰਹਿੰਦੀ ਹੈ। ਇਹ ਰਵਾਇਤ ਪੀ.ਐਸ.ਬੀ. ਸਤੱਹਰ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਕਾਇਮ ਰਖਦਾ ਆ ਰਿਹਾ ਹੈ। ਇਸ ਦਾ ਕਾਰਨ ਹੈ ਸਾਡੀ ਸੇਵਾ ਜਿਸਦਾ ਸ਼ਾਇਦ ਹੀ ਕੋਈ ਮੁਕਾਬਲਾ ਕਰ ਸਕੇ।

ASP/PSB/3-202P

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇਕ ਅਦਾਰਾ)


# ਸੰਜੇ ਗਾਂਧੀ : ਚੜ੍ਹਤ ਤੇ ਮੌਤ

ਇਤਿਹਾਸਕ ਘਟਨਾਵਾਂ ਦੇ ਪ੍ਰਵਾਹ ਅਤੇ ਘੁੰਮਣ ਘੇਰੀਆਂ ਵਿਚ ਕਿਸੇ ਖਾਸ ਸੰਕਟ-ਕਾਲੀਨ ਤੇ ਨਾਜ਼ੁਕ ਮੌਕੇ ਉਪਰ ਇਕ ਵਿਅਕਤੀ ਦੇ ਰੋਲ ਦਾ ਮਹੱਤਵ ਕਿੰਨਾ ਹੁੰਦਾ ਹੈ ? ਕਿਥੋਂ ਤਕ ਉਸ ਦੀ ਫ਼ੈਸਲਾਕੁਨ ਦਖਲ-ਅੰਦਾਜ਼ੀ ਕਾਰਨ ਜਾਂ ਲੋੜੀਂਦੀ ਦਖਲ-ਅੰਦਾਜ਼ੀ ਨਾ ਕਰ ਸਕਣ ਕਾਰਨ ਭਵਿਖ ਦੀਆਂ ਆਉਣ ਵਾਲੀਆਂ ਘਟਨਾਵਾਂ ਨਵਾਂ ਮੁਹਾਂਦਰਾ ਤੇ ਰੁੱਖ ਅਖ਼ਤਿਆਰ ਕਰਦੀਆਂ ਹਨ ? ਵਿਅਕਤੀ ਤੇ ਸਮਾਜ ਵਿਚਲੀਆਂ ਜਮਾਤੀ-ਤਾਕਤਾਂ ਦੇ ਸਮਤੋਲ ਦੇ ਡਾਇਲੈਕਟਿਕ ਨੂੰ ਉਨਾ ਅਮੂਰਤ ਤੌਰ 'ਤੇ ਸਮਝਣਾ ਔਖਾ ਨਹੀਂ ਜਿੰਨਾ ਉਸ ਨੂੰ ਠੋਸ ਤੇ ਗੁੰਝਲਦਾਰ ਪ੍ਰਸੰਗ ਵਿਚ ਸਮਝਣਾ ਔਖਾ ਹੁੰਦਾ ਹੈ, ਕਿਉਂਕਿ ਅਜਿਹੇ ਵਿਸ਼ਲੇਸ਼ਣ ਸਮੇਂ ਜਾਂ ਤਾਂ ਵਿਅਕਤੀ ਦੇ ਰੋਲ ਨੂੰ 'ਹਦੋਂ ਵੱਧ ਉਭਾਰਨ' ਤੇ ਜਮਾਤੀ ਜਦੋ-ਜਹਿਦ ਦੇ ਤਵਾਜ਼ਨ ਨੂੰ 'ਹਦੋਂ ਵਧ ਘਟਾ ਕੇ' ਤੇ ਜਾਂ ਇਸ ਦੇ ਉਲਟ ਵਿਅਕਤੀ ਦੇ ਰੋਲ ਨੂੰ ਬਿਲਕੁਲ ਹੀ ਮਾਮੂਲੀ ਬਣਾ ਕੇ ਤੇ ਸਭ ਵਰਤਾਰਾ ਲੀਡਰਸ਼ਿਪ ਦੀ ਲਿਆਕਤ ਤੋਂ ਮੁਕਤ ਕਰ ਕੇ ਜਮਾਤੀ ਤਾਕਤਾਂ ਦੇ ਨਾਂ ਮੜ੍ਹ ਕੇ ਗਹਿਰ-ਗੰਭੀਰ ਵਿਸ਼ਲੇਸ਼ਣ ਤੋਂ ਸੁਰਖ਼ਰੂ ਹੋ ਜਾਣ ਦਾ ਡਰ ਹੁੰਦਾ ਹੈ। ਕਿਸੇ ਦੇਸ਼ ਵਿਚ ਜਮਾਤੀ ਜਦੋ-ਜਹਿਦ ਦੇ ਸੁਭਾਅ ਦੇ ਅਨੁਕੂਲ ਵਿਅਕਤੀ (ਲੀਡਰਸ਼ਿਪ) ਤੇ ਜਮਾਤੀ ਤਾਕਤਾਂ ਦੇ ਰੋਲ ਤੇ ਸਮਤੋਲ ਦੀ ਇਹ 'ਠੀਕ ਠੀਕ ਹੱਦ' ਕਿਥੇ ਕੁ ਨਿਰਧਾਰਿਤ ਕੀਤੀ ਜਾਵੇ ? ਕੀਤੀ ਜਾਵੇ ਵੀ ਕਿ ਨਾ ?—ਮਾਰਕਸਵਾਦੀ ਦ੍ਰਿਸ਼ਟੀਕੋਨ ਤੋਂ ਠੋਸ ਇਤਿਹਾਸਕ ਵਿਸ਼ਲੇਸ਼ਣ ਕਰਨਾ ਅਜਿਹੇ ਸਵਾਲਾਂ ਦੇ ਉਤਰ ਦੇਣਾ ਹੈ।

ਇਸ ਪਹੁੰਚ-ਵਿਧੀ ਨੂੰ ਮੁਖ ਰਖਦਿਆਂ ਜਦ ਅਸੀਂ ਸੰਜੇ ਗਾਂਧੀ ਦੀ ਚੜ੍ਹਤ ਦੇ ਵਰਤਾਰੇ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਹੋਰ ਵੀ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ : ਪਾਰਟੀ ਤੇ ਸਰਕਾਰ ਨਾਲ ਸੰਬੰਧਤ ਉਸ ਦੇ ਆਪਣੀ ਹਿੱਕ ਦੇ ਜ਼ੋਰ ਨਾਲ ਲਏ 'ਫ਼ੈਸਲਿਆਂ' ਬਾਰੇ ਕਿਸੇ ਨੂੰ ਵੀ ਸ਼ਕ-ਰਹਿਤ ਠੋਸ ਤੱਥ ਪ੍ਰਾਪਤ ਨਹੀਂ ਹਨ। ਉਹ ਸਰਕਾਰ ਤੇ ਕਾਂਗਰਸ ਪਾਰਟੀ ਵਿਚ ਕਿਸੇ ਔਹਦੇ ਉਪਰ ਵੀ ਨਹੀਂ ਸੀ। ਉਸ ਦੀ ਚੜ੍ਹਤ ਦਾ ਸਮਾਂ ਵੀ ਅੱਖ ਦੇ ਫੋਰੇ ਵਾਂਗ ਸੀ। ਹੋ ਸਕਦਾ ਹੈ ਘਟਨਾਵਾਂ ਦੀ ਧੂੜ ਬੈਠ ਜਾਣ ਪਿਛੋਂ ਜਦ ਅਸੀਂ ਇਸ ਦੌਰ ਉਪਰ ਪਿੱਛਲ-ਝਾਤ ਪਾਵਾਂਗੇ ਤਾਂ ਇਸ ਦੌਰ ਦੇ ਵੱਖ ਵੱਖ ਤੱਥਾਂ ਦੇ 'ਅਸਲੀ ਭਾਰ' ਦਾ ਸਹੀ ਅੰਦਾਜ਼ਾ ਲਗਾ ਸਕਾਂਗੇ। ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਆਪਣਾ ਦ੍ਰਿਸ਼ਟੀਕੋਨ ਸੇਧ ਦੇ ਪਾਠਕਾਂ ਨਾਲ ਅਸੀਂ ਬਿਨਾ ਕਿਸੇ ਝਿਜਕ ਦੇ ਸਾਂਝਾ ਕਰਨਾ ਚਾਹਾਂਗੇ।

'ਸੰਜੇ ਵਰਤਾਰੇ' ਸੰਬੰਧੀ ਦੋ ਬਹੁਤ ਤਿੱਖੇ ਤੇ ਆਪਾ-ਵਿਰੋਧੀ ਪ੍ਰਤੀਕਰਮ ਹੋਏ ਹਨ। ਇਕ ਪਾਸੇ ਉਹ ਲੋਕ ਹਨ ਜਿੰਨਾਂ ਨੇ ਉਸ ਦੀ ਮੌਤ ਉਪਰ ਘਿਉ ਦੇ ਦੀਵੇ ਬਾਲਣ ਵਰਗੀ ਖ਼ੁਸ਼ੀ ਪ੍ਰਗਟ ਕੀਤੀ

ਹੈ ਤੇ ਜੋ ਉਸ ਨੂੰ ਐਮਰਜੈਂਸੀ ਤੇ ਉਸ ਤੋਂ ਪਿਛੋਂ ਦੇ ਸਮੇਂ ਦੀਆਂ ਸਭ ਕਲਾਆਂ ਦਾ ਮੁੱਢ ਸਮਝਦੇ ਹਨ। ਉਨ੍ਹਾਂ ਅਨੁਸਾਰ ਅਜਿਹੇ 'ਯੂਥ ਲੀਡਰ' ਤੋਂ ਭਾਰਤ ਦੇ ਲੋਕਾਂ ਦਾ ਛੁਟਕਾਰਾ ਰੱਬੀ ਨਿਜਾਤ ਵਾਂਗ ਹੈ। ਅਜਿਹੇ ਲੋਕਾਂ ਵਿਚੋਂ ਇਕ ਬੁਧੀਜੀਵੀ ਦਾ ਕਹਿਣਾ ਸੀ : ''ਸੰਜੇ ਗਾਂਧੀ ਦੀ ਮੌਤ ਉਪਰੰਤ ਤੁਰਕਮਾਨ ਗੇਟ ਵਿਚ ਲੱਡੂ ਵੰਡੇ ਗਏ। ਮੈਂ ਜਨਾਜ਼ੇ ਵਿਚ ਸ਼ਾਮਲ ਹੋਏ ਲੋਕਾਂ ਨੂੰ ਮਿਲਿਆ ਹਾਂ, ਉਹਨਾਂ ਵਿਚ ਬਹੁਤ ਸਾਰੇ ਅੰਦਰੋਂ ਖੁਸ਼ ਪ੍ਰਤੀਤ ਹੁੰਦੇ ਸਨ ਤੇ ਨਾਲੇ ਉਨ੍ਹਾਂ ਵਿਚੋਂ ਬਹੁਤ ਸਾਰੇ ਸਨ ਵੀ ਤਮਾਸ਼ਬੀਨ ਹੀ। ਉਸ ਦੇ ਜਨਾਜ਼ੇ ਵਿਚ ਸ਼ਾਮਲ ਵਿਰੋਧੀ ਧਿਰ ਦੇ ਵੱਡੇ ਨੇਤਾ ਆਪਣੇ ਰੋਣਹਾਕੇ ਬਣਾਏ ਚਿਹਰਿਆਂ ਪਿਛੇ ਆਪਣੀ ਅਸਲੀ ਖ਼ੁਸ਼ੀ ਲੁਕਾ ਸਕਣ ਤੋਂ ਅਸਮਰਥ ਲਗਦੇ ਸਨ। ਮੁਫਤ ਬੱਸ ਸੇਵਾ ਤੇ ਬਿਨਾਂ ਟਿਕਟ ਗੱਡੀਆਂ ਚਲਾ ਕੇ ਭਲਾ ਕਿਹੜੀ ਸਰਕਾਰ ਇਸ ਤੋਂ ਵੀ ਵੱਡੀ ਮਾਤਮੀ ਭੀੜ ਇਕੱਠੀ ਨਹੀਂ ਕਰ ਸਕਦੀ ? ਭਲਾ ਐਮਰਜੇਸੀ ਦੀ ਮਾਰ ਹੇਠ ਆਇਆ ਕੋਈ ਵੀ ਸਖ਼ਸ਼ ਦਿਲੋਂ ਖੁਸ਼ ਹੋਏ ਬਿਨਾਂ ਰਹਿ ਸਕਦਾ ਹੈ ? 'ਦੁਸ਼ਮਣ ਮਰਨ ਤਾਂ ਖੁਸ਼ੀ ਨਾ ਕਰੀਏ, ਮਿੱਤਰਾਂ ਵੀ ਮਰ ਜਾਣਾ' ਇਕ ਖੂਬਸੂਰਤ ਫਲਸਫ਼ੀ ਵਿਚਾਰ ਤਾਂ ਹੋ ਸਕਦਾ ਹੈ ਪਰ ਰੋਜ਼ਾਨਾ ਜ਼ਿੰਦਗੀ ਵਿਚ ਜਿਥੇ ਖੁਸ਼ੀ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਜੁੜੀ ਹੋਈ ਹੋਵੇ ਉਥੇ ਭਲਾ ਦੁਸ਼ਮਣ ਦੀ ਮੌਤ ਦੀ ਖੁਸ਼ੀ ਕੌਣ ਨਹੀਂ ਮਨਾਵੇਗਾ ? ਆਪਣੀ ਤੇ ਮਿੱਤਰਾਂ ਦੀ ਮੌਤ ਉਦੋਂ ਕਦੋਂ ਕਿਸੇ ਨੂੰ ਯਾਦ ਹੁੰਦੀ ਹੈ, ਆਦਿ।''

ਅਜਿਹੇ ਬੁਧੀਜੀਵੀਆਂ ਦੀ ਸਮਝ ਅਨੁਸਾਰ ਸੰਜੇ ਗਾਂਧੀ ਇਕ ਅਜਿਹੇ 'ਗੁਬਾਰੇ' ਤੋਂ ਵੱਧ ਕੁਝ ਵੀ ਨਹੀਂ ਸੀ ਜਿਸ ਨੂੰ ਬਹੁਤ ਸਾਰੇ ਸਰਕਾਰੀ ਤੇ ਗ਼ੈਰ-ਸਰਕਾਰੀ ਹਲਕਿਆਂ ਤੋਂ ਮਿਲੀ 'ਹਵਾ' ਨੇ ਸਿਆਸੀ ਅਸਮਾਨ ਵਿਚ ਉਚਾ ਚੜ੍ਹਾਅ ਦਿੱਤਾ ਸੀ। ਇਹ ਹਲਕੇ ਸਨ : ਖੁਦ ਇੰਦਰਾ ਗਾਂਧੀ, ਧਨਾਢਾਂ ਦੀਆਂ ਥੈਲੀਆਂ ਤੇ ਮਾਸ ਮੀਡੀਆ (ਅਖ਼ਬਾਰ, ਰੇਡੀਓ, ਟੈਲੀਵੀਜਨ ਆਦਿ)। ਇਸ ਵਿਚ ਸਭ ਤੋਂ ਵੱਡਾ ਰੋਲ ਰਾਜ-ਸਰਕਾਰਾਂ ਦੇ ਮੁੱਖ-ਮੰਤਰੀਆਂ ਦਾ ਵਰਤਾਉ ਸੀ ਜੋ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰਖ ਕੇ ਪ੍ਰਧਾਨ ਮੰਤਰੀ ਦੇ ਪੁੱਤਰ ਨੂੰ ਹਜ਼ਾਰਾਂ ਲੱਖਾਂ ਦੀ ਭੀੜ ਇਕੱਠੀ ਕਰ ਕੇ ਖ਼ੁਸ਼ ਕਰਨ ਦੀ ਮੁਕਾਬਲੇ ਦੀ ਦੌੜ ਦੌੜ ਰਹੇ ਸਨ। ਸੰਜੇ ਗਾਂਧੀ ਦੇ ਪਿੱਛੇ ਉਸ ਦੀ ਮਾਂ ਦੇ 'ਚਮਤਕਾਰੀ ਹੱਥ' ਨੂੰ ਅਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਸਲ ਵਿਚ ਉਹ ਆਪ ਕੁਝ ਵੀ ਨਹੀਂ ਸੀ। ਉਸ ਦੀ 'ਆਪਣੀ ਸ਼ਖ਼ਸੀਅਤ' ਐਵੇਂ ਨਾਂ-ਮਾਤਰ ਸੀ।

ਦੂਸਰੀ ਧਿਰ ਵੀ 'ਸੰਜੇ ਵਰਤਾਰੇ' ਬਾਰੇ ਆਪਣੇ ਮੁਲਾਂਕਣ ਉਪਰ ਜੇਕਰ ਵਧੇਰੇ ਨਹੀਂ ਤਾਂ ਇਕੋ ਜਿੰਨੀ ਹੀ ਡਟੀ ਹੋਈ ਪ੍ਰਤੀਤ ਹੁੰਦੀ ਹੈ। ਇਸ ਧਿਰ ਵਿਚ ਸਾਧਾਰਨ ਲੋਕਾਂ ਤੋਂ ਲੈ ਕੇ ਪ੍ਰਸਿਧ ਅਖ਼ਬਾਰਾਂ ਦੇ ਐਡੀਟਰ, ਪਾਰਲੀਮੈਂਟ ਦੇ ਮੈਂਬਰ ਤੇ ਸਿਰਕੱਢ ਸਨਅਤਕਾਰ ਸ਼ਾਮਿਲ ਹਨ। ਉਨ੍ਹਾਂ ਅਨੁਸਾਰ ਸੰਜੇ ਗਾਂਧੀ ਦੀ ਮੌਤ 1947 ਤੋਂ ਬਾਅਦ ਭਾਰਤ ਦੀ ਤਕਦੀਰ ਨੂੰ ਲੱਗਾ ਸਭ ਤੋਂ ਵੱਡਾ ਧੱਕਾ ਸੀ। ਉਸ ਦਾ ਜਨਾਜ਼ਾ ਦੁਖ, ਬੇਵਸੀ ਤੇ ਮਾਤਮ ਦਾ ਇਕ ਅਥਾਹ ਹੜ੍ਹ ਸੀ। ਸ਼ਾਇਦ ਹੀ ਐਨੀ ਛੋਟੀ ਉਮਰ ਵਿਚ ਭਾਰਤ ਦੇ ਕਿਸੇ ਹੋਰ ਨੇਤਾ ਨੂੰ ਐਨੇ ਸਾਧਾਰਨ ਲੋਕਾਂ ਦਾ, ਤੇ ਖ਼ਾਸ ਕਰ ਪਛੜੀਆਂ ਸ਼੍ਰੇਣੀਆਂ ਦੇ ਨੌਜਵਾਨਾਂ ਦਾ ਪਿਆਰ ਪ੍ਰਾਪਤ ਹੋਇਆ ਹੋਵੇ। ਸੰਜੇ ਦੇ ਇਕ ਨਜ਼ਦੀਕੀ ਪੱਤਰਕਾਰ ਅਨੁਸਾਰ ਸੰਜੇ ਦੀ ਮੌਤ ਨਾਲ ਯਕੀਨਨ ਹੀ ਭਾਰਤ ਦਾ ਭਵਿਖ ਖ਼ਤਰਿਆਂ-ਭਰਿਆ ਬਣ ਗਿਆ ਹੈ। ਇਕ ਹੋਰ ਪੱਤਰਕਾਰ ਅਨੁਸਾਰ ਗਾਂਧੀ ਜੀ ਤੋਂ ਬਾਅਦ ਪਿਛਲੇ ਸਠ ਸਾਲਾਂ ਵਿਚ ਭਾਰਤੀ ਸਿਆਸਤ ਵਿਚ ਸੰਜੇ ਹੀ ਆਪਣੀ ਕਿਸਮ ਦੀ ਇਕ ਜਾਦੂਮਈ ਤੇ ਧਮਾਕੇ ਵਾਲੀ ਸ਼ਖਸੀਅਤ ਬਣ ਕੇ ਉਭਰਿਆ ਸੀ। ਇਸ ਧਿਰ ਅਨੁਸਾਰ ਇਹ ਗੱਲ ਕਹੀ ਜਾਣਾ ਕਿ ਲੋਕਾਂ ਦੇ ਦਿਲਾਂ ਤੇ ਕਲਪਨਾ



ਵਿਚ ਸੰਜੇ ਪ੍ਰਤੀ ਕੋਈ ਖਿੱਚ ਨਹੀਂ ਸੀ ਤੇ ਪੇਂਡੂ ਭਾਰਤ ਦੇ ਸਾਰੇ ਲੋਕ ਉਸ ਦੇ ਭਾਸ਼ਣਾਂ ਸਮੇਂ ਮਲੋ-ਮੱਲੀ ਟਰੱਕਾਂ-ਟਰਾਲੀਆਂ ਤੇ ਗੱਡੀਆਂ ਬੱਸਾਂ ਉਪਰ ਲੱਦ ਕੇ ਲਿਆਂਦੇ ਜਾਂਦੇ ਸਨ (ਕਾਰਨ ? ਸਟੇਟ ਉਸ ਨੂੰ ਭਵਿਖ ਦਾ ਨੇਤਾ ਬਨਾਉਣ ਉਪਰ ਤੁਲੀ ਹੋਈ ਸੀ) ਅਤੇ ਇਹ ਗੱਲ ਦੁਹਰਾਈ ਜਾਣਾ ਕਿ ਉਸ ਦੇ ਹਰਮਨ ਪਿਆਰਾ ਹੋਣ ਦੀ ਗੱਲ ਨਿਰੀ 'ਮਾਸ ਮੀਡੀਆ' ਤੇ ਸੂਬਾਈ ਸਿਆਸਤ ਦੇ ਘਾਊ-ਘੱਪ ਖੁਦਗਰਜ਼ਾਂ ਦੀ ਕਾਵਾਂ-ਰੌਲੀ ਦੁਆਰਾ ਰਚਿਆ ਹੋਇਆ ਇਕ ਫਰਾਡ ਸੀ, ਮਨ ਲੱਗਣ ਵਾਲੀਆਂ ਦਲੀਲਾਂ ਨਹੀਂ ਹਨ। ਪੱਤਰਕਾਰਾਂ ਦੇ ਉਪਰਲੇ ਇਹ ਦੋ ਪ੍ਰਤੀਕਰਮ 'ਹਾਥੀ ਦੇ ਪੈਰ ਵਿਚ ਸਭ ਦੇ ਪੈਰ' ਵਾਲੀ ਗੱਲ ਹੈ।

ਸਾਡੀ ਸਮਝ ਅਨੁਸਾਰ 'ਸੰਜੇ ਵਰਤਾਰੇ' ਨੂੰ ਸਮਝਣ ਲਈ ਇਤਿਹਾਸਕ ਪ੍ਰਸੰਗ ਦਾ ਵੇਰਵਾ ਬਹੁਤ ਜ਼ਰੂਰੀ ਹੈ। ਐਮਰਜੰਸੀ ਤੋਂ ਲੈ ਕੇ 1980 ਦੀਆਂ ਚੋਣਾਂ ਤਕ ਭਾਵ ਕੁਲ ਪੰਜਾਂ ਸਾਲਾਂ ਦੇ ਅਰਸੇ ਵਿਚ ਹੀ ਕਾਂਗਰਸ ਦੀ ਇਕ ਪੂਰੀ ਦੀ ਪੂਰੀ ਪੁਰਾਣੀ ਪੀੜ੍ਹੀ ਨੂੰ ਨੌਜਵਾਨਾਂ ਨੇ ਧੱਕ ਕੇ ਕੁਰਸੀਆਂ ਤੋਂ ਲਾਂਭੇ ਕਰ ਦਿੱਤਾ ਹੈ। ਜਾਂ ਇੰਜ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਉਸ ਪੀੜ੍ਹੀ ਦੇ ਨੇਤਾਵਾਂ ਦੇ ਰੋਹਬ-ਦਾਬ, ਉਨ੍ਹਾਂ ਦੀ ਸਿਆਸੀ ਧੌਂਸ ਦੇ ਬੈਠੇ ਸਿੱਕੇ ਨੂੰ ਵੱਡੀ ਆਂਚ ਲਾਈ ਹੈ। (ਇਕ ਅੰਦਾਜ਼ੇ ਅਨੁਸਾਰ ਨਵੀਂ ਪੀੜ੍ਹੀ ਦੇ ਇਨ੍ਹਾਂ ਨੌਜਵਾਨਾਂ ਦੀ ਗਿਣਤੀ ਲੋਕ ਸਭਾ ਵਿਚ 100 ਤੇ ਰਾਜ-ਸਭਾਵਾਂ ਵਿਚ 600 ਦੇ ਕਰੀਬ ਹੈ) ਅਜ ਇਹ ਗੱਲ ਆਮ ਪ੍ਰਚਲਤ ਹੋ ਰਹੀ ਹੈ ਕਿ ਪੁਰਾਣੀ ਪੀੜ੍ਹੀ, ਇਹ ਸਤਰੇ-ਬਹੱਤਰੇ ਲੋਕ ਕੁਝ ਵੀ ਨਵਾਂ ਕਰ ਸਕਣ ਦੇ ਕਾਬਲ ਨਹੀਂ ਹਨ। ਇਸ ਸਿਆਸੀ ਵਰਤਾਰੇ ਦੀਆਂ ਜੜ੍ਹਾਂ ਇਕ ਹੋਰ ਇਤਿਹਾਸਕ ਪ੍ਰਕ੍ਰਿਆ ਵਿਚ ਵੀ ਹਨ। ਉਹ ਕੀ ਹੈ ?

ਭਾਰਤ ਵਿਚ 1947 ਤੋਂ ਬਾਅਦ ਸਰਮਾਏਦਾਰੀ ਦੇ ਵਿਕਾਸ ਦਾ ਅਮਲ ਤੇਜ਼ੀ ਨਾਲ ਸ਼ੁਰੂ ਹੋਇਆ। ਪਲੈਨਾਂ ਬਣੀਆਂ, ਧੜਾ ਧੜ ਸਰਮਾਇਆ ਲੱਗਿਆ। ਕਾਰਖਾਨੇ ਉਸਰੇ, ਬੈਂਕਾਂ ਆਫਰੀਆਂ, ਸੜਕਾਂ ਰੇਲਾਂ ਦੇ ਜਾਲ ਵਿਛੇ, ਫ਼ੌਜਾਂ ਵਧੀਆਂ, ਖੇਤੀਬਾੜੀ ਵਿਚ ਨਵਾਂ ਦੌਰ ਸ਼ੁਰੂ ਕਰਨ ਦੀਆਂ ਸੋਚਾਂ ਬਣੀਆਂ ਤੇ ਇਸ ਸਭ ਕਾਸੇ ਦਾ ਮਤਲਬ ਸੀ : ਨਵੇਂ ਕਿੱਤੇ ਪੈਦਾ ਹੋਏ, ਦਰਜਾ-ਬ-ਦਰਜੀ ਵਾਲੇ ਨਵੇਂ ਡੀਪਾਰਮੈਂਟ ਤੇ ਔਹਦੇ ਪੈਦਾ ਹੋਏ ਤੇ ਇਨ੍ਹਾਂ ਉਪਰ ਡੱਟ ਜਾਣ ਵਾਲੀ ਨੌਜਵਾਨ ਪੀੜ੍ਹੀ ਦੀ ਬਹੁ-ਸੰਮਤੀ ਨੂੰ ਆਪਣੀ ਤਰੱਕੀ ਦੇ ਅਤੇ ਆਪਣੇ ਸੁਪਨਿਆਂ ਦੀ ਪੂਰਤੀ ਦੇ ਦਰਵਾਜ਼ੇ ਇਕ ਅਜੀਬ ਸਵਰਗ (ਗੁਫ਼ਾ ?) ਵਲ ਖੁਲ੍ਹਦੇ ਪ੍ਰਤੀਤ ਹੋਏ। ਪਰ ਜਿਸ ਸਿਆਸੀ ਲੀਡਰਸ਼ਿਪ ਦੀ ਅਗਵਾਈ ਹੇਠ ਇਹ ਵਿਕਾਸ ਸ਼ੁਰੂ ਹੋਇਆ ਸੀ ਐਮਰਜੰਸੀ ਨੇ ਉਸ ਨੂੰ ਇਕ ਨਵੇਂ ਮੋੜ ਉਪਰ ਲਿਆ ਖਲ੍ਹਾਰਿਆ। ਪੁਰਾਣੀਆਂ ਆਦਤਾਂ ਵਾਲੀ, ਆਜ਼ਾਦੀ ਦੀ ਲਹਿਰ ਵਿਚ ਕਮਾਈ ਪੁਰਾਣੀ ਭੱਲ ਦੇ ਆਸਰੇ ਜੀਊਣ ਵਾਲੀ ਲੀਡਰਸ਼ਿਪ ਕੁਨਬਾ-ਪਰਵਰੀ, ਕੁਰੱਪਸ਼ਨ, ਆਪਣੀ ਢਿੱਲੜਤਾ ਤੇ ਨਿਕੰਮਪੁਣੇ (inefficiency) ਕਾਰਨ ਇਸ ਢਾਂਚੇ ਨੂੰ ਅਗਾਂਹ ਖੜ੍ਹਦੀ ਖੜ੍ਹਦੀ ਖੁਦ ਹੀ ਹੁਣ ਇਸ ਉਪਰ ਭਾਰ ਬਣ ਗਈ ਸੀ। ਇਥੋਂ ਤਕ ਕਿ ਇਸ ਨੂੰ ਆਪਣੇ ਹੇਠ ਇਸ ਗਲ ਸੜ ਰਹੇ ਢਾਂਚੇ ਦੀ ਸੜ੍ਹਾਂਦ ਤਕ ਦੀ ਵੀ ਉੱਘ-ਸੁੱਘ ਨਹੀਂ ਸੀ।

1947-77 ਤਕ ਦੇ ਤਿੰਨ ਦਹਾਕਿਆਂ ਵਿਚ ਭਾਰਤੀ ਸਰਮਾਏਦਾਰੀ ਢਾਂਚੇ ਦੀ ਚੜ੍ਹਤ ਦੇ ਸਮੇਂ ਇਕ ਪੂਰੀ ਦੀ ਪੂਰੀ ਪੀੜ੍ਹੀ ਭਰ ਜਵਾਨ ਹੋਈ ਹੈ ਜਿਸ ਦੀਆਂ ਰਗਾਂ ਵਿਚ ਇਸ ਢਾਂਚੇ ਦੀ ਚੜ੍ਹਤ ਦੇ ਵੇਗ ਦਾ ਖੂਨ ਦੌੜਦਾ ਹੈ, ਉਨ੍ਹਾਂ ਦੀਆਂ ਖਾਹਿਸ਼ਾਂ ਤੇ ਸੁਪਨਿਆਂ ਵਿਚ ਆਪਣੇ ਵਡੇ-ਵਡੇਰਿਆਂ ਨਾਲੋਂ ਵੀ ਦਰਜਾ-ਬ-ਦਰਜੀ ਵਿਚ ਉਪਰ ਚੜ੍ਹਨ ਤੇ ਕੁਝ ਬਣਨ ਦੀ ਤਮੰਨਾ ਤੇ ਜਜ਼ਬਾ ਹੈ। ਪਰ

ਇਨ੍ਹਾਂ ਖ਼ਾਹਿਸ਼ਾਂ ਤੇ ਸੁਪਨਿਆਂ ਨੂੰ ਪੂਰਾ ਕਰਨ ਵਾਲਾ ਪਦਾਰਥਕ ਆਧਾਰ ਖੋਖਲਾ ਹੋਇਆ ਪਿਆ ਹੈ। ਹਰ ਪਾਸੇ ਡੌਬਾ ਸੋਕਾ ਹੈ।

ਜਦ ਵੀ ਜਮਾਤਾਂ ਦੀ ਜਦੋ-ਜਹਿਦ ਦੇ ਨਤੀਜੇ ਵਜੋਂ ਸਿਆਸੀ ਤਾਕਤਾਂ ਦੇ ਤੋਲ ਤੋਂ ਪੈਦਾ ਹੋਇਆ ਇਕ 'ਸਿਆਸੀ ਪਾੜਾ' ਪੁਰਾਣੀ ਪੀੜ੍ਹੀ ਦੀ ਲੀਡਰਸ਼ਿਪ ਨੂੰ ਤੇ ਉਸ ਦੇ ਪ੍ਰਬੰਧਕੀ ਅਮਲੇ ਨੂੰ 'ਸਮੇਂ ਦਾ ਹਾਣੀ' ਹੋਣ ਦੇ ਉਨ੍ਹਾਂ ਦੇ ਦਾਹਵੇ ਨੂੰ ਖੋਖਲਾ ਸਿੱਧ ਕਰ ਦਿੰਦਾ ਹੈ ਤਾਂ ਕਲ੍ਹ ਦੇ ਉਹ ਵੱਡੇ ਵੱਡੇ ਘੁਲਾਟੀਏ ਸਿਆਸਤਦਾਨ ਲੋਕਾਂ ਅੱਗੇ ਆਪਣੀ 'ਵਿਚਾਰਧਾਰਕ-ਭਰਮ ਸ਼ਖ਼ਸੀਅਤ' ਦਾ ਪਹਿਰਾਵਾ ਉਤਾਰ ਆਪਣੇ ਅਸਲੀ ਕੱਦ-ਕਾਠ, ਆਪਣੀਆਂ ਅਸਲੀ ਕਮਜ਼ੋਰੀਆਂ ਤੇ ਬੇਬਸੀਆਂ ਸਮੇਤ ਹੁਣ ਨੰਗੇ ਹੋਣ ਲੱਗਦੇ ਹਨ। ਇਸ 'ਸਿਆਸੀ ਪਾੜੇ' ਦਾ ਅਨੁਭਵ ਲੋਕਾਂ ਦੀ ਦੇਖਣ-ਸ਼ਕਤੀ (perception) ਨੂੰ ਤੀਜੀ ਅੱਖ ਬਖਸ਼ਦਾ ਹੈ ਤੇ ਹੁਣ ਉਹ ਉਸ ਸੱਚ ਨੂੰ ਦੇਖਣ, ਸਮਝਣ ਤੇ ਪਰਖਣ ਦੇ ਕਾਬਲ ਹੋ ਜਾਂਦੇ ਹਨ ਜਿਹੜਾ ਪਹਿਲਾਂ ਉਨ੍ਹਾਂ ਨੂੰ ਜਾਂ ਤਾਂ ਦਿਖਾਈ ਹੀ ਨਹੀਂ ਸੀ ਦਿੰਦਾ ਤੇ ਜਾਂ ਉਹ ਉਸ ਦੀ ਹੋਂਦ ਵਿਚ ਪਹਿਲਾਂ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਸਨ। ਇਸ ਮੌਕੇ ਨਵਾਂ ਖ਼ੂਨ, ਨਵੀਂ ਉਭਰ ਰਹੀ ਤਾਕਤ ਇਸ ਖੱਪੇ ਨੂੰ ਪੂਰਨ ਲਈ ਅੱਗੇ ਵਧਦੀ ਹੈ। ਇਹ ਤਾਕਤ ਆਪਣੇ ਆਪ ਨੂੰ ਹੌਂਸਲਾ ਤੇ ਧੀਰਜ ਬੰਨ੍ਹਾਉਣ ਲਈ ਪੁਰਾਣਿਆਂ ਦੀਆਂ ਖ਼ਾਮੀਆਂ ਤੇ ਸੀਮਾਵਾਂ ਵਿਚੋਂ ਆਪਣੀ ਇਤਿਹਾਸਕ ਲੋੜ ਦਾ ਰੈਸ਼ਨੇਲ ਘੜਦੀ ਹੈ। ਹੁਣ ਇਸ 'ਸਿਆਸੀ ਪਾੜੇ' ਤੋਂ ਅਗਲਾ ਪੜਾਅ ਸਿਆਸੀ ਤਾਕਤ ਦੀ ਹਥੋ ਹੱਥ ਤਬਦੀਲੀ ਦਾ ਪੜਾਅ ਬਣ ਜਾਂਦਾ ਹੈ।

ਪਰ ਸਿਆਸੀ ਤਾਕਤ ਦੀ ਇਹ ਤਬਦੀਲੀ ਇਕ ਜਮਾਤ ਤੋਂ ਦੂਸਰੀ ਜਮਾਤ ਦੇ ਹੱਥ ਵਿਚ ਹੋਣੀ ਹੈ ਜਾਂ ਪਹਿਲਾਂ ਦੀਆਂ ਭਾਰੂ ਜਮਾਤਾਂ ਦੀ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਵਲ ਹੋਣੀ ਹੈ? ਇਸ ਸਵਾਲ ਦਾ ਜਵਾਬ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ 'ਸਿਆਸੀ ਪਾੜੇ' ਤੋਂ ਪਹਿਲਾਂ ਦੇ ਗੁਜ਼ਰੇ ਸਾਲਾਂ ਵਿਚ ਖੱਬੇ-ਪੱਖੀ ਸ਼ਕਤੀਆਂ ਦਾ ਵਿਕਾਸ ਕਿੰਜ ਹੋਇਆ ਹੈ ਜਾਂ ਇੰਜ ਕਹੋ ਕਿ ਉਪਰਲੀਆਂ ਜਮਾਤਾਂ ਦੇ ਨੌਜਵਾਨਾਂ ਦੀ ਉਭਰਦੀ ਤਾਕਤ ਦੇ ਸਮਾਂਨੰਤਰ ਲੁਟੀਂਦੀਆਂ ਜਮਾਤਾਂ ਦੇ ਨੌਜਵਾਨਾਂ ਦੀ ਉਭਰਦੀ ਵਿਚਾਰਧਾਰਕ ਤੇ ਜਥੇਬੰਦਕ ਤਾਕਤ ਕਿਥੇ ਕੁ ਪਹੁੰਚੀ ਹੈ? ਇਹ ਦੋ ਵਿਰੋਧੀ ਜਵਾਨ ਤਾਕਤਾਂ ਕਿਤੇ ਵਿਚਾਰਧਾਰਕ ਘਚੋਲੇ ਕਾਰਨ ਆਪਣੇ ਆਪ ਨੂੰ ਇਕ ਹੀ ਲੀਡਰਸ਼ਿਪ ਹੇਠ ਮਿਲ ਕੇ ਉਭਰਨ ਵਾਲੀ ਇਕ ਹੀ ਜਵਾਨ ਤਾਕਤ ਤਾਂ ਨਹੀਂ ਸਮਝ ਬੈਠੀਆਂ? ਇਸ ਉਭਰ ਰਹੀ ਨੌਜਵਾਨ ਤਾਕਤ ਪਿਛੇ ਕਿਹੜੇ ਨੌਜਵਾਨ ਹਨ? ਇਕ ਜਾਣਕਾਰ ਅਨੁਸਾਰ ਇਨ੍ਹਾਂ ਅਸੈਂਬਲੀ ਚੋਣਾਂ ਵਿਚ ਯੂ. ਪੀ., ਮਹਾਂਰਾਸ਼ਟਰ ਤੇ ਰਾਜਸਥਾਨ ਵਿਚ ਉਭਰੇ ਇਹ ਨੌਜਵਾਨ ਧਨੀ ਕਿਸਾਨਾਂ, ਸੇਠਾਂ, ਪੁਰਾਣੇ ਨਵਾਬਾਂ ਤੇ ਰਜਵਾੜਿਆਂ ਦੇ ਪੁਤਰ ਧੀਆਂ ਹਨ। ਆਪਣੀ ਜਮਾਤੀ ਵਿਚਾਰਧਾਰਾ ਨਾਲ ਲੋਤ ਪੋਤ ਇਨ੍ਹਾਂ ਲੋਕਾਂ ਨੇ ਹੇਠਲੀਆਂ ਜਮਾਤਾਂ ਦੇ ਨੌਜਵਾਨਾਂ ਨੂੰ ਵੀ ਆਪਣੀ ਰੰਗਣ ਵਿਚ ਰੰਗ ਲਿਆ ਹੈ ਤੇ ਦੇਸ਼ ਅੱਗੇ ਪੇਸ਼ ਸਾਰੇ ਮਸਲਿਆਂ ਦਾ ਹੱਲ ਆਪਣੇ ਹੱਥ ਤਾਕਤ ਆਉਣ ਨੂੰ ਦੱਸਿਆ ਜਾ ਰਿਹਾ ਹੈ। ਜਿਸ ਸਰਮਾਏਦਾਰੀ ਪ੍ਰਬੰਧ ਨੇ ਆਪਣੇ ਵੇਗ ਨਾਲ ਇਸ ਪੀੜ੍ਹੀ ਦੀ ਬਹੁ-ਸੰਮਤੀ ਨੂੰ ਭਰਿਆ ਹੈ, ਉਹੀ ਸਰਮਾਏਦਾਰੀ ਪ੍ਰਬੰਧ ਪਛੜਿਆ ਹੋਇਆ ਦੇਸ਼ ਹੋਣ ਕਾਰਨ ਇਸ ਪੀੜ੍ਹੀ ਦੀਆਂ ਆਸਾਂ ਤੇ ਸੁਪਨਿਆਂ ਦੀ ਪੂਰਤੀ ਕਰਾਉਣ ਤੋਂ ਅਸਮਰੱਥ ਹੈ। ਇਹ ਗੱਲ ਕੁਦਰਤੀ ਹੈ ਕਿ ਸਰਮਾਏਦਾਰੀ ਪ੍ਰਬੰਧ ਦੇ ਵੇਗ ਵਿਚ ਬੱਧੀ ਇਸ ਪੀੜ੍ਹੀ ਦੀ ਬਹੁ-ਸੰਮਤੀ ਇਸ ਅਸਮਰੱਥਾ ਨੂੰ ਸਰਮਾਏਦਾਰੀ ਪ੍ਰਬੰਧ ਦੇ ਰਾਹ ਦੀ ਅਸਮਰੱਥਾ ਸਮਝਣ-ਸਮਝਾਉਣ ਦੀ ਬਜਾਏ ਇਸ ਨੂੰ ਪੁਰਾਣੀ ਪੀੜ੍ਹੀ ਦੇ



ਸਿਆਸਤਦਾਨਾਂ ਦੀ ਅਸਮਰੱਥਾ ਤੇ ਨਿਕਮਪੁਣਾ ਸਮਝੇ ਤੇ ਇੰਜ ਉਨ੍ਹਾਂ ਨੂੰ ਬਾ-ਇੱਜ਼ਤ ਤਰੀਕੇ ਨਾਲ ਪਰਾਂਹ ਹਟਾ ਕੇ ਆਪ ਅੱਗੇ ਆਉਣ ਲਈ ਤਰਲੋ-ਮੱਛੀ ਹੋਵੇ।

ਗੱਲਾਂ ਤੇ ਲਾਰਿਆਂ ਤੋਂ ਤੰਗ ਪਈ ਇਸ ਪੀੜ੍ਹੀ ਦਾ ਇਹ ਨਾਹਰਾ ਹੋਣਾ ਕੁਦਰਤੀ ਹੈ: 'ਗੱਲਾਂ ਘੱਟ, ਕੰਮ ਜ਼ਿਆਦਾ।' ਪਰ ਕਿਹੜਾ ਕੰਮ? ਕੀਹਦਾ ਕੰਮ? ਹਾਂ, ਢਾਂਚੇ ਦੇ ਪਲੱਤਣ-ਫਿਰੇ ਸਰੀਰ ਵਿਚ ਨਵਾਂ ਖ਼ੂਨ, ਨਵਾਂ ਜੋਸ਼ ਭਰਨ ਲਈ ਜ਼ਰੂਰੀ ਹੈ ਕਿ ਸਾਰੇ ਨੌਜਵਾਨਾਂ (ਪੀੜ੍ਹੀ ਦੀ ਬਹੁ-ਸੰਮਤੀ ਸਣੇ ਹੇਠਲੀਆਂ ਸ਼੍ਰੇਣੀਆਂ ਦੇ ਨੌਜਵਾਨਾਂ ਦੇ) ਨੂੰ ਜਮਾਤੀ ਦ੍ਰਿਸ਼ਟੀਕੋਨ ਤੋਂ ਵਾਂਝੀ 'ਯੂਥ ਵਿਚਾਰਧਾਰਾ' ਦੇ ਭਰਮ ਵਿਚ ਗ੍ਰਹਿਸਤ ਕੀਤਾ ਜਾਵੇ।

ਪੁਰਾਣੇ ਦੀ ਕੁੱਖ ਵਿਚ ਉਭਰ ਰਹੀਆਂ ਨਵੀਆਂ ਤਾਕਤਾਂ, ਵਿਚਾਰਧਾਰਾਵਾਂ ਦੀ ਸੇਧ ਵਿਚ ਡਟੇ ਮਨੁੱਖਾਂ ਰਾਹੀਂ ਤੇ ਉਨ੍ਹਾਂ ਦੀ ਲੀਡਰਸ਼ਿਪ ਰਾਹੀਂ ਪ੍ਰਗਟ ਹੁੰਦੀਆਂ ਹਨ। ਐਮਰਜੰਸੀ ਤੋਂ ਪਹਿਲਾਂ ਹੀ ਇਹ ਤਾਕਤਾਂ ਹੋਂਦ ਵਿਚ ਆ ਚੁਕੀਆਂ ਸਨ। ਸੰਜੇ ਗਾਂਧੀ ਦੇ ਹਿਮਾਇਤੀਆਂ ਵਿਚੋਂ ਬਹੁਤ ਸਾਰੇ ਉਸ ਤੋਂ ਕੋਈ 5–7 ਸਾਲ ਪਹਿਲਾਂ ਦੇ ਸਿਆਸਤ ਵਿਚ ਸਰਗਰਮ ਸਨ। ਇਹ ਸਨ ਉਹ ਲੋਕ ਜੋ ਬਾਅਦ ਵਿਚ ਯੂਥ-ਕਾਂਗਰਸ ਵਿਚ ਜੁੜੇ ਤੇ ਜਿੰਨ੍ਹਾਂ ਦੇ ਪੈਰ ਐਮਰਜੰਸੀ ਤੋਂ ਪਹਿਲਾਂ ਪੁਰਾਣੀ ਪੀੜ੍ਹੀ, ਉਹਨਾਂ ਨੂੰ ਛੋਹਰ ਸਮਝ ਕੇ ਕਾਂਗਰਸ ਵਿਚ ਲਗਣ ਨਹੀਂ ਸੀ ਦਿੰਦੀ। ਐਮਰਜੰਸੀ ਨੇ ਕੇਵਲ ਇਸ ਤੁਰੀ ਆਉਂਦੀ ਕਾਂਗਰਸ ਪਾਰਟੀ ਦੀ ਬਹੁ-ਸੰਮਤੀ ਲੀਡਰਸ਼ਿਪ ਨੂੰ ਚਾਲੋਂ ਉਖੜੀ ਤੇ ਥੱਕੀ ਹੀ ਕਰਾਰ ਨਹੀਂ ਦਿੱਤਾ ਸਗੋਂ ਅਸਲੋਂ ਹੀ ਇਕ ਨਵੀਂ ਕਿਸਮ ਦੀ ਕਾਂਗਰਸ ਪਾਰਟੀ ਤੇ ਪਾਰਟੀ ਹਮਦਰਦਾਂ ਦੀ ਲੋੜ ਮਹਿਸੂਸ ਕਰਵਾ ਦਿਤੀ। ਇਕ ਅਸਲੋਂ ਹੀ ਨਵੀਂ ਕਿਸਮ ਦੇ ਪ੍ਰਬੰਧਕੀ ਢਾਂਚੇ ਦੀ ਵੀ ਜਿਸ ਵਿਚ ਉਪਰ ਤੋਂ ਲੈ ਕੇ ਹੇਠਾਂ ਤਕ ਸਭ ਲੋਕ ਇਕ ਦੂਸਰੇ ਨੂੰ 'ਪ੍ਰਤੀ-ਬੱਧ' ਹੋਣ। ਇਹ ਤਾਕਤਾਂ ਅਜਿਹੇ 'ਲੀਡਰਾਂ' ਦੀ ਭਾਲ ਵਿਚ ਸਨ ਜਿਹੜੇ ਇਨ੍ਹਾਂ ਦੀ ਵਿਚਾਰਧਾਰਕ ਸੇਧ ਵਿਚ ਡੱਟਣ, ਫਿੱਟ ਬੈਠਣ ਤੇ ਹੋਣ ਵੀ ਪਿੱਛੇ ਦੇ ਧੜੱਲੇਦਾਰ।

ਐਮਰਜੰਸੀ ਦੇ ਦੌਰਾਨ ਹੀ ਸੰਜੇ ਗਾਂਧੀ ਨੇ ਇਨ੍ਹਾਂ ਤਾਕਤਾਂ ਦੀ ਗੁੰਗੀ ਤੇ ਤੋਤਲੀ ਜ਼ਬਾਨ ਨੂੰ ਝਿਜਕਦਿਆਂ ਝਿਜਕਦਿਆਂ ਕੁਝ ਕੁ ਸ਼ਬਦ ਦਿਤੇ ਤੇ ਕੁਝ ਕੁ ਨਾਹਰੇ। ਇਕਦਮ ਇਨ੍ਹਾਂ ਤਾਕਤਾਂ ਦੇ ਉਭਰ ਰਹੇ ਸੂਰਜ ਦੀ ਪ੍ਰਤੀਬਿੰਬਤ ਲੋਅ ਨਾਲ ਉਸ ਦਾ ਚੇਹਰਾ ਜਗਮਗਾ ਉਠਿਆ। ਉਸ ਉਪਰ ਲੋਕ-ਮਨਸ ਵਿਚੋਂ ਉਠੀ ਇਸ 'ਅੰਧਾ-ਧੁੰਦ ਲੋਅ' ਦੀ ਬਖਸ਼ੀ ਨਵੀਂ ਸਖਸ਼ੀਅਤ ਦਾ ਪਹਿਰਾਵਾ ਉਭਰ ਆਇਆ। ਹੁਣ ਇਨ੍ਹਾਂ ਤਾਕਤਾਂ ਨੇ ਆਪਣੀਆਂ ਸਾਰੀਆਂ ਅਮੂਰਤ ਖਾਹਿਸ਼ਾਂ ਤੇ ਗੁਣ ਉਸ ਵਿਚ ਭਰਨੇ ਸ਼ੁਰੂ ਕਰ ਦਿਤੇ, ਇਨ ਬਿਨ ਉਸੇ ਪ੍ਰਕਾਰ ਹੀ ਜਿਵੇਂ ਆਦਿ-ਮਨੁੱਖ ਨੇ ਆਪਣੇ ਇਸ਼ਟ, ਆਪਣੇ ਦੇਵਤੇ ਘੜੇ ਸਨ। ਉਂਜ ਹੀ ਇਹ ਤਾਕਤਾਂ ਉਸ ਨੂੰ ਮਸੀਹਾ ਕੂਕ ਕੂਕ ਕੇ ਉਸ ਦੇ ਚਰਨਾਂ 'ਤੇ ਢਹਿ ਪਈਆਂ। ਕਿਥੋਂ ਤਕ ਸੰਜੇ ਗਾਂਧੀ ਨੇ ਇਨ੍ਹਾਂ ਤਾਕਤਾਂ ਦੇ ਅਸਲੀ ਕਿਰਦਾਰ ਨੂੰ ਆਪਣੀ ਸਖਸ਼ੀਅਤ, ਆਪਣੀ ਮਾਨਸਕ ਤੇ ਵਿਚਾਰਧਾਰਕ ਬਣਤਰ ਰਾਹੀਂ ਪ੍ਰਗਟਾਉਣਾ ਸੀ ਤੇ ਇੰਜ ਇਤਿਹਾਸਕ ਤੌਰ 'ਤੇ ਆਪਣੀ ਸ਼ਖਸੀਅਤ ਨੂੰ ਵੀ ਪੂਰੇ ਜਲੌ ਵਿਚ ਲਿਆਉਣਾ ਸੀ—ਘਟਨਾਵਾਂ ਦੀ ਇਹ ਪੀਂਘ ਮੌਤ ਨੇ ਅੱਧ-ਵਿਚਕਾਰੋਂ ਤੋੜ ਦਿੱਤੀ।

ਇੰਜ ਸੰਜੇ ਗਾਂਧੀ ਵਰਤਮਾਨ ਵਿਚ ਕੁਝ ਵੀ ਨਾ ਹੁੰਦਾ ਹੋਇਆ, ਕੁਝ ਵੀ 'ਸ਼ਖਸੀਅਤ' ਨਾ ਰਖਦਾ ਹੋਇਆ ਕੁਝ ਨਾ ਕੁਝ ਜ਼ਰੂਰ ਸੀ—'ਇਕ ਮਹਾਨ ਭਵਿਖ ਦੀ ਭਰਮ ਸੰਭਾਵਨਾ!' (ਮਹਾਨ—ਨਵੀਆਂ ਉਭਰ ਰਹੀਆਂ ਤਾਕਤਾਂ ਦੇ ਦ੍ਰਿਸ਼ਟੀਕੋਨ ਤੋਂ) ਉਹ ਨਵੀਂ ਇਤਿਹਾਸਕ ਪ੍ਰਕ੍ਰਿਆ ਦੇ ਮੁੱਢ-ਬੱਝਣ ਵੇਲੇ ਦੀ ਅਮੂਰਤ ਤਸਵੀਰ ਸੀ ਜਿਸ ਨੇ ਅਸਲੀ ਤਾਕਤਾਂ

(ਆਪਣੀਆਂ ਤੇ ਵਿਰੋਧੀਆਂ ਦੀਆਂ) ਦਾ ਸਾਹਮਣਾ ਕਰ ਕੇ ਅਜੇ ਜਲੌ ਵਿਚ ਆਉਣਾ ਸੀ (ਜੀਊਂਦੇ ਰਹਿ ਕੇ ਉਸ ਨੇ ਜਲੌ ਵਿਚ ਆਉਣਾ ਵੀ ਸੀ ਜਾਂ ਨਹੀਂ, ਇਹ ਸੰਭਾਵਨਾ ਖੁਲ੍ਹੀ ਸੀ) ਮੁਕਦੀ ਗੱਲ ਉਸ ਦਾ ਮੁਲਾਂਕਣ ਅਜਿਹੇ ਅਮੂਰਤ ਆਕਾਰ ਵਾਂਗ ਹੈ ਜਿਸ ਦੇ ਅਸਲੀ ਅਰਥ-ਭਾਵ ਉਸ ਵਿਚੋਂ ਉਘੜਨ ਦੀ ਬਜਾਏ ਵਧੇਰੇ ਉਸ ਪਿੱਠ-ਭੂਮੀ ਵਿਚੋਂ ਉਘੜਦੇ ਹਨ ਜਿਸ ਵਿਚ ਰਖ ਕੇ ਦੇਖਣ ਵਾਲੇ ਉਸ ਨੂੰ ਦੇਖਦੇ ਹਨ। ਕਈਆਂ ਨੂੰ ਉਸ ਵਿਚ ਮਹਾਨ ਨੇਤਾ ਨਜ਼ਰ ਆਉਂਦਾ ਹੈ ਜੋ ਉਸ ਨੂੰ ਆਪਣੇ ਤਸੱਵਰ ਕੀਤੇ ਭਵਿੱਖ ਦੇ ਅਕਸ ਵਿਚ ਵੇਖਦੇ ਹਨ ਤੇ ਕਈਆਂ ਨੂੰ ਜੋ ਉਸ ਨੂੰ ਭੂਤ ਤੇ ਵਰਤਮਾਨ ਵਿਚ ਵੇਖਦੇ ਹਨ, ਉਹ ਬੇਗਾਨੀ ਹਵਾ ਦੇ ਜ਼ੋਰ ਨਾਲ ਉਭਰੀ ਗੁਬਾਰਾ-ਨੁਮਾ ਹਸਤੀ ਪ੍ਰਤੀਤ ਹੁੰਦਾ ਹੈ।

'ਸੰਜੇ ਦੇ ਵਰਤਾਰੇ' ਨੂੰ ਇਕ ਹੋਰ ਵਰਤਾਰੇ ਨਾਲ ਜੋੜਣ ਨਾਲ ਗੱਲ ਕੁਝ ਸਪਸ਼ਟ ਹੋ ਸਕਦੀ ਹੈ। ਪਿਛੇ ਜੇਹੇ 'ਟਾਈਮਜ਼ ਆਫ਼ ਇੰਡੀਆ' ਦੇ ਸੰਡੇ ਐਡੀਸ਼ਨ (ਜੂਨ 29, 1980) ਵਿਚ ਦੋ ਬਹੁਤ ਦਿਲਚਸਪ ਲੇਖ ਛਪੇ ਸਨ ਜਿੰਨਾ ਦਾ ਸੰਬੰਧ ਸਾਡੀ ਸਮਝ ਅਨੁਸਾਰ, ਭਾਵੇਂ ਟੇਡੇ ਢੰਗ ਨਾਲ ਹੀ, 'ਸੰਜੇ ਵਰਤਾਰੇ' ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿਚੋਂ ਪਹਿਲਾ ਲੇਖ ਭਾਰਤੀ ਫ਼ਿਲਮਾਂ ਵਿਚ ਉਭਰੇ 'ਨਵੇਂ ਹੀਰੋ' ਬਾਰੇ ਹੈ : **No Room For Gentlemen Heroes** ਦੂਸਰਾ ਲੇਖ ਸਾਡੇ ਸਮੇਂ ਦੀ ਭਾਰੂ ਜਨ-ਮਾਨਸਕਤਾ ਬਾਰੇ ਹੈ ਤੇ ਨਾਂ ਹੈ : **We Don't Question Dare or Rebel.**

ਪਹਿਲੇ ਲੇਖ ਅਨੁਸਾਰ ਪਿਛਲੇ 6-7 ਸਾਲਾਂ ਵਿਚ ਸਾਡੇ ਲੋਕਾਂ ਦੇ ਫ਼ਿਲਮੀ ਸਵਾਦ ਬਦਲ ਗਏ ਹਨ (ਜੋ ਉਨ੍ਹਾਂ ਦੀਆਂ ਬਦਲੀਆਂ ਹੋਈਆਂ ਵਿਚਾਰਧਾਰਕ ਕਦਰਾਂ ਵਲ ਇਸ਼ਾਰਾ-ਮਾਤਰ ਹੈ) ਤੇ ਹੁਣ ਉਨ੍ਹਾਂ ਨੂੰ ਪੰਜਾਹਵਿਆਂ ਦਾ ਈਮਾਨਦਾਰੀ ਨਾਲ ਕੰਮ ਕਰਨ ਵਾਲਾ, ਕਾਇਦੇ ਕਾਨੂੰਨ ਅਨੁਸਾਰ ਚਲਣ ਵਾਲਾ, ਆਪਣੀ ਮਿਹਨਤ ਤੇ ਭਵਿੱਖ ਵਿਚ ਆਸ 'ਤੇ ਵਿਸ਼ਵਾਸ ਰਖਣ ਵਾਲਾ ਹੀਰੋ ਖਿੱਚ ਨਹੀਂ ਪਾਉਂਦਾ। ਹੁਣ ਉਹ ਪਰਦੇ ਉਪਰ ਉਸ ਨਾਲ ਆਪਣੇ ਆਪ ਨੂੰ identify ਨਹੀਂ ਕਰਦੇ, ਉਸ ਦੀ ਤਕਦੀਰ ਨਾਲ ਸਾਂਝ ਨਹੀਂ ਪਾਉਂਦੇ, ਆਪਣੀਆਂ ਭਾਵਨਾਵਾਂ ਨੂੰ ਉਸ ਦੇ ਵੇਗ ਵਿਚ ਪ੍ਰਤੀਬਿੰਬਤ ਹੋਇਆ ਨਹੀਂ ਦੇਖਦੇ। ਉਹ ਹੁਣ ਉਨ੍ਹਾਂ ਨੂੰ ਨੇਕ ਪਰ ਲੋਲ੍ਹੜ, ਮੇਹਨਤੀ ਪਰ ਮੂਰਖ ਨਜ਼ਰ ਆਉਂਦਾ ਹੈ ਜਿਵੇਂ ਕਿ ਉਸ ਨੇ ਆਪਣੀ 'ਅਗਿਆਨਤਾ' ਕਾਰਨ ਹੀ ਦੁਨਿਆਂ ਦੇ ਦੁੱਖਾਂ ਦਰਦਾਂ ਦਾ ਸਾਹਮਣਾ ਕਰਨ ਦਾ ਠੇਕਾ ਲੈ ਰਖਿਆ ਹੋਵੇ। ਉਨ੍ਹਾਂ ਦੇ ਸਮੂਹਕ ਮਨੋ-ਵਿਗਿਆਨ (ਭਾਵ ਉਨ੍ਹਾਂ ਦੇ ਵਿਚਾਰਧਾਰਕ ਵਿਸ਼ਵਾਸਾਂ ਵਿਚ) ਅੰਤਾਂ ਦੀ ਤਬਦੀਲੀ ਆ ਗਈ ਹੈ ਤੇ ਇਸ ਸਮੂਹਕ-ਮਨੋਵਿਗਿਆਨ ਨੇ ਇਕ ਹੋਰ ਪਰਕਾਰ ਦੇ ਨਵੇਂ ਹੀਰੋ ਨੂੰ ਜਨਮ ਦਿੱਤਾ ਹੈ। ਇਹ ਨਵਾਂ ਹੀਰੋ ਕਿਹੋ ਜੇਹਾ ਹੈ ?* ਇਸ ਲੇਖਕ ਦੇ ਸ਼ਬਦਾਂ ਵਿਚ :

ਇਹ ਹੀਰੋ ਹੱਟਾ-ਕੱਟਾ ਗੱਭਰੂ ਨੌਜਵਾਨ ਹੈ ਜੋ ਸੀਨਾਜ਼ੋਰੀ ਕਰਦਾ ਹੈ, ਜਿਸ ਦੇ ਪਿਆਰ-ਨਾਟਕ ਪਿਛੇ ਵੀ ਮੁੱਕੇ ਦਾ ਡਰ ਪਰਛਾਵੇਂ ਵਾਂਗ ਲਗਾਤਾਰ ਬਣਿਆ ਰਹਿੰਦਾ ਹੈ। ਉਸ ਦੇ ਪ੍ਰਗਟ ਹੋਣ ਨਾਲ ਹੀ ਸਭ ਕੰਮ ਚੱਲਣ ਲੱਗ ਪੈਂਦੇ ਹਨ ਤੇ ਹਰ ਪਾਸੇ ਹਰਕਤ ਆ ਜਾਂਦੀ ਹੈ। ਉਹ ਆਪਣੇ ਉਦੇਸ਼ (ਸੱਤਾ, 'ਤਨ' ਤੇ ਧਨ) ਦੀ ਪ੍ਰਾਪਤੀ ਲਈ ਪੱਕੇ-ਇਰਾਦੇ ਤੇ ਬਾਹੂ-ਬਲ ਨਾਲ ਅੱਗੇ ਵੱਧਦਾ ਹੈ ਬਿਨਾਂ ਇਸ ਗੱਲ ਦੀ ਪਰਵਾਹ ਕੀਤਿਆਂ ਕਿ ਜੋ ਕੁਝ ਉਹ ਕਰ ਰਿਹਾ ਹੈ ਮਨੁਖੀ ਕਦਰਾਂ ਦੇ ਮਾਪ ਅਨੁਸਾਰ ਠੀਕ ਹੈ ਜਾਂ ਗਲਤ, ਕਾਨੂੰਨ ਦੇ ਅੰਦਰ ਹੈ ਜਾਂ ਕਾਨੂੰਨ ਦੇ ਬਾਹਰ। ਉਹ ਕਦਰਾਂ, ਮਾਪਦੰਡਾਂ ਤੇ ਕਾਨੂੰਨਾਂ ਨੂੰ ਆਪਣੇ ਉਦੇਸ਼ਾਂ ਦੇ ਰੈਸ਼ਨੇਲ ਦੇ ਅਨੁਕੂਲ ਢਾਲਦਾ ਹੈ। ਉਹ ਗਰੀਬ ਅਮੀਰ ਦੇ 'ਝੂਠੇ ਪਾੜੇ' ਤੋਂ ਆਪਣੀ ਤਾਕਤ ਨਾਲ ਉਪਰ ਉਠ ਕੇ ਸਭ ਲਈ ਨਿਆਂ ਕਰਨ ਦਾ ਠੇਕਾ ਲੈਂਦਾ ਹੈ। ਖੁਦ ਹੀ ਸਜ਼ਾ ਦਿੰਦਾ ਹੈ, ਖੁਦ ਹੀ ਬਖਸ਼ਦਾ ਹੈ। ਪਰ ਕਿਹੋ ਜਿਹੀ ਲੋਕ-



ਮਾਨਸਕਤਾ ਇਸ ਹੀਰੋ ਨੂੰ ਜਨਮ ਦਿੰਦੀ ਹੈ ? ਖੂਬਸੂਰਤ ਭਵਿੱਖ ਦੀ ਆਸ ਤੇ ਵਿਸ਼ਵਾਸ ਤੋਂ ਥੱਕ ਚੁਕੀ, ਤੰਗ ਪਈ ਤੇ ਅੱਕ ਚੁਕੀ ਮਾਨਸਕਤਾ। ਉਡੀਕ ਕਰਨ, ਸਬਰ ਤੇ ਧੀਰਜ ਕਰਨ ਤੇ ਆਪਣੇ ਆਪ ਵਿਚ ਵਿਸ਼ਵਾਸ ਪੈਦਾ ਕਰਨ ਦੀ ਸਮਰੱਥਾ ਤੋਂ ਵਾਂਝੀ ਹੋਈ ਮਾਨਸਕਤਾ, ਪਰ ਨਾਲ ਹੀ ਕੂਕ ਕੂਕ ਕੇ ਤਬਦੀਲੀ ਲਈ ਤਰਲੋ-ਮੱਛੀ ਹੋ ਰਹੀ ਮਾਨਸਕਤਾ।** ਐਸੀ ਮਾਨਸਕਤਾ ਨੂੰ ਲਗਾਤਾਰ 'ਮਸੀਹੇ' ਦੀ ਲੋੜ ਰਹਿੰਦੀ ਹੈ ਤੇ ਇਹੀ ਹੈ ਉਹ ਮਾਨਸਕਤਾ ਜਿਸ ਨੇ ਸੱਤ੍ਹਰਵਿਆਂ ਦੇ ਇਸ ਨਵੇਂ ਹੀਰੋ ਨੂੰ ਜਨਮ ਦਿੱਤਾ ਹੈ। ਸੰਜੇ ਗਾਂਧੀ ਦੀ ਚੜ੍ਹਤ ਇਸੇ ਫਿਲਮੀ ਹੀਰੋ ਦਾ ਸਿਆਸਤ ਦੇ ਖੇਤਰ ਵਿਚ ਸਮਾਂਨੰਤਰ ਝਲਕਾਰਾ ਸੀ।

ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਵਿਚਾਰਧਾਰਕ ਜਦੋ-ਜਹਿਦ ਕਰਨੀ ਜਨ-ਸਮੂਹ ਦੀ, ਤੇ ਖਾਸ ਕਰ ਹੇਠਲੇ ਤਬਕੇ ਦੇ ਨੌਜਵਾਨਾਂ ਦੀ ਭਵਿੱਖ ਵਿਚ ਆਸ ਜਗਾਉਣੀ ਤੇ ਉਹਨਾਂ ਦਾ ਵਿਸ਼ਵਾਸ ਬੰਨ੍ਹਾਉਣਾ ਹੈ। ਅਜਿਹੇ ਭਵਿਖ ਵਿਚ ਨਹੀਂ ਜੋ ਦੁਮੇਲ ਵਾਂਗ ਅਗਾਂਹ ਹੀ ਅਗਾਂਹ ਅਣਮਿਥੇ ਸਮੇਂ ਲਈ ਪਕੜ ਤੋਂ ਦੂਰ ਹੁੰਦਾ ਜਾਵੇ **ਸਗੋਂ ਅਜਿਹੇ ਭਵਿਖ ਵਿਚ ਜਿਸ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕੀਤਾ ਜਾ ਸਕਦਾ ਹੋਵੇ।** ਵਿਚਾਰਧਾਰਕ ਜਦੋ-ਜਹਿਦ ਕਰਨ ਤੋਂ ਭਾਵ ਉਸਾਰੂ ਕਦਰਾਂ ਨੂੰ ਆਪਣੇ ਸਭਿਆਚਾਰਕ ਵਿਰਸੇ ਦੇ ਉਸਾਰ ਵਿਚੋਂ ਲਗਾਤਾਰ ਸੰਭਾਲ ਕੇ, ਆਪਣੇ ਪੈਰਾਂ ਹੇਠਲੀ ਜ਼ਮੀਨ, ਜਿਸ ਉਪਰ ਖੜ੍ਹ ਕੇ ਲੜਨਾ ਹੈ, ਨੂੰ ਪੱਕਿਆਂ ਕਰਨਾ ਹੈ। ਅਜਿਹੀ ਵਿਚਾਰਧਾਰਕ ਜਦੋ-ਜਹਿਦ ਤੋਂ ਬਿਨਾਂ, ਦੱਬੇ ਆ ਰਹੇ ਲੋਕਾਂ ਦੀ ਮਾਨਸਕਤਾ ਵਿਚ ਨਾ ਤਾਂ ਸਵੈ-ਵਿਸ਼ਵਾਸ ਤੇ 'ਆਪਣੇ ਹੱਕਾਂ ਦਾ ਸੰਕਲਪ' ਪੈਦਾ ਹੋ ਸਕਦਾ ਹੈ ਤੇ ਨਾ ਹੀ ਉਸ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਸਬਰ ਤੇ ਪੱਕਾ ਇਰਾਦਾ।

ਕੀ ਖੱਬੇ-ਪੱਖੀ ਤਾਕਤਾਂ ਅਜ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਅਜਿਹੀ ਵਿਚਾਰਧਾਰਕ ਜਦੋ-ਜਹਿਦ ਵਿਚ ਲੱਗੀਆਂ ਹੋਈਆਂ ਹਨ ? ਨੌਜਵਾਨਾਂ ਨੂੰ ਵੱਡੇ ਪੈਮਾਨੇ ਉਪਰ ਸ਼ਾਮਿਲ ਕਰ ਕੇ ਕੀ ਉਨ੍ਹਾਂ ਦੀ ਵਿਚਾਰਧਾਰਕ ਤਬਦੀਲੀ ਕਰ ਰਹੀਆਂ ਹਨ ? ਕੀ ਖੱਬੇ-ਪੱਖੀ ਪਾਰਟੀਆਂ ਦੀ 'ਬੁੱਢੀ ਤੇ ਤਜਰਬੇਕਾਰ' ਲੀਡਰਸ਼ਿਪ ਵਿਚ ਵਿਚਾਰਧਾਰਕ ਸਮਸਿਆਵਾਂ ਤੇ ਉਸਾਰ ਦੇ ਮਸਲਿਆਂ 'ਤੇ ਜ਼ੋਰ ਦੇਣ ਦੀ ਯੋਗਤਾ ਹੈ ? ਕੀ ਇਸ ਲਈ ਇਰਾਦਾ ਵੀ ਹੈ ? ਇਹਨਾਂ ਸੁਆਲਾਂ ਨੂੰ ਘੋਖਣਾ ਅਤੇ ਇਹਨਾਂ ਦੇ ਖਾਤਰਖਾਹ ਜੁਆਬ ਲੱਭਣਾ ਸਾਡੇ ਸਭ ਲਈ ਇਕ ਵੰਗਾਰ ਦੀ ਨਿਆਈਂ ਹੈ। ਇਹਨਾਂ ਤੋਂ ਭਜ ਜਾਣਾ ਸਾਡੇ ਨੌਜੁਆਨ ਮਾਰਕਸਵਾਦੀਆਂ ਲਈ ਇਕ ਮੇਹਣੇ ਦੀ ਨਿਆਈ ਹੈ।

—ਅਦਾਰਾ ਸੇਧ

---

* "...the vengeful, defiant, aggressive Amitabh of the screen, the super-hero of the Seventies exists because the people want him, they identify with him. The heroic has been redefined. There's just no room for the gentlemen heroes of the '50s. In almost all his films, the Amitabh hero is aggressive, self-made man, using fierce determination, cool intelligence and deliberate violence to overcome the barriers of class, injustice and oppression, thereby acquiring wealth and power by sheer will power...the audience sympathies are unmistakable, and the hero is the man who defiantly fuses the forbidden and the permitted, the legal and the illegal and the just

and the unjust to get his due from society and control his own destiny. Women have been displaced by a single-minded pursuit of either vengeance or power. Perhap this is some indication that the pre-occupations of the new generation lies ominously in turning their frustrations into anger and anger into resistance and violence. ...When a person becomes a popular public figure, the tendency is to elevate him to a god like position and expect him to perform impossible feats."

** "Ours is a land of despair. Not the kind that spurs a man to probe into this predicament with a view to transcending it, but a variety that leads to spiritual atrophy, moral decay, intellectual cretinism and collective descent into passive slothfulness. A spiritual crisis has gripped our nation and none holds out any hope. In place of epoch-making men we have a brood of moral lepers, religious humbugs, intellectual charlatans and swindling politicians."


## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਪੰਝੀ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕ ਖ਼ਰਚ ਸਾਡਾ ਹੋਵੇਗਾ।

## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

**ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ ਇਸ ਪੁਸਤਕ ਲਈ ਸੇਧ ਨੂੰ ਲਿਖੋ।**

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ।




# ਪਰੋਲਤਾਰੀ ਪੈਂਤੜਾ ਤੇ ਬੁੱਧੀਮਾਨ ਤਬਕਾ

ਕਿਸ਼ਨ ਸਿੰਘ

**ਇਨਕਲਾਬ** ਲਿਆਉਣਾ ਤੇ ਉਸ ਨੂੰ ਪੂਰਿਆਂ ਕਰਨਾ (ਸਮਾਜਵਾਦ ਨੂੰ ਉਸਾਰਨਾ) ਤਾਕਤ ਦਾ ਮਸਲਾ ਹੈ; ਬੁਰਜੁਆਜ਼ੀ ਕੋਲੋਂ, ਬੁਰਜੁਆ ਪੈਂਤੜੇ ਕੋਲੋਂ ਤਾਕਤ ਖੋਹ ਕੇ ਪਰੋਲਤਾਰੀ ਦੇ ਪੈਂਤੜੇ ਦੇ ਹੱਥ ਤਾਕਤ ਲਿਆਉਣ ਦਾ ਸਵਾਲ ਹੈ। ਇਹ ਗੱਲ ਸਿਧੀ ਤੇ ਸਪੱਸ਼ਟ ਹੈ। ਪਰ ਇਕਾਨੋਮਿਜ਼ਮ ਨੇ ਕੁਝ ਐਸਾ ਅੱਖੀਂ ਘੱਟਾ ਪਾਇਆ ਹੋਇਆ ਹੈ ਕਿ ਸਿਧਾਂਤਕ ਤੌਰ 'ਤੇ ਗੱਲ ਸਪੱਸ਼ਟ ਹੁੰਦਿਆਂ ਹੋਇਆਂ ਵੀ ਇਹ ਗ੍ਰਹਿਣ ਹੀ ਨਹੀਂ ਹੋਇਆ ਕਿ ਸਮਾਜ ਦੇ ਅਡੰਬਰ ਵਿਚ ਅਮਲ ਦੀ ਪੱਧਰ 'ਤੇ ਤਾਕਤ ਦੇ ਮਸਲੇ ਦੀਆਂ ਤਣੀਆਂ ਕਿਹੜੀਆਂ ਕਿਹੜੀਆਂ ਹਨ, ਕਿੱਥੇ ਕਿੱਥੇ ਹਨ ਅਤੇ ਉਹਨਾਂ ਸਭ ਨੂੰ ਪਰੋਲਤਾਰੀ ਦੇ ਪੈਂਤੜੇ ਨੇ ਆਪਣੇ ਹੱਥ ਲੈਣਾ ਕਿਸ ਤਰ੍ਹਾਂ ਹੈ।

ਸਮਾਜਕ ਵੇਗ ਆਪਣੇ ਹਰ ਪੱਧਰ, ਹਰ ਪਹਿਲੂ ਵਿਚ ਸੰਸਥਾਵਾਂ, ਸਮਾਜਕ ਰਿਸ਼ਤਿਆਂ ਰਾਹੀਂ ਚਲਦਾ ਹੈ। ਹਰ ਸੰਸਥਾ ਦੀ ਆਪਣੀ ਬਣਤਰ, ਆਪਣੀ ਜਥੇਬੰਦੀ ਹੁੰਦੀ ਹੈ। ਉਸ ਦਾ ਪ੍ਰਬੰਧ ਹੁੰਦਾ ਹੈ। ਉਸ ਦੀ ਲੀਡਰਸ਼ਿਪ ਹੁੰਦੀ ਹੈ। ਲੀਡਰਸ਼ਿਪ ਤਾਕਤ ਹੈ। ਤਾਕਤ ਦਾ ਲੀਵਰ ਹੈ। ਹਰ ਸੰਸਥਾ ਆਪਣੀ ਲੀਡਰਸ਼ਿਪ ਦੀ, ਆਪਣੇ ਪ੍ਰਬੰਧ ਦੀ ਚਲਾਈ ਚਲਦੀ ਹੈ। ਜਿਸ ਲੀਹੇ ਤਾਕਤ ਦਾ ਇਹ ਲੀਵਰ ਸੰਸਥਾ ਨੂੰ ਚਲਾਉਂਦਾ ਹੈ, ਉਸੇ ਲੀਹੇ ਉਹ ਚਲਦੀ ਹੈ। ਜਿਸ ਸੰਸਥਾ ਦੀ ਲੀਡਰਸ਼ਿਪ (ਪ੍ਰਬੰਧ) ਬੁਰਜੁਆ ਹੱਥਾਂ ਵਿਚ ਹੈ ਉਹ ਬੁਰਜੁਆ ਪੈਂਤੜੇ ਦੀ ਨੀਂਹ ਹੈ, ਉਸ ਦੀ ਤਾਕਤ ਹੈ। ਉਸ ਸੰਸਥਾ ਦੀ ਕਰਨੀ ਕੁਦਰਤੀ ਬੁਰਜੁਆ ਜ਼ਹਿਨੀਅਤ ਵਾਲੀ ਹੋਵੇਗੀ, ਉਹ ਬੁਰਜੁਆਜ਼ੀ ਨੂੰ ਜਨਮ ਦੇਂਦੀ ਜਾਵੇਗੀ। ਅੱਖ ਪੁੱਟ ਕੇ ਵੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸਮਾਜਕ ਵੇਗ ਦੇ ਹਰ ਪੱਧਰ, ਹਰ ਪਹਿਲੂ ਵਿਚ ਕਿੰਨੀਆਂ ਸੰਸਥਾਵਾਂ ਹਨ ਅਤੇ ਉਹ ਕਿਸ ਜਮਾਤੀ ਪੈਂਤੜੇ ਵਾਲਿਆਂ ਦੇ ਹੱਥ ਵਿਚ ਹਨ। ਅਤੇ ਇਹ ਖਿਲਾਰ ਕਿੱਡਾ ਵੱਡਾ ਹੈ ਤੇ ਇਸ ਸਾਰੇ ਖਿਲਾਰ ਵਿਚ ਜਮਾਤੀ ਤਬਦੀਲੀ ਲਿਆਉਣਾ ਕਿੱਡਾ ਵੱਡਾ ਤੇ ਕਿੰਨਾ ਚੌੜਾ ਕੰਮ ਹੈ। ਇਸ ਸਾਰੇ ਖਿਲਾਰ ਨੂੰ ਅੱਖਾਂ ਅੱਗੇ ਲਿਆ ਕੇ ਹੀ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਸਟੇਟ 'ਤੇ ਕਬਜ਼ਾ ਕੀਤਿਆਂ ਤੇ ਸਨਅਤੀ ਪੈਦਾਵਾਰ ਦੇ ਕੇਂਦਰਾਂ ਨੂੰ ਕਾਨੂੰਨੀ ਤੌਰ 'ਤੇ ਉਸ ਸਟੇਟ ਦੀ ਮਲਕੀਅਤ ਬਣਾਇਆਂ ਕੰਮ ਮੁਕ ਨਹੀਂ ਜਾਂਦਾ। ਸਿਰਫ਼ ਗੋਹੜੇ ਵਿਚੋਂ ਪੂਣੀ ਹੀ ਕੱਤੀ ਜਾਂਦੀ ਹੈ। ਕਿਸੇ ਸੰਸਥਾ 'ਤੇ ਕਬਜ਼ਾ ਕਰਨਾ ਇਕ ਗੱਲ ਹੈ ਤੇ ਉਸ ਦੀ ਕਾਇਆਂ-ਪਲਟੀ ਕਰਨਾ ਬਿਲਕੁਲ ਦੂਜੀ ਗੱਲ। **ਪੈਦਾਵਾਰ ਦਾ ਕੰਮ, ਹਰ ਨਿਜ਼ਾਮ ਦਾ, ਹਰ ਸਮਾਜ ਦਾ ਬੁਨਿਆਦੀ ਕੰਮ ਹੈ।** ਜੇ ਸਨਅਤੀ ਪੈਦਾਵਾਰ ਦੇ ਕੇਂਦਰ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਮਲਕੀਅਤ ਬਣ ਵੀ ਜਾਣ ਤੇ ਪੈਦਾਵਾਰ ਵੀ ਉਹ ਉਸ ਸਟੇਟ ਦੇ ਮਿਥੇ ਨਿਸ਼ਾਨਿਆਂ ਵਾਸਤੇ ਹੀ ਕਰਨ ਲੱਗ ਜਾਣ ਤਾਂ ਵੀ ਪੈਦਾਵਾਰ ਦੇ ਵੇਗ ਦੀ ਜਮਾਤੀ ਕਾਇਆਂ-ਪਲਟੀ ਨਹੀਂ ਹੋ ਜਾਂਦੀ। ਉਹ ਪਰੋਲਤਾਰੀ ਦੇ ਪੈਂਤੜੇ ਦਾ ਨਹੀਂ ਹੋ ਜਾਂਦਾ।

**ਕੰਮ ਦੀ ਵੰਡ** : ਕੰਮ ਦੀ ਪਰੇਰਨਾ ਦੀ ਬਾਬਤ ਅਸੀਂ ਪਿਛਲੇ ਲੇਖ ਵਿਚ ਲਿਖ ਚੁਕੇ ਹਾਂ। ਪੈਸੇ ਦੇ ਕੰਮ ਦੀ ਪਰੇਰਨਾ ਹੋਣ ਤੋਂ ਇਲਾਵਾ ਪੈਦਾਵਾਰ ਦੇ ਬੁਰਜੁਆ ਵੇਗ ਦੇ ਅਸਲੇ ਦਾ ਅਗਲਾ

"ਕੰਮ ਦੀ ਬੁਰਜੁਆ ਵੰਡ ਦਾ ਆਧਾਰ ਹੈ—ਸਿਧਾਂਤ ਤੇ ਅਮਲ ਦਾ ਆਪਸ ਵਿਚ ਵਿਜੋਗ, ਵਿਰੋਧ ਅਤੇ ਸਿਧਾਂਤ ਦੀ ਅਮਲ ਉਤੇ ਚੜ੍ਹਤ ।"

ਅੰਗ ਹੈ ਉਸ ਦੀ **ਕੰਮ ਦੀ ਵੰਡ, ਕੰਮ ਦੀ ਬੁਰਜੁਆ ਵੰਡ** । ਕੰਮ ਦੀ ਬੁਰਜੁਆ ਵੰਡ ਦਾ ਆਧਾਰ ਹੈ—ਸਿਧਾਂਤ ਤੇ ਅਮਲ ਦਾ ਆਪਸ ਵਿਚ ਵਿਜੋਗ । ਉਹਨਾਂ ਦਾ ਆਪਸ ਵਿਚ ਵਿਰੋਧ ਤੇ ਸਿਧਾਂਤ ਦੀ ਅਮਲ ਉਤੇ ਚੜ੍ਹਤ । ਜੇ ਸਮਾਜ ਸਿੱਧਾ ਚਲਦਾ ਹੋਵੇ ਤਾਂ ਸਿਧਾਂਤ ਤੇ ਅਮਲ ਦੀ ਏਕਤਾ ਹੈ, ਅਮਲ ਦੀ ਪਹਿਲ ਹੈ, ਤੇ ਸਿਧਾਂਤ ਸਮਾਜਕ ਅਮਲ ਤੋਂ ਪੈਦਾ ਹੁੰਦਾ ਹੈ । ਪਰ ਸਮਾਜ ਦੇ ਜਮਾਤੀ ਅੰਗ ਨੇ ਸਮਾਜ ਨੂੰ ਪੁੱਠੀ ਤੋਰੇ ਤੋਰਿਆ ਹੋਇਆ ਹੈ । ਬੁਰਜੁਆ ਸਮਾਜ ਇਸ ਉਪੁਠਪੁਣੇ ਦਾ ਸਿਖਰ ਹੈ । ਇਸ ਦਾ ਅਸਲਾ ਹੈ—ਸਿਧਾਂਤ ਅਤੇ ਅਮਲ ਦਾ ਵਿਜੋਗ । ਚੂੰਕਿ ਇਹ ਉਪੁਠਪੁਣੇ ਦਾ ਸਿਖਰ ਹੈ ਇਸ ਨੇ ਸਿਧਾਂਤ ਤੇ ਅਮਲ ਦੀ ਤੀਲੇ-ਤੋੜ ਕੀਤੀ ਹੋਈ ਹੈ ਤੇ ਸਿਧਾਂਤ ਨੂੰ ਅਮਲ ਦੇ ਸਿਰ 'ਤੇ ਸਵਾਰ ਕੀਤਾ ਹੋਇਆ ਹੈ । ਪੈਦਾ ਸਿਧਾਂਤ ਅਮਲ ਤੋਂ ਹੁੰਦਾ ਹੈ ਪਰ ਇਸ ਦੀ ਕਰਨੀ ਐਸੀ ਪੁਠੀ ਹੈ ਕਿ ਪੈਦਾਵਾਰ ਦਾ ਅਮਲ, ਕੰਮ ਕਰਨ ਵਾਲਿਆਂ ਦੇ ਪੱਲੇ ਸਿਧਾਂਤ ਦਾ ਧੇਲਾ ਵੀ ਨਹੀਂ ਪੈਣ ਦੇਂਦਾ । ਬੁਰਜੁਆ ਸਮਾਜ ਨੇ ਪੈਦਾਵਾਰ ਦੇ ਵਸੀਲੇ ਹੀ ਵਰਕਰਾਂ ਕੋਲੋਂ ਨਹੀਂ ਖੋਹੇ ਹੋਏ, ਬਲਕਿ ਇਸ ਨੇ ਪੈਦਾਵਾਰ ਦੇ ਅਮਲ ਤੋਂ ਪੈਦਾ ਹੁੰਦੇ ਗਿਆਨ ਵਲੋਂ ਵੀ ਉਹਨਾਂ ਨੂੰ ਵਾਂਝਿਆਂ ਰਖਿਆ ਹੋਇਆ ਹੈ । ਵਰਕਰ ਪੈਦਾਵਾਰ ਦੇ ਵਸੀਲਿਆਂ ਦੀ ਮਲਕੀਅਤ ਤੋਂ ਹੀ ਕੰਗਾਲ ਨਹੀਂ, ਉਹ ਗਿਆਨ ਵਲੋਂ ਉਸ ਤੋਂ ਵੀ ਜ਼ਿਆਦਾ ਕੰਗਾਲ ਹੈ । ਉਸ ਦੀ ਇਹ ਕੰਗਾਲੀ ਹਟ ਤਾਂ ਹੀ ਸਕਦੀ ਹੈ ਜੇ ਸਿਧਾਂਤ ਤੇ ਅਮਲ ਦਾ ਸੰਜੋਗ ਹੋਵੇ ।

ਬੁਰਜੁਆ ਤੇ ਪਰੋਲਤਾਰੀ ਦੇ ਪੈਂਤੜਿਆਂ ਦਾ ਆਪਸ ਵਿਚ ਵਿਰੋਧ ਆਮ੍ਹੋ ਸਾਹਮਣਾ ਹੈ, ਸਪੱਸ਼ਟ ਹੈ । ਬੁਰਜੁਆ ਪੈਂਤੜੇ ਦੀ ਹੋਂਦ ਹੀ ਸਿਧਾਂਤ ਤੇ ਅਮਲ ਦੇ ਵਿਜੋਗ ਤੇ ਆਪਸ ਵਿਚ ਵਿਰੋਧ 'ਤੇ ਮੁਨਹੱਸਰ ਹੈ । ਦੂਸਰੇ ਪਾਸੇ, ਪਰੋਲਤਾਰੀ ਦੇ ਪੈਂਤੜੇ ਦੀ ਜ਼ਿੰਦ ਜਾਨ ਹੀ ਅਮਲ ਤੇ ਸਿਧਾਂਤ ਦੀ ਏਕਤਾ ਹੈ । ਕੰਮ ਦਾ ਵੇਗ ਦੋਹਾਂ ਜਮਾਤੀ ਪੈਂਤੜਿਆਂ ਵਾਸਤੇ ਮੈਦਾਨੇ-ਜੰਗ ਹੈ । ਕੰਮ ਦੇ ਵੇਗ ਨੂੰ ਮੁਢੋਂ ਸੁਢੋਂ ਨਵੇਂ ਸਿਰਿਉਂ ਸਿਰਜੇ ਬਗ਼ੈਰ, ਕੰਮ ਦੇ ਬੁਰਜੁਆ ਵੇਗ ਨੂੰ ਪੂਰਨ ਤੌਰ 'ਤੇ ਭੰਨਿਆਂ ਬਗ਼ੈਰ ਪਰੋਲਤਾਰੀ ਦੇ ਪੈਂਤੜੇ ਦੀ ਕੋਈ ਥਾਂ ਹੀ ਨਹੀਂ । ਬੁਰਜੁਆ ਪੈਂਤੜਾ ਕੰਮ ਦੇ ਸਾਰੇ ਵੇਗ ਨੂੰ ਆਪਣੇ ਸੱਚੇ ਵਿਚ ਢਾਲਦਾ ਹੈ । ਉਹ ਸਿਧਾਂਤ ਨੂੰ ਟੀਸੀ 'ਤੇ ਚੜ੍ਹਾਉਂਦਾ ਹੈ । ਉਸ ਨੂੰ ਸ਼ਰੋਮਣੀ ਕਰਾਰ ਦੇਂਦਾ ਹੈ । ਸਿਧਾਂਤ ਦੀ ਜੰਮਣ ਭੋਂ—ਅਮਲ—ਨੂੰ ਛੁਟਿਆਉਂਦਾ ਹੈ । ਉਸ ਨੂੰ ਸਿਧਾਂਤ ਦੇ ਮੁਕਾਬਲੇ 'ਤੇ ਘੱਟੇ ਵਿਚ ਰਲਾਉਂਦਾ ਹੈ । ਇਸ ਨੁਕਤੇ ਬਾਬਤ ਨਜ਼ਰੀਆ ਉਹ ਇਹ ਪ੍ਰਚਲਤ ਕਰਦਾ ਹੈ ਕਿ ਦਿਮਾਗੀ ਕੰਮ ਉਪਰਲਿਆਂ ਦਾ, ਅਕਲ ਵਾਲਿਆਂ ਦਾ ਕੰਮ ਹੈ ਤੇ ਹੱਥੀਂ ਕੰਮ ਕਰਨਾ ਹੇਠਲਿਆਂ ਦਾ, ਗੰਵਾਰਾਂ ਦਾ । ਉਹ ਏਸ ਤਰ੍ਹਾਂ ਕਰਵਾਉਂਦਾ ਕਿਉਂ ਹੈ ? ਇਸ ਵਾਸਤੇ ਕਿ ਗਿਆਨ ਤਾਕਤ ਹੈ ਅਤੇ ਜਮਾਤੀ ਜਦੋ-ਜਹਿਦ ਵਿਚ ਤਾਕਤ ਦੇ ਹਰ ਸੋਮੇਂ ਨੂੰ ਆਪਣੇ ਹੱਥ ਵਿਚ ਰਖਣਾ ਹਾਕਮ ਜਮਾਤ ਦਾ ਬੁਨਿਆਦੀ ਹਿੱਤ ਹੈ । ਇਸ ਵਾਸਤੇ ਹੀ ਹਰ ਲੋਟੂ ਹਾਕਮ ਜਮਾਤ ਤੇ ਸਭ ਨਾਲੋਂ ਜ਼ਿਆਦਾ ਬੁਰਜੁਆਜ਼ੀ ਲੀਡਰਸ਼ਿਪ ਦੇ ਅਸਲੇ ਨੂੰ ਵਿਗਾੜਦੀ ਹੈ । ਜਮਾਤੀ ਵਿਤਕਰੇ ਕਰ ਕੇ ਉਸ ਨੂੰ ਮਰੋੜਾ ਚਾੜ੍ਹਦੀ ਹੈ । ਉਸ ਨੂੰ ਦਰਜਾ-ਬ-ਦਰਜੀ ਦੀ, ਅਫਸਰਸ਼ਾਹੀ, ਹਾਕਮਸ਼ਾਹੀ ਦੀ ਵੀ ਸ਼ਕਲ ਅਖਤਿਆਰ ਕਰਾਉਂਦੀ ਹੈ । ਇਸ ਵਿਗਾੜ ਨੂੰ ਆਪਣੀ ਜਿੰਦ-ਜਾਨ ਸਮਝਦੀ ਹੈ । ਸਮਝਦੀ ਵੀ ਐਵੇਂ ਨਹੀਂ । ਉਸ ਦੀ ਲੀਡਰਸ਼ਿਪ ਦੀ ਜਿੰਦ ਜਾਨ ਸਹੀ ਅਰਥਾਂ ਵਿਚ ਹੁੰਦੀ ਵੀ ਦਰਜਾ-ਬ-ਦਰਜੀ



ਤੇ ਅਮਤਵੇਲ ਵਾਂਗ ਖਿਲਰਦੀ ਅਫ਼ਸਰਸ਼ਾਹੀ ਵਿਚ ਹੈ । ਉਹ ਪੈਦਾਵਾਰ ਦੇ ਅਮਲ ਨੂੰ ਸਿਰਫ ਸਿਧਾਂਤਕ ਤੌਰ 'ਤੇ ਹੀ ਨਹੀਂ ਛੁਟਿਆਉਂਦੀ ਬਲਕਿ ਅਮਲੀ ਤੌਰ 'ਤੇ ਵੀ ਉਸ ਨੂੰ ਕੱਖੋਂ ਹੌਲਿਆਂ ਕਰਦੀ ਹੈ । ਪੈਦਾਵਾਰ ਦੇ ਕੰਮ ਵਿਚੋਂ ਕਣ ਖਿੱਚ ਲੈਂਦੀ ਹੈ । ਉਸ ਵਿਚੋਂ ਪੈਦਾ ਹੁੰਦੇ ਗਿਆਨ ਨੂੰ ਚੂਸ ਕੇ ਆਪਣੇ ਪਾਸੇ ਲੈ ਆਉਂਦੀ ਹੈ । ਸਿਧਾਂਤ ਦੀ ਜਾਂ ਸਾਇੰਸ ਬਣਦੇ ਗਿਆਨ ਦੀ ਤਾਂ ਗੱਲ ਹੀ ਛੱਡੋ ਉਹ ਕੰਮ ਦੀ ਜਾਚ (skill) ਨੂੰ ਵੀ, ਅਮਲੀ ਗਿਆਨ ਨੂੰ ਵੀ ਮਸ਼ੀਨ ਵਿਚ ਪਾ ਧਰਦੀ ਹੈ ਅਤੇ ਉਸ ਨੂੰ ਉਹ ਆਪਣੇ ਕਬਜ਼ੇ ਵਿਚ ਰਖਦੀ ਹੈ । ਪੈਦਾਵਾਰ ਦੇ ਕੰਮ ਦਾ ਹੁਲੀਆ ਵਿਗਾੜ ਕੇ, ਉਸ ਵਿਚੋਂ ਪੈਦਾ ਹੁੰਦੇ ਕਣ ਨੂੰ ਕਢ ਕੇ, ਉਸ ਨਾਲੋਂ ਨਿਖੇੜ ਕੇ, ਜਦੋਂ ਉਹ ਨਿਰੀ ਮਸ਼ੱਕਤ ਹੀ ਰਹਿ ਜਾਂਦਾ ਹੈ, ਉਸ ਸ਼ਕਲ ਵਿਚ ਉਸ ਨੂੰ ਵਰਕਰਾਂ ਦੇ ਹਵਾਲੇ ਕਰਦੀ ਹੈ । ਜਿਸ ਤਰ੍ਹਾਂ ਬੁਰਜੁਆ ਪੈਂਤੜਾ ਪੈਦਾਵਾਰ ਦੇ ਅਮਲ ਦਾ ਜੁੱਸਾ ਜਮਾਤੀ ਬਣਾ ਲੈਂਦਾ ਹੈ,ਏਸੇ ਤਰ੍ਹਾਂ ਹੀ ਉਸ ਦੇ ਬੰਦੋਬਸਤ ਦਾ, ਉਸ ਦੇ ਕੰਮ ਕਰਾਉਂਦੇ ਕਾਨੂੰਨ ਕਾਇਦਿਆਂ ਦਾ, ਮਿਥੇ ਕੰਮ ਦੇ ਅਸੂਲਾਂ ਆਦਿ ਦਾ, ਗੱਲ ਕੀ, ਉਸ ਦੇ ਸਿਰਜੇ ਕੰਮ ਦੇ ਵੇਗ ਦੇ, ਹਰ ਅੰਗ ਦੇ ਜੁੱਸੇ ਦਾ ਅਸਲਾ ਜਮਾਤੀ ਹੁੰਦਾ ਹੈ । ਹੋਰ ਹੋ ਹੀ ਨਹੀਂ ਸਕਦਾ । ਕੰਮ ਦੇ ਵੇਗ ਦੇ ਕਿਸੇ ਅੰਗ ਦਾ ਵੀ ਜਮਾਤ-ਰਹਿਤ ਹੋਣਾ ਬੁਰਜੁਆ ਪੈਂਤੜੇ ਨੂੰ ਰਾਸ ਨਹੀਂ ਆ ਸਕਦਾ ।

"ਬੁਰਜੁਆ ਸਮਾਜ ਨੇ ਪੈਦਾਵਾਰ ਦੇ ਵਸੀਲੇ ਹੀ ਵਰਕਰਾਂ ਕੋਲੋਂ ਨਹੀਂ ਖੋਹੇ ਹਏ, ਬਲਕਿ ਪੈਦਾਵਾਰ ਦੇ ਅਮਲ ਤੋਂ ਪੈਦਾ ਹੁੰਦੇ ਗਿਆਨ ਵਲੋਂ ਵੀ ਉਹਨਾਂ ਨੂੰ ਵਾਂਝਿਆ ਰਖਿਆ ਹੋਇਆ ਹੈ ।"

ਪੈਦਾਵਾਰ ਦੇ ਕੰਮ ਦਾ ਬੁਰਜੁਆ ਵੇਗ ਪਰੋਲਤਾਰੀ ਦੇ ਪੈਂਤੜੇ ਦੇ ਸੂਤ ਨਹੀਂ ਆ ਸਕਦਾ । ਪਰੋਲਤਾਰੀ ਦੇ ਪੈਂਤੜੇ ਦੇ ਨੁਕਤੇ ਤੋਂ ਇਸ ਖ਼ੁਸ਼ਫਹਿਮੀ ਵਿਚ ਰਹਿਣਾ ਖੁਦਕੁਸ਼ੀ ਹੈ ਕਿ ਸਾਰਾ ਸਵਾਲ ਸਟੇਟ ਦੀ ਤਾਕਤ ਦੇ ਹੱਥ ਵਿਚ ਆਉਣ ਦਾ ਹੈ; ਪੈਦਾਵਾਰ ਦੇ ਕੇਂਦਰਾਂ ਦੀ ਕਾਨੂੰਨੀ ਮਲਕੀਅਤ ਦੇ ਹੀ ਪਰੋਲਤਾਰੀ ਦੀ ਸਟੇਟ ਦੇ ਹੱਥ ਵਿਚ ਆਉਣ ਦਾ ਹੈ, ਤੇ ਪੈਦਾਵਾਰ ਦਾ ਬੁਰਜੁਆ ਵੇਗ ਸਮਾਜਵਾਦ ਦੀ ਉਸਾਰੀ ਦੇ ਸੂਤ ਆ ਸਕਦਾ ਹੈ । ਪਰੋਲਤਾਰੀ ਦੇ ਪੈਂਤੜੇ ਵਾਸਤੇ ਲਾਜ਼ਮੀ ਹੈ ਕਿ ਉਹ ਪੈਦਾਵਾਰ ਦੇ ਕੰਮ ਦੇ ਸਾਰੇ ਵੇਗ ਨੂੰ, ਉਸ ਦੇ ਹਰ ਬੁਨਿਆਦੀ ਅੰਗ ਨੂੰ ਨਵੇਂ ਸਿਰਿਉਂ ਸਿਰਜੇ । ਵਰਕਰ ਜਮਾਤ ਨੂੰ ਨਿਹੱਥਾ ਰਖਣ ਵਾਸਤੇ ਨੀਂਹ ਦੀ ਪੱਧਰ ਉਤੇ ਵੀ ਅਤੇ ਉਸਾਰ ਦੀ ਪੱਧਰ ਉਤੇ ਵੀ ਸਿਧਾਂਤ ਨੂੰ ਅਮਲ ਨਾਲੋਂ ਨਿਖੇੜ ਕੇ ਬੁਰਜੁਆਜ਼ੀ ਉਸ ਕੋਲੋਂ ਗਿਆਨ ਖਿਸਕਾ ਲੈਂਦੀ ਹੈ, ਖੋਹ ਲੈਂਦੀ ਹੈ । ਮਿਸਾਲ ਦੇ ਤੌਰ 'ਤੇ ਨੀਂਹ ਦੀ ਪੱਧਰ 'ਤੇ ਗਿਆਨ ਦੇ ਬੁਨਿਆਦੀ ਖੇਤਰ ਹਨ : **ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦਾ ਗਿਆਨ** (ਸਾਇੰਸ, ਟੈਕਨਾਲੋਜੀ ਆਦਿ) ਅਤੇ **ਪੈਦਾਵਾਰ ਦੇ ਕੇਂਦਰਾਂ ਦੇ ਬੰਦੋਬਸਤ ਦਾ ਵਲ, ਤਜਰਬਾ** । ਉਸਾਰ ਦੀ ਪੱਧਰ 'ਤੇ ਬੁਨਿਆਦੀ ਖੇਤਰ ਹਨ—ਸਟੇਟ, **ਰਾਜ ਪ੍ਰਬੰਧ ਨੂੰ ਚਲਾਉਣ ਦਾ ਗਿਆਨ, ਸਿਆਸਤ 'ਤੇ ਕਬਜ਼ਾ ਅਤੇ ਕਲਚਰ, ਵਿਚਾਰਧਾਰਾ ਤੇ ਵਿਦਿਆ ਆਦਿ ਦੇ ਖੇਤਰਾਂ ਦੀ ਅਗਵਾਈ** ।

**ਗਿਆਨ ਦੀ ਅਜਾਰੇਦਾਰੀ :** ਜਿਸ ਤਰ੍ਹਾਂ ਬੁਰਜੁਆ ਪੈਂਤੜੇ ਦੇ ਹਿੱਤੀ ਸਿਧਾਂਤ ਤੇ ਅਮਲ ਦਾ ਆਪਸ ਵਿਚ ਵਿਜੋਗ ਹੈ, ਏਸੇ ਤਰ੍ਹਾਂ ਹੀ ਪਰੋਲਤਾਰੀ ਦੇ ਪੈਂਤੜੇ ਦੇ ਹਿੱਤ ਵਿਚ ਹੈ—ਸਿਧਾਂਤ ਤੇ ਅਮਲ ਦਾ, ਗਿਆਨ ਤੇ ਅਮਲ ਦਾ ਆਪਸ ਵਿਚ ਸੰਜੋਗ । ਸਮਾਜਕ ਵੇਗ ਦੇ ਹਰ ਖੇਤਰ ਵਿਚ ਆਪੋ ਆਪਣੀ ਥਾਂ ਗਿਆਨ ਤਾਕਤ ਹੈ।

**"ਇਨਕਲਾਬੀ ਬੁਧੀਮਾਨਾਂ ਦਾ ਕੰਮ ਗਿਆਨ ਬਾਬਤ ਲੋਕਾਂ ਨਾਲ ਸੌਦਾਬਾਜ਼ੀ ਕਰਨਾ ਨਹੀਂ, ਬਲਕਿ ਉਹਨਾਂ ਦੀ ਸੇਵਾ ਕਰਨਾ ਹੈ।"**

ਇਸ ਵਾਸਤੇ ਹੀ ਬੁਰਜੁਆਜ਼ੀ ਪਰੋਲਤਾਰੀ ਕੋਲੋਂ ਖੋਹ ਕੇ ਗਿਆਨ ਨੂੰ ਆਪਣੇ ਕਬਜ਼ੇ ਵਿਚ ਰਖਦੀ ਹੈ। ਜੇ ਪਰੋਲਤਾਰੀ ਨੇ ਸਮਾਜਕ ਵੇਗ ਉਤੇ ਆਪਣੀ ਸਰਦਾਰੀ ਕਾਇਮ ਕਰਨੀ ਹੈ ਤਾਂ ਉਸ ਵਾਸਤੇ ਲਾਜ਼ਮੀ ਹੈ ਕਿ ਉਹ ਹਰ ਖੇਤਰ ਦੇ ਗਿਆਨ ਨੂੰ ਆਪਣੇ ਕਬਜ਼ੇ ਕਰੇ। ਗਿਆਨ ਦੇ ਹਰ ਸੋਮੇਂ ਨੂੰ ਆਪਣੇ ਨਾਲ ਰਲਾਵੇ। ਜਿਸ ਪੱਧਰ 'ਤੇ ਜ਼ਿੰਦਗੀ ਪਹੁੰਚ ਚੁਕੀ ਹੈ, ਗਿਆਨ ਅਥਾਹ ਹੈ, ਬੇਅੰਤ ਹੈ, ਬਹੁਪੱਖਾ ਹੈ। ਗਿਆਨ ਦੇ ਵਾਧੇ ਨੂੰ ਅੱਜ ਕੋਈ ਹੱਦ ਬੰਨਾ ਨਹੀਂ। ਬੁਰਜੁਆਜ਼ੀ ਕੋਲ ਕੋਈ ਕਰਾਮਾਤ ਨਹੀਂ ਕਿ ਉਸ ਨੇ ਸਾਰਾ ਗਿਆਨ ਆਪਣੇ ਢਿੱਡ ਹੀ ਪਾਇਆ ਹੋਇਆ ਹੈ। ਲੋੜੀਂਦਾ ਸਾਰਾ ਗਿਆਨ ਉਸ ਦੇ ਪੈਂਤੜੇ 'ਤੇ ਭੁਗਤਦਾ ਹੈ। ਸਾਰੇ ਲੋੜੀਂਦੇ ਗਿਆਨ ਨੂੰ ਆਪਣੇ ਜਮਾਤੀ ਪੈਂਤੜੇ 'ਤੇ ਭੁਗਤਾ ਲੈਣਾ ਉਸ ਦੀ ਕਲਚਰ, ਉਸ ਦੀ ਵਿਚਾਰਧਾਰਾ, ਉਸ ਦੇ ਜ਼ਿੰਦਗੀ ਦੇ ਨਜ਼ਰੀਏ ਤੇ ਉਸ ਦੀ ਵਿਦਿਆ ਦੇ ਅਡੰਬਰ ਦਾ ਕਰਤਵ ਹੈ।

ਫਿਰ ਵੀ ਬੁਰਜੁਆਜ਼ੀ ਸਭ ਪਹਿਲੂਆਂ, ਸਭ ਮਜ਼ਮੂਨਾਂ ਦੇ ਗਿਆਨ ਨੂੰ ਤਾਂ ਆਪਣੇ ਢਿੱਡ ਨਹੀਂ ਪਾ ਸਕਦੀ, ਪਰ ਸਭ ਕਿਸਮ ਦੇ ਗਿਆਨਵਾਨਾਂ ਨੂੰ, ਮਾਹਿਰਾਂ ਨੂੰ, ਪ੍ਰਬੰਧਕਾਂ ਨੂੰ, ਸਿਆਸਤਦਾਨਾਂ ਨੂੰ ਆਪਣੇ ਪੈਂਤੜੇ 'ਤੇ ਲਿਆ ਸਕਦੀ ਹੈ। ਕਿਸ ਤਰ੍ਹਾਂ? ਸਿੱਧਾ ਉਹਨਾਂ ਦੇ ਮਨਾਂ ਨੂੰ ਆਪਣੇ ਕਾਬੂ ਕਰ ਕੇ। ਉਹਨਾਂ ਦੇ ਮਨਾਂ ਦੇ ਮਨੋਰਥਾਂ ਨੂੰ ਆਪਣੇ ਪੈਂਤੜੇ ਦੇ ਅਨੁਸਾਰੀ ਬਣਾ ਕੇ। ਇਹ ਤੱਥ ਤਾਂ ਕਿਸੇ ਕੋਲੋਂ ਭੁਲਿਆ ਹੋਇਆ ਨਹੀਂ ਹੈ ਕਿ ਲੋਟੂ ਹਾਕਮ ਜਮਾਤਾਂ ਦੀ ਜ਼ਿੰਦਗੀ ਦੀ ਫਿਲਾਸਫੀ ਹੀ ਇਹ ਹੁੰਦੀ ਹੈ ਕਿ ਜ਼ਿੰਦਗੀ ਦੀਆਂ ਨਿਆਮਤਾਂ ਹਨ—ਪੈਸਾ, ਪੁਜ਼ੀਸ਼ਨ, ਪਦਵੀ, ਮਸ਼ਹੂਰੀ ਆਦਿ ਤੇ ਇਹਨਾਂ ਦੀਆਂ ਦਿੱਤੀਆਂ ਸਹੂਲਤਾਂ ਆਦਿ। ਇਹਨਾਂ ਦੀ ਪ੍ਰਾਪਤੀ ਵਾਸਤੇ ਜੂਝਣਾ ਹੀ ਹਾਕਮ ਜਮਾਤਾਂ ਦੇ ਜੀਊਣ ਦਾ ਮੂਲ ਮਨੋਰਥ ਹੈ, ਇਹ ਹੀ ਜ਼ਿੰਦਗੀ ਦਾ ਅੰਤਮ ਸੱਚ ਹੈ। ਇਹਨਾਂ ਦੀ ਸਿਖਰਲੀ ਪਉੜੀ 'ਤੇ ਪਹੁੰਚਣ ਵਿਚ ਹੀ ਬੰਦੇ ਦੀ ਸਫਲਤਾ ਤੇ ਪਰਾਪਤੀ ਹੈ ਤੇ ਇਹਨਾਂ ਦੀ ਪਰਾਪਤੀ ਵਿਚ ਵਿਚ ਫੇਲ੍ਹ ਹੋਣਾ ਬੰਦੇ ਦੀ ਗਿਰਾਵਟ। ਏਸ ਨਜ਼ਰੀਏ ਦੇ ਪੇਟੇ ਪਵਾ ਕੇ, ਇਹਨਾਂ ਚਸਕਿਆਂ ਦੀ ਚਾਟੇ ਲਾ ਕੇ ਗਿਆਨਵਾਨਾਂ ਨੂੰ ਬੁਰਜੁਆਜ਼ੀ ਆਪਣੇ ਪੈਂਤੜੇ 'ਤੇ ਪੱਕਿਆਂ ਕਰਦੀ ਹੈ। ਅਤੇ ਇਹਨਾਂ ਦੇ ਸ਼ਿਕਾਰ ਹੋਏ ਉਹ ਆਪਣੀ ਲੋੜ ਨੂੰ ਬੁਰਜੁਆਜ਼ੀ ਦਾ ਤੋੜ ਤਕ ਸਾਥ ਦੇਂਦੇ ਹਨ।

**ਗਿਆਨ ਦੀ ਨਿੱਜੀ ਮਾਲਕੀ**: ਗਿਆਨ ਜ਼ਿੰਦਗੀ ਦੀ ਅਹਿਮ ਲੋੜ ਹੈ। ਸਾਇੰਟਿਫਿਕ ਗਿਆਨ ਸੰਦ ਹੈ ਲੋਕਾਂ ਦੀ ਆਜ਼ਾਦੀ ਦੀ ਪਰਾਪਤੀ ਲਈ। ਕੁਦਰਤ ਦੀਆਂ ਸਾਇੰਸਾਂ ਦਾ ਗਿਆਨ ਹੈ ਕੁਦਰਤ ਕੋਲੋਂ ਆਜ਼ਾਦੀ ਲੈਣ ਦਾ ਸੰਦ ਤੇ ਸਮਾਜਕ ਸਾਇੰਸਾਂ, ਸਮਾਜ ਵਿਚ ਆਜ਼ਾਦੀ ਸਥਾਪਤ ਕਰਨ ਦਾ ਹਥਿਆਰ। ਇਨਕਲਾਬੀ ਬੁਧੀਮਾਨਾਂ ਦਾ ਕੰਮ ਗਿਆਨ ਬਾਬਤ ਲੋਕਾਂ ਨਾਲ ਸੌਦੇਬਾਜ਼ੀ ਕਰਨਾ ਨਹੀਂ ਬਲਕਿ ਉਹਨਾਂ ਦੀ ਸੇਵਾ ਕਰਨਾ ਹੈ। ਪਰ ਇਹ ਪੁਜ਼ੀਸ਼ਨ ਬੁਰਜੁਆ ਪੈਂਤੜੇ ਨੂੰ ਪਚਦੀ ਨਹੀਂ। ਗਿਆਨ ਕਿਸ ਦੇ ਵਾਸਤੇ ਹੈ? ਇਸ ਨੇ ਅਰਪਨ ਕਿਸ ਦੇ ਹੋਣਾ ਹੈ? ਇਸ ਨੇ ਸੇਵਾ ਕਿਸ ਦੀ ਕਰਨੀ ਹੈ? ਇਸ ਬਾਬਤ ਬੁਰਜੁਆ ਤੇ ਪਰੋਲਤਾਰੀ ਦੇ ਪੈਂਤੜਿਆਂ ਦੀ ਆਪਸ ਵਿਚ ਸਿੱਧੀ ਜਦੋ-ਜਹਿਦ ਹੈ। ਬੁਰਜੁਆ ਤਰਜ਼ੇ-ਜ਼ਿੰਦਗੀ ਦਾ ਆਧਾਰ ਪੈਦਾਵਾਰ ਦੇ ਸਾਧਨਾਂ ਦੀ ਜ਼ਾਤੀ ਮਲਕੀਅਤ ਹੈ। ਉਸ ਦਾ ਅਕਸ ਗਿਆਨ ਦੇ ਖੇਤਰ ਵਿਚ ਪੈਣਾ ਵੀ ਲਾਜ਼ਮੀ ਹੈ। ਸੋ ਇਸ ਨੇ ਗਿਆਨ ਨੂੰ ਵੀ ਨਿੱਜੀ ਮਲਕੀਅਤ, (**private ownership of knowledge**) ਮੰਡੀ ਦੀ



ਜਿਨਸ ਬਣਾਇਆ ਹੋਇਆ ਹੈ। ਬੁਰਜੁਆ ਪੈਂਤੜਾ ਬੁਧੀਮਾਨਾਂ ਵਿਚ ਇਹ ਪੁੜਦਾ ਹੈ ਕਿ ਗਿਆਨ ਸਮਾਜ ਕੋਲੋਂ ਸਸਤੇ ਤੋਂ ਸਸਤੇ ਭਾਅ ਲੈਣਾ ਚਾਹੀਦਾ ਹੈ ਅਤੇ ਲੈ ਕੇ ਉਸ ਨੂੰ ਮਹਿੰਗੇ ਤੋਂ ਮਹਿੰਗੇ ਭਾਅ ਵੇਚਣਾ ਜਾਇਜ਼ ਹੈ। ਇਸ ਵਿਚ ਹੀ ਸਾਰੀ ਅਕਲਮੰਦੀ ਹੈ। ਹਰ ਪੇਸ਼ੇ ਦਾ ਗਿਆਨ ਪੈਸਾ ਹੈ ਅਤੇ ਕਾਬਲੀਅਤ ਸਰਮਾਇਆ ਹੈ। ਵਿਦਿਆ ਹਾਸਲ ਕਰਨ ਵਿਚ ਪੈਸਾ ਹੈ, ਪਦਵੀ ਹੈ। ਜੋ ਜਾਚ ਵੀ ਬੰਦਾ ਸਿਖਦਾ ਹੈ ਉਹ ਵੇਚਣ ਵਾਸਤੇ ਸਿਖਦਾ ਹੈ।

**"ਬੁਰਜੁਆ ਤਰਜ਼ੇ-ਜ਼ਿੰਦਗੀ ਨੇ ਗਿਆਨ ਨੂੰ ਵੀ ਨਿਜੀ ਮਲਕੀਅਤ ਬਣਾ ਕੇ ਮੰਡੀ ਦੀ ਵਸਤ ਬਣਾ ਦਿਤਾ ਹੈ। ਗਿਆਨ ਸਸਤੇ ਤੋਂ ਸਸਤੇ ਭਾਅ ਲਵੋ ਅਤੇ ਮਹਿੰਗੇ ਤੋਂ ਮਹਿੰਗੇ ਭਾਅ ਵੇਚੋ।"**

ਬੁਰਜੁਆ ਪੈਂਤੜਾ ਬੰਦਿਆਂ ਦੀ ਕਾਬਲੀਅਤ ਦੀ ਸਿਖਲਾਈ ਕਰਦਾ ਹੈ ਪਰ ਆਪਣੇ ਜਮਾਤੀ ਹਿੱਤ ਲਈ। ਬੁਰਜੁਆ ਪੈਂਤੜੇ 'ਤੇ ਚੜ੍ਹਿਆਂ ਹਰ ਬੁਧੀਮਾਨ ਆਪਣੇ ਰੋਲ ਬਾਬਤ ਉਹ ਕੁਛ ਹੀ ਸਮਝਦਾ ਹੈ ਜੋ ਕੁਛ ਉਸ ਨੂੰ ਉਹ ਪੈਂਤੜਾ ਸਮਝਾਉਂਦਾ ਹੈ ਅਤੇ ਆਪਣੇ ਗਿਆਨ ਨੂੰ ਮਹਿੰਗੇ ਤੋਂ ਮਹਿੰਗੇ ਭਾਅ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਬੁਧੀਮਾਨ ਤਬਕਾ ਵਿਦਿਆ ਲੈਂਦਾ ਹੈ—ਅਹੁਦੇ ਵਾਸਤੇ, ਅਫਸਰ ਬਣਨ ਵਾਸਤੇ, ਸਮਾਜ ਵਿਚ ਉਚਾ ਚੜ੍ਹਨ ਵਾਸਤੇ, ਵੱਡੀ ਤਨਖਾਹ ਵਾਸਤੇ ਹੱਥ ਵਿਚ ਬੇਅੰਤ ਤਾਕਤ ਵਾਸਤੇ। ਉਹ ਸਮਝਦਾ ਹੈ ਕਿ ਇਹ ਰੱਬੀ ਹੱਕੀ ਕਾਨੂੰਨ ਹੈ ਕਿ ਉਸ ਨੂੰ ਤਰੱਕੀ ਮਿਲੇ, ਜਿੰਨਾ ਕੁ ਉਸ ਨੂੰ ਆਪਣੇ ਪੇਸ਼ੇ ਦਾ ਗਿਆਨ ਹੈ, ਉਸ ਦੇ ਅਨੁਸਾਰ, ਜਿੰਨਾਂ ਕੁ ਉਹ ਆਪਣੇ ਮਜ਼ਮੂਨ ਦਾ ਮਾਹਿਰ ਹੈ ਉਸ ਦੇ ਆਧਾਰ 'ਤੇ। ਇਸ ਸਾਰੀ ਪੁਜ਼ੀਸ਼ਨ ਦਾ ਮੂਲ ਕੀ ਹੈ? ਮੂਲ ਹੈ ਕਿ ਗਿਆਨ ਸਮਾਜ ਦੀ ਸੇਵਾ ਵਾਸਤੇ ਨਹੀਂ ਬਲਕਿ ਨਿਰੋਲ ਆਪਣੇ ਵਾਧੇ ਵਾਸਤੇ ਹੈ। ਜ਼ਾਹਿਰ ਹੈ ਕਿ ਇਹ ਪੁਜ਼ੀਸ਼ਨ ਪਰੋਲਤਾਰੀ ਦੇ ਪੈਂਤੜੇ ਵਾਸਤੇ ਘਾਤਕ ਹੈ। ਇਸ ਨੂੰ ਧੁਰੋਂ ਸਿਰੋਂ ਬਦਲਿਆਂ ਬਗੈਰ ਉਸ ਦਾ ਗੁਜ਼ਾਰਾ ਨਹੀਂ।

**ਬੁਧੀਮਾਨ ਤਬਕੇ ਦਾ ਰੋਲ**: ਗਿਆਨ ਦੇ ਮਸਲੇ ਨੂੰ ਮੁਖਾਤਬ ਹੋਇਆ ਬੁਧੀਮਾਨ ਤਬਕੇ ਦਾ ਮਸਲਾ ਸਾਹਮਣੇ ਆ ਜਾਂਦਾ ਹੈ। ਸਵਾਲ ਹੈ ਕਿ ਆਪਸ ਵਿਚ ਵਿਰੋਧੀ ਦੋਹਾਂ ਜਮਾਤੀ ਪੈਂਤੜਿਆਂ ਵਿਚੋਂ ਬੁਧੀਮਾਨ ਤਬਕਾ ਭੁਗਤਦਾ ਕਿਹੜੇ ਪੈਂਤੜੇ 'ਤੇ ਹੈ। ਅਤੇ ਜੇ ਇਹ ਬੁਰਜੁਆ ਪੈਂਤੜੇ 'ਤੇ ਭੁਗਤਦਾ ਹੈ ਤਾਂ ਇਸ ਨੂੰ ਉਸ ਪੈਂਤੜੇ 'ਤੇ ਭੁਗਤਾਇਆ ਕਿਸ ਤਰ੍ਹਾਂ ਜਾ ਰਿਹਾ ਹੈ, ਅਤੇ ਇਹ ਪਰੋਲਤਾਰੀ ਦੇ ਪੈਂਤੜੇ 'ਤੇ ਕਿਸ ਤਰ੍ਹਾਂ ਲਿਆਂਦਾ ਜਾ ਸਕਦਾ ਹੈ?

ਬੁਧੀਮਾਨ ਤਬਕਾ ਬੁਨਿਆਦੀ ਤੌਰ 'ਤੇ ਵਿਦਿਆ ਦੇ ਅਡੰਬਰ ਦੀ ਪੈਦਾਵਾਰ ਹੈ ਤੇ ਖਾਸ ਕਰ ਉਚੀ ਵਿਦਿਆ ਦੀ, ਯੂਨੀਵਰਸਟੀਆਂ ਤੇ ਹੋਰ ਉਚੀ ਵਿਦਿਆ ਦੀਆਂ ਸੰਸਥਾਵਾਂ ਦੀ। ਫੀਊਡਲ ਨਿਜ਼ਾਮ ਦੇ ਮੁਕਾਬਲੇ 'ਤੇ ਬੁਰਜੁਆ ਨਿਜ਼ਾਮ ਨੇ ਸਾਇੰਸ, ਟੈਕਨਾਲੋਜੀ ਤੇ ਹੋਰ ਗਿਆਨ ਦੀ ਬਹੁ-ਪੱਖੀ ਉਸਾਰੀ ਕੀਤੀ ਹੈ। ਚੂੰਕਿ ਇਸ ਦੀ ਪੈਦਾਵਾਰ ਦੀ ਨੀਂਹ ਬੁਨਿਆਦੀ ਤੌਰ 'ਤੇ ਮਸ਼ੀਨ ਹੈ ਅਤੇ ਮਸ਼ੀਨੀ ਕੰਮ ਵਾਸਤੇ ਥੋਹੜਾ ਬਹੁਤ ਪੜ੍ਹਿਆ ਲਿਖਿਆ ਹੋਣਾ ਲਾਜ਼ਮੀ ਹੈ ਤੇ ਨਾਲੇ ਇਸ ਨੇ ਸਾਇੰਸ ਨੂੰ ਵੀ ਪੈਦਾਵਾਰ ਦੀ ਸ਼ਕਤੀ ਬਣਾ ਲਿਆ ਹੈ, ਇਸ ਵਾਸਤੇ ਬੁਰਜੁਆ ਸਮਾਜ ਦੇ ਰਾਇਜ ਹੋ ਕੇ ਬਾਲਗ ਹੋਣ ਨਾਲ, ਸਨਅਤੀ ਇਨਕਲਾਬ ਦੇ ਆਉਣ ਨਾਲ ਆਮ ਲਿਖਾਈ ਪੜ੍ਹਾਈ ਵਿਚ ਬਹੁਤ ਵਾਧਾ ਹੋਇਆ ਹੈ। ਪਰ ਬੁਧੀਮਾਨ ਤਬਕੇ ਦੇ ਮਸਲੇ ਨੂੰ ਮੁਖਾਤਬ ਹੁੰਦਿਆਂ ਸਾਡਾ ਵਾਸਤਾ ਉਚੇਰੀ ਵਿਦਿਆ ਤੇ ਖੋਜ ਆਦਿ ਕੇਂਦਰਾਂ ਦੀ ਕਰਨੀ ਨਾਲ ਹੈ। ਮਸਲੇ ਨੂੰ ਚੰਗੀ

"ਬੁਧੀਮਾਨਾਂ ਦੇ ਮਨਾਂ ਦੇ ਮਨੋਰਥਾਂ ਨੂੰ ਆਪਣੇ ਪੈਂਤੜੇ ਦੇ ਅਨੁਸਾਰੀ ਬਣਾ ਕੇ (ਪੈਸਾ, ਪਦਵੀ, ਮਜ਼ਹੂਰੀ ਆਦਿ ਦੀ ਪ੍ਰਾਪਤੀ ਅਤੇ ਇਹਨਾਂ ਨਾਲ ਲਗਵੀਆਂ ਸਹੂਲਤਾਂ ਦਾ ਮਿਲਣਾ) ਅਤੇ ਹੋਰਨਾਂ ਚਸਕਿਆਂ ਵੀ ਚੱਟ ਲਾ ਕੇ ਬੁਰਜੁਆਜ਼ੀ ਉਹਨਾਂ ਨੂੰ ਆਪਣੇ ਰਾਹ ਦੇ ਰਾਸ ਕਰ ਲੈਂਦੀ ਹੈ।"

ਤਰ੍ਹਾਂ ਸਮਝਣ ਵਾਸਤੇ ਵਿਦਿਆ ਦੇ ਦੋ ਹਿੱਸੇ ਕੀਤੇ ਜਾ ਸਕਦੇ ਹਨ। ਖ਼ਾਸ ਕਸਬ ਦੀ ਪੜ੍ਹਾਈ ਸਿਖਲਾਈ, ਕਿਸੇ ਖਾਸ ਕਿੱਤੇ ਜਾਂ ਮਜ਼ਮੂਨ ਵਿਚ ਮੁਹਾਰਤ, ਤੇ ਪੜ੍ਹਨ ਵਾਲਿਆਂ ਦੇ ਆਚਰਨ ਦਾ ਸੱਚਾ, ਉਹਨਾਂ ਦੀ ਮਨੁਖੀ ਬਣਤਰ ਦਾ ਅਸਲਾ, ਉਹਨਾਂ ਦੀਆਂ ਕੀਮਤਾਂ ਕਦਰਾਂ ਦਾ ਸਿਸਟਮ ਤੇ ਜਿਸ ਨਿਸ਼ਾਨੇ ਦੇ ਅਰਪਨ ਉਹਨਾਂ ਦਾ ਇਹ ਸਿਸਟਮ, ਉਹਨਾਂ ਦੇ ਗਿਆਨ ਤੇ ਉਹਨਾਂ ਦੀ ਮੁਹਾਰਤ ਨੂੰ ਕਰਦਾ ਹੈ ਤੇ ਜਿਸ ਨਿਜ਼ਾਮ ਦੀ ਪੰਜਾਲੀ ਉਹਨਾਂ ਦਾ ਇਹ ਸਿਸਟਮ, ਉਹਨਾਂ ਦੀ ਕਰਨੀ ਨੂੰ ਜੋੜਦਾ ਹੈ।

ਬੁਧੀਮਾਨਾਂ ਦਾ ਕਿਸੇ ਕਿੱਤੇ ਜਾਂ ਮਜ਼ਮੂਨ ਵਿਚ ਮਾਹਿਰ ਹੋਣਾ ਹੀ ਕਾਫੀ ਨਹੀਂ। ਉਹਨਾਂ ਦੀ ਮੁਹਾਰਤ ਦਾ ਕੁਝ ਅਰਥ ਹੀ ਤਾਂ ਬਣਦਾ ਹੈ ਜੇ ਉਹ ਸਮਾਜ ਦੇ ਕੰਮ ਆਵੇ। ਅਤੇ ਉਹਨਾਂ ਦੀ ਮੁਹਾਰਤ ਦੇ ਸਮਾਜ ਦੇ ਕੰਮ ਆਉਣ ਵਾਸਤੇ ਲਾਜ਼ਮੀ ਹੈ ਕਿ ਬਾਕੀ ਵਸੋਂ ਵਾਂਗ ਮਾਹਿਰ ਹੋਣ ਤੋਂ ਵੀ ਪਹਿਲਾਂ ਬੁਧੀਮਾਨ ਤਬਕੇ ਦੇ ਨਜ਼ਰੀਏ ਦੀ, ਉਸ ਦੇ ਆਚਰਨ ਦੇ ਸੱਚੇ ਦੀ, ਮਨ ਦੇ ਮਨੋਰਥਾਂ ਦੀ ਕਾਬਜ਼ ਨਿਜ਼ਾਮ ਨਾਲ ਰਸਾਈ ਹੋਵੇ ਤਾਕਿ ਉਹ ਉਸ ਦਾ ਹੋ ਕੇ ਉਸ ਦੀ ਤੋਰੇ ਤੁਰ ਕੇ ਆਪਣੀ ਮੁਹਾਰਤ ਉਸ ਦੇ ਹਵਾਲੇ ਕਰ ਸਕੇ। ਜਦੋਂ ਕੋਈ ਨਿਜ਼ਾਮ ਸਮਾਜਕ ਵੇਗ 'ਤੇ ਕਾਬਜ਼ ਹੁੰਦਾ ਹੈ, ਆਪਣੇ ਪੂਰੇ ਜੋਬਨ ਵਿਚ ਉਸ 'ਤੇ ਸਵਾਰ ਹੁੰਦਾ ਹੈ ਉਦੋਂ ਤਾਂ ਬੁਧੀਮਾਨ ਤਬਕੇ ਦਾ, ਇਸ ਤਬਕੇ ਦਾ ਕੀ, ਸਾਰੀ ਵਸੋਂ ਦਾ, ਕਾਬਜ਼ ਨਿਜ਼ਾਮ ਨਾਲ ਰਸ ਕੇ, ਉਸ ਦੀ ਤੋਰੇ ਤੁਰਨ ਦਾ ਸਵਾਲ ਆਪਣੇ ਆਪ ਹੱਲ ਹੋਇਆ ਹੁੰਦਾ ਹੈ। ਕਾਬਜ਼ ਨਿਜ਼ਾਮ ਦੀ ਕਲਚਰ, ਉਸ ਦੇ ਸਮਾਜਕ ਰਿਸ਼ਤੇ, ਸਮੇਤ ਬੁਧੀਮਾਨ ਤਬਕੇ ਦੇ, ਸਾਰੀ ਵਸੋਂ ਨੂੰ ਆਪਣੇ ਸੱਚੇ ਵਿਚ ਢਾਲੀ ਖੜ੍ਹੇ ਹੁੰਦੇ ਹਨ, ਆਪਣੀ ਤੋਰ ਦੇ ਰਾਸ ਕਰੀ ਬੈਠੇ ਹੁੰਦੇ ਹਨ। ਰਕੀਬ ਜਾਂ ਵਿਰੋਧੀ ਪੈਂਤੜਾ ਨਾਂ ਮਾਤਰ ਹੋਣ ਕਰਕੇ ਕਾਬਜ਼ ਨੂੰ ਵੰਗਾਰਨ ਜੋਗਾ ਨਹੀਂ ਹੁੰਦਾ। ਪਰ ਜਦੋਂ ਕਾਬਜ਼ ਨਿਜ਼ਾਮ ਆਪਣੀ ਔਧ ਮੁਕਾ ਚੁਕਾ ਹੋਵੇ ਤੇ ਢਹਿ ਢੇਰੀ ਹੋਣ ਦੇ ਰਾਹੇ ਪੈ ਰਿਹਾ ਹੋਵੇ ਅਤੇ ਆਉਣ ਵਾਲਾ ਨਿਜ਼ਾਮ ਜਨਮ ਲੈਣ ਨੂੰ ਔਹਲ ਰਿਹਾ ਹੋਵੇ, ਕਾਬਜ਼ ਨੂੰ ਵੰਗਾਰਨ ਨੂੰ ਤਿਆਰ ਹੋਵੇ ਤਾਂ ਨਜ਼ਰੀਏ ਦਾ, ਕਦਰਾਂ ਕੀਮਤਾਂ ਦੇ ਸਿਸਟਮ ਦਾ ਮਸਲਾ ਅਹਿਮ ਤੇ ਫ਼ੈਸਲਾਕੁਨ ਹੋ ਜਾਂਦਾ ਹੈ। ਆਮ੍ਹੋ ਸਾਹਮਣੇ ਇਕ ਦੂਸਰੇ ਦੇ ਵਿਰੋਧੀ ਦੋਹਾਂ ਜਮਾਤੀ ਪੈਂਤੜਿਆਂ ਦੇ, ਆਪਸ ਵਿਚ ਵਿਰੋਧੀ ਨਜ਼ਰੀਏ, ਕਦਰਾਂ ਕੀਮਤਾਂ ਦੇ ਸਿਸਟਮ ਖੜ੍ਹੇ ਹੁੰਦੇ ਹਨ। ਉਹਨਾਂ ਵਿਚੋਂ ਜਿਸ ਨਜ਼ਰੀਏ ਦਾ ਬੁਧੀਮਾਨ ਤਬਕਾ ਹੋ ਗਿਆ, ਉਸ ਦੇ ਗਿਆਨ ਦੀ ਤਾਕਤ ਉਸ ਨਜ਼ਰੀਏ ਵਾਲੇ ਪੈਂਤੜੇ ਦੀ ਹੋ ਗਈ। ਜਿਸ ਮਿਕਦਾਰ ਵਿਚ ਜਿਸ ਹੱਦ ਤਕ ਜਿਧਰ ਨੂੰ ਝੁਕ ਗਿਆ ਉਸ ਹੱਦ ਤਕ ਆਪਣੇ ਗਿਆਨ ਦੀ ਤਾਕਤ ਲੈ ਗਿਆ। ਸਮਾਜਵਾਦੀ ਇਨਕਲਾਬ ਤੋਂ ਮਗਰੋਂ ਬੁਰਜੁਆ ਤੇ ਪਰੋਲਤਾਰੀ, ਦੋਵੇਂ ਪੈਂਤੜੇ ਆਪਸ ਵਿਚ ਤੁਲੇ ਖੜ੍ਹੇ ਹੁੰਦੇ ਹਨ। ਆਪਸ ਵਿਚ ਸਿਰਫ਼ ਉਨੀ ਇੱਕੀ ਦਾ ਹੀ ਫ਼ਰਕ ਹੁੰਦਾ ਹੈ। ਹਰ ਪਹਿਲੂ ਦੇ ਗਿਆਨ ਤੋਂ ਬਗੈਰ ਤਾਂ ਸਰਦਾ ਨਹੀਂ। ਸੋ ਦੋਵੇਂ ਧਿਰਾਂ ਬੁਧੀਮਾਨ ਤਬਕੇ ਨੂੰ ਆਪੋ ਆਪਣੀ ਵਲ ਖਿਚਦੀਆਂ ਹਨ। ਜਿਧਰ ਦਾ ਬੁਧੀਮਾਨ ਤਬਕਾ ਹੋ ਗਿਆ, ਜਿੰਨਾ ਹੋ ਗਿਆ, ਓਧਰ ਓਨੇਂ ਗਿਆਨ ਦੀ ਤਾਕਤ ਚਲੀ ਗਈ। ਇਸ ਪ੍ਰਸੰਗ ਵਿਚ ਆਪਣੀ ਗਿਣਤੀ ਨਾਲੋਂ ਕਿਤੇ ਜ਼ਿਆਦਾ, ਬੁਧੀਮਾਨ ਤਬਕੇ ਦਾ ਨਜ਼ਰੀਆ, ਉਸ ਦੀਆਂ ਕਦਰਾਂ ਕੀਮਤਾਂ ਦਾ ਪੈਮਾਨਾ ਬੜਾ ਅਹਿਮ ਤੇ ਫ਼ੈਸਲਾਕੁਨ ਹੁੰਦਾ ਹੈ। (ਚਲਦਾ)



# ਡਾਕਟਰ ਹਰਿਭਜਨ ਸਿੰਘ ਦਾ ਸਾਹਿਤ-ਵਿਗਿਆਨ—੨

ਭੁਪਿੰਦਰ ਸਿੰਘ ਖਹਿਰਾ

[ਡਾ: ਹਰਿਭਜਨ ਸਿੰਘ ਦੀ ਆਪਣੀ ਦੁਬਿਧਾ, ਉਸ ਦੇ ਆਪਾ-ਵਿਰੋਧਾਂ ਅਤੇ ਪਾਠਕਾਂ/ਵਿਦਿ-ਆਰਥੀਆਂ ਨੂੰ ਭੰਬਲ-ਭੂਸਿਆਂ ਵਿਚ ਪਾਉਣ ਦੇ ਉਸ ਦੇ ਜਤਨਾਂ ਬਾਰੇ ਇਸ ਲੇਖ-ਲੜੀ ਦੀ ਇਹ ਦੂਸਰੀ ਕਿਸ਼ਤ ਹੈ। ਪਹਿਲੀ ਕਿਸ਼ਤ **ਸਧ** ਦੇ ਜੂਨ ਅੰਕ ਵਿਚ **ਅੱਧੀ ਤੇਰੀ ਆਂ ਮੁਲਾਜ਼ੇਦਾਰਾ** ਦੇ ਸਿਰਲੇਖ ਹੇਠ ਛਪੀ ਸੀ]

**ਸੰਰਚਨਾਵਾਦੀਆਂ** ਵਿਚੋਂ ਡਾ: ਹਰਿਭਜਨ ਸਿੰਘ ਹੋਰਾਂ ਨੂੰ ਹੀ ਇਹ ਮਾਣ ਹਾਸਲ ਹੈ ਕਿ ਉਹਨਾਂ ਨੇ ਪੰਜਾਬੀ ਵਿਚ ਕੁਝ ਲਿਖਣ ਦਾ ਹੀਆ ਕੀਤਾ ਹੈ (ਬੇਸ਼ਕ ਉਹਨਾਂ ਦੀ ਪੰਜਾਬੀ ਅੜਾਉਣੀਆਂ-ਭਰੀ ਤੇ ਕੁੰਡਲਦਾਰ ਹੈ); ਬਾਕੀ ਦੇ ਵਿਦੇਸ਼ੀ-ਨੁਮਾ-ਦੇਸੀ ਸੰਰਚਨਾਵਾਦੀ ਤਾਂ ਪੰਜਾਬੀ ਵਿਚ ਲਿਖਣ ਦਾ ਹੀਆ ਵੀ ਨਹੀਂ ਕਰ ਸਕੇ। ਸਗੋਂ ਉਹ ਤਾਂ ਇਹ ਪ੍ਰਚਾਰਦੇ ਰਹੇ ਨੇ ਕਿ ਅਜੇਹੀ ਭਾਸ਼ਾ 'ਚ ਲਿਖੋ ਜਿਹੜੀ ਦੂਸਰਿਆਂ ਦੀ ਸਮਝ ਵਿਚ ਨਾ ਆ ਸਕੇ, ਵਿਦਵਤਾ ਇਸੇ ਵਿਚ ਹੈ। ਡਾ: ਹਰਿਭਜਨ ਸਿੰਘ ਨੇ ਸੰਰਚਨਾਵਾਦ ਨੂੰ ਆਧਾਰ ਬਣਾ ਕੇ ਸਾਹਿਤ-ਵਿਗਿਆਨ ਉਸਾਰਨ ਦਾ ਯਤਨ ਕੀਤਾ ਹੈ। ਅਸੀਂ ਡਾ: ਸਾਹਿਬ ਦੀਆਂ ਉਹਨਾਂ ਸਾਰੀਆਂ ਮੂਲ ਧਾਰਨਾਵਾਂ ਦਾ ਜਾਇਜ਼ਾ ਲਵਾਂਗੇ ਜਿਹਨਾਂ 'ਤੇ ਇਸ ਯਤਨ ਦੀ ਉਸਾਰੀ ਹੋਈ ਹੈ।

**ਇਤਿਹਾਸ ਤੇ ਗਲਪ** : ਡਾ: ਹਰਿਭਜਨ ਸਿੰਘ ਨੇ ਸਾਹਿਤ-ਵਿਗਿਆਨ ਦੀ ਮਾਲਾ ਪੁੱਠੀ ਫੇਰਨੀ ਅਰੰਭੀ ਹੈ। ਉਹਨਾਂ ਦਾ, ਜਾਪਦਾ ਏ, ਮਾਲਾ ਦੇ ਪੁੱਠੀ ਜਾਂ ਸਿਧੀ ਹੋਣ ਨਾਲ ਵਾਸਤਾ ਨਹੀਂ, ਉਹਨਾਂ ਦਾ ਤਾਂ ਮਣਕੇ 'ਤੇ ਮਣਕਾ ਗਿਰਨ੍ਹਾ ਚਾਹੀਦੈ। ਡਾ. ਹਰਿਭਜਨ ਸਿੰਘ ਹੋਰਾਂ ਦਾ ਕਥਨ ਹੈ : "ਇਸ ਸਬੰਧ ਵਿਚ ਬੁਨਿਆਦੀ ਨੁਕਤਾ ਇਹ ਹੈ ਕਿ ਸਾਹਿਤ ਪਾਠਾਂ ਦਾ ਬਣਿਆ ਹੁੰਦਾ ਹੈ ਕਿਸੇ ਦੀ ਆਸ਼ਾ ਮਨਸ਼ਾ ਦਾ ਨਹੀਂ ਅਤੇ ਪਾਠ ਭਾਸ਼ਾ ਦੇ ਬਣੇ ਹੁੰਦੇ ਹਨ, ਵਸਤਾਂ ਜਾਂ ਵਿਚਾਰਾਂ ਦੇ ਨਹੀਂ। ਅਨੇਕ ਪਾਠ ਸਮੇਂ ਵਿਚ ਫੈਲ ਕੇ ਇਤਿਹਾਸ ਬਣ ਜਾਂਦੇ ਹਨ। ਸਾਹਿਤ ਇਤਿਹਾਸ ਦਾ ਪ੍ਰਾਥਮਿਕ ਆਧਾਰ ਪਾਠਾਂ ਦਾ ਸਮੇਂ ਵਿਚ ਫੈਲਾਓ ਹੀ ਹੈ।"[1]

ਇਥੇ ਡਾ: ਸਾਹਿਬ ਦਾ ਭਾਸ਼ਾ, ਸਾਹਿਤ ਅਤੇ ਇਤਿਹਾਸ, ਤਿੰਨਾਂ ਬਾਰੇ ਹੀ ਨਜ਼ਰੀਆ ਦਰੁਸਤ ਨਹੀਂ ਹੈ। ਇਹਨਾਂ ਤਿੰਨਾਂ ਨੂੰ ਇਹਨਾਂ ਦੇ ਮੂਲ ਸੋਮਿਆਂ ਤੋਂ ਤੋੜ ਕੇ ਦੇਖਿਆ ਗਿਆ ਹੈ। ਸਾਹਿਤ ਨੂੰ ਸਹਿਤ ਦੇ ਸੋਮਿਆਂ ਤੋਂ, ਇਤਿਹਾਸ ਨੂੰ ਇਤਿਹਾਸ ਦੇ ਸੋਮਿਆਂ ਤੋਂ ਅਤੇ ਭਾਸ਼ਾ ਨੂੰ ਭਾਸ਼ਾ ਦੇ ਮੂਲ ਸੋਮਿਆਂ ਤੋਂ ਅਲੱਗ ਕੀਤਾ ਗਿਆ ਹੈ। ਡਾ: ਹਰਿਭਜਨ ਸਿੰਘ ਹੋਰਾਂ ਦਾ ਉਪਰੋਕਤ ਕਥਨ ਕੀ ਇਹ ਸਿੱਧ ਨਹੀਂ ਕਰਦਾ ਕਿ ਭਾਸ਼ਾ ਸਮਾਜਕ ਉਪਜ ਨਹੀਂ? ਡਾ. ਹਰਿਭਜਨ ਸਿੰਘ ਦੇ ਉਪਰੋਕਤ ਪ੍ਰਵਚਨ ਅਨੁਸਾਰ ਸਮਾਜ ਕਿਥੇ ਖੜ੍ਹਦਾ ਹੈ? ਕੀ ਕਿਸੇ ਸਮਾਜ ਦੀ ਕੋਈ ਆਸ਼ਾ ਮਨਸ਼ਾ ਨਹੀਂ ਹੁੰਦੀ? ਕੀ ਇਹ ਆਸ਼ਾ ਮਨਸ਼ਾ ਸਾਹਿਤ ਵਿਚ ਸਾਕਾਰ ਨਹੀਂ ਹੁੰਦੀ? ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਗੱਲ ਯਕੀਨਨ ਹੀ ਮੰਨਣੀ ਪਏਗੀ ਕਿ ਸਮਾਜਕ ਵਸਤਾਂ, ਪ੍ਰਸਥਿਤੀਆਂ,

ਰਿਸ਼ਤੇ ਅਤੇ ਵਿਚਾਰ ਹੀ ਸਾਹਿਤ ਨੂੰ ਜਨਮ ਦਿੰਦੇ ਹਨ। ਇਹਨਾਂ ਦਾ ਵਿਕਾਸ ਹੀ ਇਤਿਹਾਸ ਦੀ ਸਿਰਜਣਾ ਕਰਦਾ ਹੈ। ਇਹਨਾਂ ਦਾ ਸੰਚਾਰ ਹੀ ਭਾਸ਼ਾ ਹੈ। ਸਾਹਿਤ, ਸਮਾਜ ਦੇ ਇਤਿਹਾਸਕ ਅਤੇ ਪਦਾਰਥਕ ਹਾਲਾਤ ਦੀ ਉਪਜ ਹੁੰਦਾ ਹੈ। ਜੇਕਰ ਸਾਹਿਤ, ਕਿਸੇ ਸਮਾਜ ਦੇ ਇਤਿਹਾਸਕ ਹਾਲਾਤ ਦੀ ਉਪਜ ਹੈ ਤਾਂ ਇਹ ਗੱਲ ਵੀ ਸਾਫ਼ ਹੀ ਹੈ ਕਿ ਇਹ ਇਤਿਹਾਸਕ ਹਾਲਾਤ ਦਾ ਮੂਲ ਪ੍ਰੇਰਕ ਨਹੀਂ ਹੋ ਸਕਦਾ। ਸਾਹਿਤ ਕਿਉਂਕਿ ਕਿਸੇ ਸਮਾਜ ਦੇ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ ਇਸ ਲਈ ਇਹ ਵੀ ਉਹਨਾਂ ਇਤਿਹਾਸਕ ਹਾਲਤਾਂ ਦੀ ਉਪਜ ਹੈ ਜਿਹੜੇ ਉਸਦੇ ਜੀਵਨ ਪ੍ਰਵਾਹ ਨੂੰ ਤੋਰਦੇ ਹਨ। ਇਸ ਲਈ ਸਾਹਿਤ ਦਾ ਵਿਸ਼ਲੇਸ਼ਣ ਸਿਰਫ਼ ਇਤਿਹਾਸਕ ਹਾਲਤਾਂ ਅਤੇ ਸਮਾਜ-ਪ੍ਰਬੰਧ ਰਾਹੀਂ ਹੀ ਸੰਭਵ ਹੈ।

ਡਾ: ਹਰਿਭਜਨ ਸਿੰਘ ਦੀ ਇਤਿਹਾਸ ਤੇ ਗਲਪ ਬਾਰੇ, ਭਾਸ਼ਾ ਤੇ ਸਾਹਿਤ ਬਾਰੇ ਬਿਲਕੁਲ ਫ਼ੱਦੂ ਕਿਸਮ ਦੀ ਪਹੁੰਚ ਹੈ। ਲੋਕਾਂ ਦੇ ਕੋਈ ਗੱਲ ਪੱਲੇ ਪਾਉਣ ਦੀ ਥਾਂ ਡਾ: ਸਾਹਿਬ ਦਾ ਅਸਲ ਮਨਸ਼ਾ ਲੱਛੇਦਾਰ ਸ਼ਬਦਾਵਲੀ ਵਿਚ ਉਹਨਾਂ ਨੂੰ ਉਲਝਾ ਕੇ, ਉਹਨਾਂ ਦੀ ਮਾਨਸਿਕ ਗੁਦਗੁਦਾਈ ਕਰਨ ਦਾ ਹੈ। ਇਹ ਲੋਕ ਇਸੇ ਵਿਚ ਖ਼ੁਸ਼ ਨੇ! ਡਾ: ਸਾਹਿਬ ਦੇ ਇਸ ਬੇਬੁਨਿਆਦ ਮਨਸ਼ੇ ਅਤੇ ਪਹੁੰਚ ਵਿਚੋਂ ਗੁਦਗੁਦੀ-ਵਿਗਿਆਨ ਤਾਂ ਉੱਸਰ ਸਕਦਾ ਹੈ, ਪਰ ਸਾਹਿਤ-ਵਿਗਿਆਨ ਦੀ ਆਸ ਨਹੀਂ ਰਖੀ ਜਾ ਸਕਦੀ।

ਥੋੜੀ ਦੇਰ ਬਾਅਦ ਹੀ ਡਾ. ਹਰਿਭਜਨ ਸਿੰਘ ਨੂੰ (ਸ਼ਾਇਦ !) ਆਪਣੀ ਦਲੀਲ ਦਾ ਥੋਥਾਪਣ ਮਹਿਸੂਸ ਹੁੰਦਾ ਹੈ। ਉਹ ਲਿਖਦੇ ਨੇ: ''ਸਾਹਿਤ ਦਾ ਆਪਣੇ ਆਲੇ ਦੁਆਲੇ ਨਾਲ ਸਬੰਧ ਹੈ, ਇਸ ਤੋਂ ਇਨਕਾਰ ਸੰਭਵ ਨਹੀਂ। ਸਾਹਿਤ ਸਮਾਜਕ ਵਸਤਾਂ ਦਾ ਨਹੀਂ ਬਣਦਾ। ਸਾਹਿਤ ਸਾਹਿਤ ਵਿਚੋਂ ਪੈਦਾ ਹੁੰਦਾ ਹੈ, ਪੁਸਤਕਾਂ ਪੁਸਤਕਾਂ ਵਿਚੋਂ ਜਨਮ ਲੈਂਦੀਆਂ ਹਨ। ਇਹਨਾਂ ਦੀ ਨਿਰੰਤਰ ਲੜੀ ਵਿਚੋਂ ਹੀ ਸਾਹਿਤ-ਇਤਿਹਾਸ ਦੀ ਰਚਨਾ ਹੋ ਸਕਦੀ ਹੈ।''[2]

ਡਾ. ਹਰਿਭਜਨ ਸਿੰਘ ਦੀ ਉਪਰੋਕਤ ਧਾਰਨਾ ਅਨੁਸਾਰ ਕੁੱਤੀ ਦੇ ਬਾਂਦਰ ਜੰਮ ਸਕਦਾ ਹੈ; ਔਰਤ ਮੇਮਣਾ ਜਣ ਸਕਦੀ ਹੈ। ਜਪੁਜੀ ਸਾਹਿਬ 'ਚੋਂ ਹੀਰ ਰਾਂਝੇ ਦੀ ਕਥਾ ਉਸਰ ਸਕਦੀ ਏ—ਕਿਉਂਕਿ ਸਾਹਿਤ ਵਿਚਾਰਾਂ ਦਾ ਨਹੀਂ ਬਣਦਾ। ਡਾ. ਸਾਹਿਬ ਨੂੰ ਇਹ ਸਮਝਣ ਦੀ ਸਖ਼ਤ ਜ਼ਰੂਰਤ ਹੈ ਕਿ ਸਮਾਜਕ ਵਸਤਾਂ ਇੱਟਾਂ ਵੱਟੇ ਨਹੀਂ ਹੁੰਦੇ, ਜਿਹਨਾਂ ਦਾ ਕੋਈ ਕੋਠਾ ਉਸਾਰਨਾ ਹੈ। ਇਹ ਤਾਂ ਕਦਰਾਂ, ਰਿਸ਼ਤਿਆਂ ਤੇ ਪ੍ਰਸਥਿਤੀਆਂ ਰਾਹੀਂ ਸਾਕਾਰ ਹੁੰਦੀਆਂ ਹਨ। ਇਹਨਾਂ ਤੋਂ ਬਿਨਾਂ ਸਾਹਿਤ ਦਾ ਕੋਈ ਅਰਥ ਨਹੀਂ, ਕੋਈ ਸੰਕਲਪ ਨਹੀਂ। ਡਾ. ਸਾਹਿਬ ਆਪਣੇ ਉਪਰੋਕਤ ਸਿਧਾਂਤ ਅਨੁਸਾਰ 'ਡਾਕਟਰ' ਤੇ 'ਡਾਕਟਰਨੀਆਂ' ਤਾਂ ਜਣ ਸਕਦੇ ਹਨ, ਪਰ ਵਿਚਾਰਵਾਨ ਮਨੁੱਖ ਦਾ ਜਨਮ ਇਸ ਸਿਧਾਂਤ ਰਾਹੀਂ ਸੰਭਵ ਨਹੀਂ।

**ਚਿਹਨਾਲੋਚਨਾ** : ਡਾ: ਹਰਿਭਜਨ ਸਿੰਘ ਨੇ 'ਚਿਹਨਾਲੋਚਨਾ' ਦਾ ਇਕ ਨਵਾਂ ਸ਼ੋਸ਼ਾ ਛੱਡਿਆ ਹੈ। ਡਾ: ਸਾਹਿਬ ਨੂੰ ਇਹ ਸ਼ੋਸ਼ਾ ਛੱਡਣ ਦੀ ਜ਼ਰੂਰਤ ਕਿਉਂ ਪਈ? ਡਾ: ਸਾਹਿਬ ਦਾ ਕਥਨ ਹੈ: ''ਇਸ ਸਬੰਧ ਵਿਚ ਜਿਸ ਸ਼ਬਦ ਨੇ ਪੰਜਾਬੀ ਆਲੋਚਨਾ ਵਿਚ ਸਭ ਤੋਂ ਵਧੀਕ ਘਚੋਲਾ ਫੇਰਿਆ ਹੈ, ਜਿਸ ਨੂੰ ਸ਼ਾਂਤ ਚਿਤ ਹੋ ਕੇ ਵਿਚਾਰਨਾ ਉਚਿਤ ਪ੍ਰਤੀਤ ਹੁੰਦਾ ਹੈ, ਉਹ ਹੈ ਮਾਨਵਵਾਦ। ਫਰਾਰੀ ਕਿਸਮ ਦੇ ਆਲੋਚਕਾਂ ਦੀ ਓੜਕ ਸ਼ਰਨਭੂਮੀ ਇਹੋ ਸ਼ਬਦ ਹੈ। ਜਦੋਂ ਤਰਕ ਸਬੰਧੀ ਸਮਰੱਥਾ ਮੁਕਦੀ ਪ੍ਰਤੀਤ ਹੁੰਦੀ ਹੈ ਉਦੋਂ ਮਾਨਵਵਾਦੀ ਭਾਵੁਕਤਾ ਨਾਲ ਕੰਮ ਸਾਰ ਲਿਆ ਜਾਂਦਾ ਹੈ। ਯਥਾਰਥ ਜਾਂ ਵਾਸਤਵਿਕਤਾ ਦਾ ਕੋਈ ਵੀ ਇਕ ਟੁਕੜਾ ਸੰਰਚਨਾ ਹੈ। ਸੰਰਚਨਾ ਅਤੇ ਉਸ ਦਾ ਅਨੁਭਵ ਦੋ



ਵੱਖੋ ਵਖਰੀਆਂ ਹਕੀਕਤਾਂ ਹਨ। ਯਥਾਰਥ ਨੂੰ ਸਮਝਣ ਲਈ ਉਸ ਨੂੰ ਅਨੁਭਵ ਤੋਂ ਵਖਰਾ ਕਰਨਾ ਪਵੇਗਾ।''[3]

ਇਹੋ ਜਿਹਾ ਮੱਤ ਤਾਂ ਉਹ ਵਿਅਕਤੀ ਹੀ ਪੇਸ਼ ਕਰ ਸਕਦਾ ਹੈ ਜਿਸ ਦਾ ਸਮਾਜ-ਵਿਗਿਆਨ ਅਤੇ ਭੌਤਿਕ-ਵਿਗਿਆਨ ਪ੍ਰਤੀ ਨਜ਼ਰੀਆ ਮਸਤ ਹੋਵੇ। ਕੀ ਅੰਨ੍ਹਾ ਸ਼ਤਰੰਜ ਖੇਡ ਸਕਦਾ ਹੈ? ਯਥਾਰਥ ਨੂੰ ਅਨੁਭਵ ਤੋਂ ਵਖਰਿਆਂ ਕਰ ਕੇ ਕਿਵੇਂ ਸਮਝਿਆ ਜਾ ਸਕਦਾ ਹੈ? ਕੀ ਯਥਾਰਥ ਦਾ ਵਿਸ਼ਲੇਸ਼ਣ ਕਰਨ ਸਮੇਂ ਅੱਖਾਂ ਮੀਟ ਲਉਗੇ? ਡਾ: ਸਾਹਿਬ ਇਹੋ ਜਿਹੇ ਸਾਹਿਤ-ਵਿਗਿਆਨੀ ਪੈਦਾ ਕਰਨਾ ਚਾਹੁੰਦੇ ਹਨ ਜਿਹਨਾਂ ਦੇ ਦਿਮਾਗ਼ਾਂ ਵਿਚ ਵਿਚਾਰਾਂ ਦੀ ਥਾਂ ਤੂੜੀ ਜਾਂ ਭੂਸਾ ਭਰਿਆ ਹੋਵੇ, ਅਜੇਹੇ 'ਵਿਗਿਆਨੀ' ਹੀ ਅਨੁਭਵ ਤੋਂ ਮੁਕਤ ਹੋ ਸਕਦੇ ਨੇ। ਫੇਰੋ ਲੋਕਾਂ ਦੀ ਐਸੀ ਤੈਸੀ, ਤੁਹਾਡੀ ਇਸੇ ਵਿਚ ਚਾਂਦੀ ਐ।

ਡਾ. ਸਾਹਿਬ ਆਪਣੀ ਆਲੋਚਨਾ ਦਾ ਪਰਸੰਗ ਅਗੇ ਤੋਰਦੇ ਹਨ: ''ਮਾਰਕਸਵਾਦੀ ਸਮਾਲੋਚਕ ਕਿਸੇ ਕਾਵਿ ਕ੍ਰਿਤ ਦਾ ਅਧਿਐਨ ਕਰਨ ਵੇਲੇ ਸਬੰਧਤ ਕਵੀ ਦਾ ਵਰਗ ਪਛਾਣਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਲੇਖਕ ਨੇ ਯਥਾਰਥ ਨੂੰ ਆਪਣੀ ਵਰਗ-ਚੇਤਨਾ ਅਨੁਸਾਰ ਵੇਖਿਆ ਹੈ। ਕਵੀ ਅਤੇ ਆਲੋਚਕ ਦੋਹਾਂ ਨੇ ਯਥਾਰਥ ਨੂੰ ਆਪਣੀ ਵਰਗ-ਚੇਤਨਾ ਅਨੁਸਾਰ ਢਾਲਿਆ ਹੈ। ਦੋਵੇਂ ਵਸਤੂ ਦੀ ਵਾਸਤਵਿਕਤਾ ਤਕ ਨਹੀਂ ਪਹੁੰਚਦੇ।''[4]

ਡਾਕਟਰ ਸਾਹਿਬ ਨੂੰ ਕਿਸੇ ਮਾਰਕਸਵਾਦੀ ਆਲੋਚਕ ਤੋਂ ਡਰਨ ਦੀ ਲੋੜ ਨਹੀਂ ਕਿਉਂਕਿ ਮਾਰਕਸਵਾਦੀ ਆਲੋਚਕ ਕਵੀਆਂ ਨੂੰ ਵੱਗ ਦੇ ਕੱਟੇ ਵੱਛੇ ਸਮਝ ਕੇ ਉਹਨਾਂ ਦੀ ਵਰਗ-ਵੰਡ ਨਹੀਂ ਕਰਦਾ। ਮਾਰਕਸਵਾਦੀ ਆਲੋਚਕ ਤਾਂ ਕਵੀ ਦੇ ਵਿਚਾਰਾਂ ਨੂੰ ਸਮਾਜਕ ਪ੍ਰਸੰਗ ਅਨੁਸਾਰ ਪਰਖਣ ਵਿਚ ਵਿਸ਼ਵਾਸ ਰਖਦਾ ਹੈ। ਸਮਾਜ ਵਿਚ ਰਿਸ਼ਤਿਆਂ ਦੀ ਡਾਇਲੈਕਟਿਕਸ ਪੈਦਾਵਾਰ ਦੇ ਸਾਧਨਾਂ ਨੇ ਪਹਿਲਾਂ ਹੀ ਤੈ ਕਰ ਰਖੀ ਹੁੰਦੀ ਹੈ। ਇਕ ਪ੍ਰਕਾਰ ਦੇ ਰਿਸ਼ਤੇ ਲੁਟ (ਸਰੀਰਕ, ਮਾਨਸਿਕ, ਆਰਥਕ ਤੇ ਪਦਾਰਥਕ) ਦੀ ਸਥਾਪਤੀ ਨੂੰ ਸਥਾਪਤ ਕਰਦੇ ਹਨ। ਦੂਸਰੀ ਪ੍ਰਕਾਰ ਦੇ ਰਿਸ਼ਤੇ ਇਸ ਲੁਟ ਦੇ ਵਿਰੋਧ ਵਿਚ ਖੜਦੇ ਹਨ। ਲੇਖਕ ਦੇ ਹਾਵ-ਭਾਵ, ਉਸ ਦੀ ਆਤਮਾ ਕਿਸ ਪ੍ਰਕਾਰ ਦੇ ਰਿਸ਼ਤਿਆਂ ਵਿਚ ਵਹਿੰਦੀ ਹੈ?—ਇਹ ਕਵੀ ਦੇ ਅਨੁਭਵ ਅਤੇ ਕ੍ਰਿਤ ਦੀ ਵਰਗ-ਵੰਡ ਹੀ ਨਹੀਂ ਕਰਦੇ ਸਗੋਂ ਕਵੀ ਦੀ ਸਮਾਜ ਪ੍ਰਤੀ ਪੁਜ਼ੀਸ਼ਨ ਸਾਫ਼ ਕਰ ਦਿੰਦੇ ਹਨ। ਲੇਖਕ ਦੋਹਾਂ ਕਿਸਮਾਂ ਦੇ ਰਿਸ਼ਤਿਆਂ 'ਚੋਂ ਆਪਣੀ ਚੇਤਨਾ ਅਨੁਸਾਰ ਚੋਣ ਕਰਦਾ ਹੈ। ਇਹ ਚੋਣ ਕਵੀ ਦੀ ਕਵਿਤਾ ਵਾਂਗ ਆਵੇਸ਼ ਨਹੀਂ ਹੁੰਦੀ। ਕਿਸੇ ਉਚ-ਵਰਗ ਦਾ ਕਵੀ ਜਾਂ ਲੇਖਕ ਆਪਣੀ ਚੇਤਨਾ ਅਨੁਸਾਰ ਲੁੱਟ ਦੇ ਵਿਰੁਧ ਰਿਸ਼ਤਿਆਂ ਦੀ ਚੋਣ ਵੀ ਕਰ ਸਕਦਾ ਹੈ। ਤਾਲਸਤਾਇ ਅਤੇ ਏਂਗਲਜ਼ ਅਜੇਹੇ ਹੀ ਲੇਖਕ ਸਨ। ਹੌਲੀ ਹੌਲੀ ਇਹ ਚੋਣ ਲੇਖਕ ਸੁੱਤੇ ਸਿਧ ਵੀ ਕਰਨ ਲਗ ਪੈਂਦਾ ਹੈ। ਇਸ ਲਈ ਵਸਤੂ ਦੀ ਵਾਸਤਵਿਕਤਾ ਤੱਕ ਪਹੁੰਚਣ ਦਾ ਇਕੋ ਇਕ ਰਾਹ ਹੈ ਕਿ ਉਸ ਕੇਂਦਰ 'ਤੇ ਪਹੁੰਚਿਆ ਜਾਵੇ ਜਿਥੇ ਵਸਤੂ ਦਾ ਮਨੁੱਖ ਨਾਲ ਰਿਸ਼ਤਾ ਜੁੜਦਾ ਹੈ। ਇਹ ਰਿਸ਼ਤਾ ਅਮਲ ਰਾਹੀਂ ਜੁੜਦਾ ਹੈ, ਕਵਿਤਾ ਰਾਹੀਂ ਨਹੀਂ। ਹਾਂ, ਕਵਿਤਾ ਅਮਲ ਨੂੰ ਪ੍ਰਤੀਬਿੰਬਤ ਕਰ ਸਕਦੀ ਹੈ। ਮਾਰਕਸਵਾਦੀ ਆਲੋਚਕਾਂ 'ਤੇ ਗਿਲਾ ਉਹਨਾਂ ਦੇ ਮੱਤ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਬਗ਼ੈਰ ਹੀ ਡਾ: ਸਾਹਿਬ ਵਲੋਂ ਕੀਤਾ ਗਿਆ ਹੈ।

ਡਾ: ਸਾਹਿਬ ਦੇ ਚਿਹਨਾਲੋਚਕਾਂ ਦੇ ਕਿੱਸੇ ਵਿਚ ਅਗੇ ਅੰਕਿਤ ਹੈ: ''ਮਾਰਕਸਵਾਦੀ ਆਲੋਚਕ ਵਿਅੱਕਤੀ ਨੂੰ ਸਮੂਹ ਦੇ ਵਿਰੋਧ ਵਿਚ ਦੇਖਣ ਦਾ ਆਦੀ/ਵਿਸ਼ਵਾਸ਼ੀ ਹੈ। ਉਹ ਭੁਲ ਜਾਂਦਾ ਹੈ ਕਿ

ਵਿਅਕਤੀ ਦਾ ਅਸਲ ਵਿਰੋਧ ਵਸਤੂ ਨਾਲ ਹੈ। ਵਸਤੂ ਦੇ ਮੁਕਾਬਲੇ ਸਮੂਹ ਚੇਤਨਾ ਆਧਾਰਿਤ ਵਿਅਕਤੀ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਣ ਵਾਲਾ ਆਲੋਚਕ ਅਸਲ ਵਿਚ ਵਿਅਕਤੀ-ਵਾਦੀ ਹੈ। ਇਸ ਵਿਅੱਕਤੀਵਾਦ ਪ੍ਰਤੀ ਸੁਚੇਤ ਹੋਣਾ ਅਤੇ ਉਸ ਨੂੰ ਉਲੰਘ ਕੇ ਵਸਤੂ ਦੀ ਵਾਸਤਵਿਕਤਾ ਤੱਕ ਪਹੁੰਚਣਾ ਸਾਹਿਤ ਸਮਾਲੋਚਕਾਂ ਦੀ ਮੂਲ ਵਿਧੀ ਹੈ।''[5]

ਡਾ. ਸਾਹਿਬ ਇਹ ਤਾਂ ਮੰਨਦੇ ਹਨ ਕਿ ਵਿਅਕਤੀ ਦਾ ਵਸਤੂ ਨਾਲ ਵਿਰੋਧ ਹੈ। ਕੀ ਵਿਅਕਤੀ ਅਤੇ ਵਸਤੂ ਦਾ ਸਮਾਜ ਨਾਲ ਜਾਂ ਸਮੂਹ ਨਾਲ ਕੋਈ ਰਿਸ਼ਤਾ ਨਹੀਂ ? ਇਹ ਰਿਸ਼ਤਾ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ : ਵਿਅਕਤੀ—ਸਮਾਜ—ਵਸਤੂ—ਵਿਅਕਤੀ।

ਜੇਕਰ ਡਾ. ਸਾਹਿਬ ਵਿਅਕਤੀ ਤੇ ਵਸਤੂ ਦਾ ਵਿਰੋਧ ਮੰਨਦੇ ਹਨ ਤਾਂ ਉਹ ਸਮਾਜ ਅਤੇ ਵਿਅਕਤੀ ਅਤੇ ਵਸਤੂ ਅਤੇ ਸਮਾਜ ਦੇ ਵਿਰੋਧ ਤੋਂ ਕਿਵੇਂ ਮੁਨਕਰ ਹੋ ਸਕਦੇ ਹਨ ? ਫਿਰ ਉਹਨਾਂ ਦਾ ਮਾਰਕਸਵਾਦੀ ਆਲੋਚਕਾਂ 'ਤੇ ਗਿਲਾ ਕਿਥੋਂ ਤਕ ਜਾਇਜ਼ ਹੈ ? ਡਾ. ਸਾਹਿਬ ਦੇ ਸਾਹਿਤ-ਵਿਗਿਆਨ ਵਿਚ ਵਿਚਾਰ ਅਤੇ ਅਨੁਭਵ ਨੂੰ ਕੋਈ ਥਾਂ ਹੀ ਨਹੀਂ।

ਡਾ. ਸਾਹਿਬ ਦੀ ਆਤਮਾ ਇਕ ਕਵੀ ਦੀ ਕੋਮਲ ਆਤਮਾ ਹੈ ਜੋ ਪਲ ਪਲ ਰੰਗ ਵਟਾਉਂਦੀ ਰਹਿੰਦੀ ਹੈ। ਅਗਲੇ ਪੈਰੇ ਵਿਚ ਉਹ ਇਕ ਹੋਰ ਛੁਰਲੀ ਛੱਡਦੇ ਹਨ : ''ਸਮਾਲੋਚਕ ਭਾਵੇਂ ਵਿਅਕਤੀਵਾਦੀ ਹੋਵੇ, ਭਾਵੇਂ ਵਸਤੂਵਾਦੀ ਦੋਹਾਂ ਨੇ ਆਪਣਾ ਅਧਿਐਨ ਭਾਸ਼ਾ ਰਾਹੀਂ ਕਰਨਾ ਹੁੰਦਾ ਹੈ। ਭਾਸ਼ਾ ਹੀ ਆਪਣੇ ਸਮੂਹਕ ਸੁਭਾਉ ਕਾਰਨ ਵਸਤੂ-ਕੇਂਦ੍ਰਿਤ ਅਧਿਐਨ ਨੂੰ ਵਿਅਕਤੀਵਾਦੀ ਬਣਾ ਸਕਦੀ ਹੈ। ਭਾਸ਼ਾ ਦੀ ਆਪਣੀ ਵਾਸਤਵਿਕਤਾ ਹੀ, ਕਈ ਵਾਰ ਵਸਤੂ ਦੀ ਵਾਸਤਵਿਕਤਾ ਤੱਕ ਪਹੁੰਚਣ ਨਹੀਂ ਦਿੰਦੀ।''[6]

ਡਾ. ਸਾਹਿਬ ਦਾ ਹਾਲ ਉਸ ਬੁੱਢੇ ਵਾਲਾ ਹੈ ਜਿਸ ਦੀ ਢੂਹੀ 'ਤੇ ਖੁਰਕ ਹੁੰਦੀ ਹੋਵੇ ਪਰ ਉਸ ਦਾ ਹੱਥ ਉਥੇ ਨਾ ਪਹੁੰਚਦਾ ਹੋਵੇ। ਅੱਕ ਕੇ ਉਹ ਮੁੰਜ ਦੇ ਮੰਜੇ ਨਾਲ ਖਹਿ ਕੇ ਆਪਣੀ ਸਾਰੀ ਢੂਹੀ ਉਦੇੜ ਸੁਟੇ ਤੇ ਖੁਰਕ ਫਿਰ ਵੀ ਨਾ ਹਟੇ। ਡਾ. ਸਾਹਿਬ ਨੂੰ ਇਹ ਗੱਲ ਖਟਕ ਪਈ ਐ ਕਿ ਆਲੋਚਕ ਵਿਅੱਕਤੀਵਾਦੀ ਬਣ ਜਾਂਦੈ। ਪਰ ਇਹ ਕਿਵੇਂ ਬਣਦੈ—ਸਾਰੀ 'ਢੂਹੀ' ਉਦੇੜਨ ਤੋਂ ਬਾਅਦ ਇਸ ਗੱਲ ਦੀ ਸਮਝ ਫਿਰ ਨਹੀਂ ਪਈ। ਕਦੀ ਇਹ ਗਿਲਾ ਮਾਰਕਸਵਾਦੀ ਆਲੋਚਕਾਂ 'ਤੇ ਕਰਦੇ ਨੇ ਤੇ ਕਦੀ ਭਾਸ਼ਾ 'ਤੇ। ਖੈਰ ਭਾਸ਼ਾ ਤਾਂ ਸੰਰਚਨਾਵਾਦੀਆਂ ਨੇ ਝੁਰਲੂ ਸਮਝਿਆ ਹੋਇਐ, ਚਾਹੇ ਇਸ ਨੂੰ ਲੱਸੀ 'ਚ ਪਾ ਦੇਣ, ਚਾਹੇ ਸਾਹਿਤ ਜਾਂ ਸਭਿਆਚਾਰ 'ਚ, ਸਭ ਪਾਸੇ ਵਾਰੇ ਨਿਆਰੇ ਨੇ।

ਸਾਹਿਤਕ ਭਾਸ਼ਾ ਦੀਆਂ ਕਲੋਲਾਂ ਦੇਖੋ : ''ਆਲੋਚਨਾ ਨਿਸਚਿਤ ਅਤੇ ਨਿਖੜਵੇਂ ਚਿੰਤਨ ਵਾਲਾ ਕਾਰਜ ਹੈ। ਇਸ ਲਈ ਆਪਣੀ ਸ਼ੈਲੀ ਨੂੰ **ਨਿਰਭਾਵ ਰਖਣਾ ਬਹੁਤ ਜ਼ਰੂਰੀ** ਹੈ। ਸੰਰਚਨਾਵਾਦੀ ਜਦੋਂ ਆਪਣੇ ਚਿੰਤਨ ਲਈ ਭਾਸ਼ਾ-ਵਿਗਿਆਨਕ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹੁੰਦੇ ਹਨ ਤਾਂ ਉਹ **ਨਿਰਭਾਵ ਲੋਕ** ਵਿਚ ਹੀ ਪ੍ਰਵੇਸ਼ ਕਰ ਰਹੇ ਹੁੰਦੇ ਹਨ।'' ਸ਼ਾਬਾਸ਼, ਸ਼ਾਬਾਸ਼ ! ਨਿਰਭਾਵ ਲੋਕ ਦੇ ਵਾਸੀਓ। ਇਹੀ ਅਸਲੀ ਥਾਂ ਹੈ ਤੁਹਾਡੀ। ਇਥੇ ਹੀ ਟਿਕੇ ਰਹੋ ਪਰ ਸ਼ਬਦਾਵਲੀ ਨੂੰ ਨਿਰਭਾਵ ਨਾ ਬਣਾਉ। ਤੁਸੀਂ 'ਵਿਦਵਾਨਾਂ' ਦਾ ਉੱਲੂ ਤਾਂ ਬਣਾ ਸਕਦੇ ਹੋ ਪਰ ਸ਼ਬਦਾਵਲੀ ਨੂੰ 'ਨਿਰਭਾਵ' ਨਹੀਂ ਬਣਾ ਸਕਦੇ।

**ਸੰਰਚਨਾਵਾਦੀ ਲਿਖਣ ਸਿਧਾਂਤ** :—ਸਾਹਿਤ ਵਿਗਿਆਨ ਦੀ ਉਸਾਰੀ ਲਈ ਅਗੇ ਡਾ. ਸਾਹਿਬ ਸੰਰਚਨਾਵਾਦੀ ਲਿਖਣ ਸਿਧਾਂਤ ਦੀ ਚਰਚਾ ਛੇੜਦੇ ਹਨ। ਡਾ. ਸਾਹਿਬ ਦਾ ਇਹ



ਸਿਧਾਂਤ ਬੋਰੀ 'ਚ ਬੰਦ ਸਿਧਾਂਤ ਹੈ ਜਿਹੜਾ ਵਿਸ਼ਵ ਪੱਧਰ 'ਤੇ ਅਜ ਤੱਕ ਕਿਸੇ ਵੀ ਸਾਹਿਤਕ ਲਹਿਰ ਨੂੰ ਜਨਮ ਨਹੀਂ ਦੇ ਸਕਿਆ। ਨਾ ਹੀ ਕਿਸੇ ਸਾਹਿਤਕ ਲਹਿਰ ਨੂੰ ਜਨਮ ਦੇਣ ਜੋਗੀ ਇਸ ਵਿਚ ਜਾਨ ਹੈ। ਜਿਹੜੇ ਸਿਧਾਂਤ ਦਾ ਸਮਾਜ ਨਾਲ ਲਾਕਾ-ਦੇਕਾ ਹੀ ਨਹੀਂ ਉਹ ਸਾਹਿਤ ਨੂੰ ਕਿਵੇਂ ਜਨਮ ਦੇ ਸਕਦਾ ਹੈ ?

ਡਾ. ਸਾਹਿਬ ਦਾ ਕਥਨ ਹੈ : ''ਜਿਵੇਂ ਆਧੁਨਿਕ ਯੁਗ ਵਿਚ ਲਿਖਣਾ ਇਕ ਕਿੱਤਾ ਮਾਤਰ ਨਹੀਂ, ਇਸੇ ਤਰ੍ਹਾਂ ਪੜ੍ਹਨਾ ਵੀ ਇਕ ਸ਼ੁਗਲ ਮਾਤਰ ਨਹੀਂ। ਆਧੁਨਿਕ ਲੇਖਨ ਸਿਧਾਂਤ ਦੀ ਪੂਰਨ ਪਰਿਭਾਸ਼ਾ ਦਾ ਇਹ ਵੀ ਇਕ ਲਾਜ਼ਮੀ ਅੰਗ ਹੈ। ਅਜ ਦਾ ਪਾਠਕ ਕਵਿਤਾ ਨਾਵਲ ਆਦਿ ਪੜ੍ਹਨ ਤੋਂ ਪਹਿਲਾਂ ਹੀ ਉਹਨਾਂ ਦੇ ਰੂਪ ਬਾਰੇ ਰਾਇ ਕਾਇਮ ਨਹੀਂ ਕਰ ਲੈਂਦਾ। ਉਹ ਪੜ੍ਹਦਾ ਹੈ ਅਰਥਾਤ ਪੜ੍ਹਨ ਕਾਰਜ ਲਈ ਸੁਚੇਤ ਉਦਮ ਦੀ ਲੋੜ ਹੈ। ਲਿਖਣ ਸਬੰਧੀ ਰੂੜੀਆਂ, ਸੁਚੇਤ ਜਾਂ ਅਚੇਤ ਤੌਰ 'ਤੇ ਲਿਖਤ ਵਿਚ ਸ਼ਾਮਲ ਹੁੰਦੀਆਂ ਹਨ। ਲੇਖਕ ਅਤੇ ਪਾਠਕ ਨੂੰ ਉਹਨਾਂ ਦੀ ਭਰੋਸੇਯੋਗ ਪਕੜ ਹੋਣੀ ਚਾਹੀਦੀ ਹੈ। ਜਦੋਂ ਕੋਈ ਪਾਠਕ ਕਿਸੇ ਲਿਖਤ ਦੇ ਸਮਝ ਵਿਚ ਨਾ ਆਉਣ ਦੀ ਸ਼ਿਕਾਇਤ ਕਰਦਾ ਹੈ ਉਦੋਂ ਪਹਿਲਾ ਪ੍ਰਸ਼ਨ ਉਹਨਾਂ ਰੂੜੀਆਂ ਪ੍ਰਤੀ ਹੋਣਾ ਚਾਹੀਦਾ ਹੈ ਜੋ ਅਜੋਕੀ ਸਾਹਿਤਕਾਰੀ ਦਾ ਬੜਾ ਹੀ ਮਹੱਤਵਸ਼ੀਲ ਸੰਦਰਭ ਹਨ।''[7]

ਪਾਠਕਾਂ ਵਲੋਂ ਡਾ. ਹਰਿਭਜਨ ਸਿੰਘ ਦੀਆਂ ਲਿਖਤਾਂ ਸਮਝ ਨਾ ਆਉਣ ਦੀ ਸ਼ਿਕਾਇਤ ਅਕਸਰ ਹੁੰਦੀ ਹੈ। ਕੀ ਡਾ. ਹਰਿਭਜਨ ਸਿੰਘ ਦਸ ਸਕਦੇ ਨੇ ਕਿ ਉਹ ਕਿਹੜੀਆਂ ਜਗੋਂ—ਨਿਆਰੀਆਂ ਰੂੜੀਆਂ ਦੀ ਵਰਤੋਂ ਕਰਦੇ ਹਨ, ਜਿਹੜੀਆਂ ਸਾਹਿਤਕਾਰੀ ਦਾ ਮਹੱਤਵਸ਼ੀਲ ਸੰਦਰਭ ਹਨ ਪਰ ਪਾਠਕ ਨੂੰ ਉਹਨਾਂ ਦੀ ਭਰੋਸੇਯੋਗ ਪਕੜ ਨਹੀਂ ? ਦਰਅਸਲ ਡਾ. ਸਾਹਿਬ ਦਾ ਇਹ ਫਰਜ਼ੀ ਅਤੇ ਥੋਥਾ 'ਸਿਧਾਂਤ' ਹੈ ਜਿਸ ਦੀ ਕੋਈ ਜੜ੍ਹ ਪੈਰ ਨਹੀਂ। ਇਸ 'ਸਿਧਾਂਤ' 'ਤੇ ਅਮਲ ਨਾ ਇਹਨਾਂ ਨੇ ਆਪ ਕੀਤਾ ਹੈ ਨਾ ਹੀ ਕਿਸੇ ਹੋਰ ਨੇ। ਨਾ ਹੀ ਇਸ 'ਸਿਧਾਂਤ' ਤੇ ਅਮਲ ਸੰਭਵ ਹੈ। ਡਾ. ਸਾਹਿਬ ਦੀ ਇਹ ਕਾਢ ਤਾਂ 'ਪਾਪੜ ਕਰਾਰੇ' ਵਾਲਾ ਧੰਦਾ ਹੈ ਜਿਹੜਾ ਕਿਸੇ ਪਾਠਕ ਦਾ ਢਿੱਡ ਭਰਨ ਦੀ ਥਾਂ ਉਸ ਦਾ ਮੂੰਹ ਚੁਰਚੁਰਾ ਕਰਾਉਣ ਵਿਚ ਵਿਸ਼ਵਾਸ ਰਖਦਾ ਹੈ।

**ਵਿਹਾਰਕ ਆਲੋਚਨਾ** : ਜਿਨ੍ਹਾਂ ਸਜਨਾਂ ਨੇ ਡਾ. ਹਰਿਭਜਨ ਸਿੰਘ ਦੀ ਆਲੋਚਨਾ-ਵਿਧੀ ਦਾ ਗਹੁ ਨਾਲ ਅਧਿਐਨ ਕਰਨ ਦਾ ਸਿਰੜ ਕੀਤਾ ਹੈ ਉਹਨਾਂ ਨੂੰ ਇਹ ਗੱਲ ਸਪੱਸ਼ਟ ਹੀ ਹੈ ਕਿ ਡਾ. ਸਾਹਿਬ ਦੀ ਵਿਹਾਰਕ ਆਲੋਚਨਾ ਕੈਂਚੀ ਮੋਚਨਾ ਹੀ ਹੈ। ਜਿਹੜਾ ਵਿਚਾਰ ਜਾਂ ਸੰਕਲਪ ਇਹਨਾਂ ਦੇ ਅੰਦਰਲੇ ਕਵੀ ਦੇ ਹਾਣ ਦਾ ਨਾ ਹੋਵੇ ਉਸ ਨੂੰ ਉਹ ਕੱਟ ਦਿੰਦੇ ਹਨ। ਜਿਹੜਾ ਫਿੱਟ ਨਾ ਬੈਠੇ ਉਸ ਨੂੰ ਪੱਟ ਦਿੰਦੇ ਹਨ। ਇਸ ਤਰ੍ਹਾਂ ਇਹਨਾਂ ਦਾ ਨਿਸ਼ਚਾ ਮਨ ਮੈਦਾਨ ਕਰਨ ਦਾ ਹੈ।

ਡਾ. ਸਾਹਿਬ ਲਿਖਦੇ ਹਨ : ''ਸਾਡੀ ਮੁੱਲਵਾਦੀ ਆਲੋਚਨਾ ਨੇ ਹੁਣ ਤੱਕ ਮੁੱਲਾਂ ਸਬੰਧੀ ਨਿਰਣੇ ਦਿਤੇ ਹਨ। ਰਚਨਾ ਦੀ ਵਿਹਾਰਕ ਤੋਰ ਦਾ ਵਿਸ਼ਲੇਸ਼ਣ ਨਹੀਂ ਕੀਤਾ। ਇਸ ਤਰ੍ਹਾਂ ਦੀ ਦਿਮਾਗ਼ੀ ਸੁਸਤੀ ਜਾਂ ਅਪਸਾਰ ਨਾਲ ਗਿਆਨ ਖੇਤਰ ਦਾ ਵਿਸਥਾਰ ਨਹੀਂ ਹੁੰਦਾ। ਰਚਨਾਤਮਕ ਅੰਗਾਂ ਉਪਰ ਤੁਲਨਾਤਮਕ ਵਿਚਾਰ ਕਰਨ ਦੀ ਥਾਂ ਮੁੱਲ ਨਿਰਣੇ ਨਾਲ, ਜਾਂ ਵਿਸ਼ਲੇਸ਼ਣ ਦੀ ਥਾਂ ਨਿੰਦਣ ਸਲਾਹੁਣ ਨਾਲ ਕੰਮ ਸਾਰ ਲੈਣਾ ਆਲੋਚਨਾਤਮਕ ਕਾਰਜ ਤੋਂ ਅਪਸਾਰ ਹੈ।''[8]

ਇਸੇ ਲਈ ਡਾ: ਸਾਹਿਬ ਨੇ ਆਪਣੀ 'ਵਿਹਾਰਕ ਆਲੋਚਨਾ' ਵਿਚੋਂ ਮੁੱਲ ਨਿਰਣੇ ਕੱਟ ਦਿਤੇ ਹਨ; ਅਨੁਭਵ ਪੱਟ ਦਿਤੇ ਹਨ। ਬਾਕੀ ਜੋ ਕੁਝ ਬਚਿਆ ਹੈ ਉਹ ਡਾ. ਹਰਿਭਜਨ ਸਿੰਘ ਦੇ ਅੰਦਰਲੇ ਕਵੀ ਦੇ ਹਾਣ ਦਾ ਹੈ; ਉਸ ਅਨੁਸਾਰ ਹੀ ਡਾ. ਹਰਿਭਜਨ ਸਿੰਘ ਵਰਗੇ ਗੁਮਨਾਮ ਕਵੀ

'ਮਹਾਨ' ਬਣ ਬੈਠੇ ਹਨ।

**ਸਾਹਿਤ-ਵਿਗਿਆਨ : ਹਕੀਕਤ ਜਾਂ ਸੁਫ਼ਨਾ?** ਡਾ. ਹਰਿਭਜਨ ਸਿੰਘ ਦਾ ਸਾਹਿਤ-ਵਿਗਿਆਨ ਇਕ ਸੁਫ਼ਨਾ ਹੈ ਜਿਹੜਾ ਕਦੀ ਵੀ ਹਕੀਕਤ ਵਿਚ ਨਹੀਂ ਬਦਲ ਸਕਦਾ। ਇਸ ਦਾ ਕਾਰਨ ਇਹ ਹੈ ਕਿ ਇਸ ਦੀ ਉਸਾਰੀ ਬੇ-ਬੁਨਿਆਦ ਅਤੇ ਬੇਮਹਿਨੀ ਧਾਰਨਾਵਾਂ ਉਪਰ ਕੀਤੀ ਗਈ ਹੈ। ਜਿਹਨਾਂ ਦਾ ਨਾ ਤਾਂ ਕੋਈ ਸਾਹਿਤ ਨਾਲ ਸਬੰਧ ਹੈ ਅਤੇ ਨਾ ਹੀ ਵਿਗਿਆਨ ਨਾਲ।

"ਵਿਗਿਆਨ ਰਚਨਾ ਇਕ ਤਰ੍ਹਾਂ ਨਾਲ ਵਸਤੂ ਨਾਲ ਵਿਸ਼ਾ ਰਚਨਾ ਹੈ। ਜਦੋਂ ਵਿਗਿਆਨੀ ਪਾਣੀ ਨੂੰ $H_2O$ ਕਹਿੰਦਾ ਹੈ ਤਾਂ ਉਸ ਨੇ ਵਸਤੂ ਰੂਪ ਵਿਚ ਪ੍ਰਾਪਤ ਪਾਣੀ ਨੂੰ ਵਿਸ਼ੇ ਰੂਪ ਵਿਚ ਮੁੜ ਉਸਾਰਿਆ ਹੈ। ਸਾਰੀ ਵਿਗਿਆਨ ਰਚਨਾ ਇਸੇ ਨੇਮ ਅਨੁਸਾਰ ਕੰਮ ਕਰਦੀ ਹੈ। ਜੇ ਆਲੋਚਨਾ ਨੇ ਵਿਗਿਆਨ ਬਣਨਾ ਹੈ ਤਾਂ ਉਸ ਨੇ ਵੀ ਸੁਚੇਤ ਹੋ ਕੇ ਇਕ ਵਸਤੂ ਨੂੰ ਵਿਸ਼ੇ ਦੀ ਪੱਧਰ 'ਤੇ ਮੁੜ ਉਸਾਰਨਾ ਹੈ। ਪਾਣੀ ਅਤੇ $H_2O$ ਵਿਚ ਅੰਤਰ ਬਹੁਤ ਸਪੱਸ਼ਟ ਹੈ।"[9]

ਡਾ. ਸਾਹਿਬ ਨੇ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਪਾਣੀ ਅਤੇ $H_2O$ ਵਿਚ ਕੀ ਅੰਤਰ ਹੈ। ਕੀ ਇਹ ਅੰਤਰ ਸੂਝ, ਅਮਲ ਅਤੇ ਯਥਾਰਥ ਦੇ ਕ੍ਰਿਆਸ਼ੀਲ ਹੋਣ ਸਦਕਾ ਹੀ ਅਨੁਭਵ ਨਹੀਂ ਹੁੰਦਾ? ਪਰ ਆਪ ਜੀ ਤਾਂ ਸੂਝ ਅਤੇ ਅਮਲ ਨੂੰ ਆਪਣੇ 'ਵਿਗਿਆਨ' ਦੇ ਨੇੜੇ ਵੀ ਨਹੀਂ ਫਟਕਣ ਦਿੰਦੇ। ਜੇਕਰ $H_2O$ ਵਸਤੂ ਰੂਪ ਦਾ ਵਿਸ਼ੇ ਰੂਪ ਹੈ ਤਾਂ ਕੀ ਪਾਣੀ ਕਿਸੇ ਵਸਤੂ ਰੂਪ ਦਾ ਵਿਸ਼ੇ ਰੂਪ ਨਹੀਂ? ਅੰਤਰ ਸਪੱਸ਼ਟ ਹੈ, ਆਪ ਜਾਣੀ ਜਾਣ ਜੋ ਹੋਏ!

"ਸਾਹਿਤ ਦੇ ਮੁਕਾਬਲੇ ਸਾਹਿਤ-ਵਿਗਿਆਨ ਸੀਮਤ ਜਾਂ ਬੰਦ ਸੰਸਾਰ ਹੈ। ਅਸਲ ਵਿਚ ਇਹ ਨਿਰੋਲ 'ਸੰਦਾਂ' ਦਾ ਸੰਸਾਰ ਹੈ। ਸਾਹਿਤ ਸਿਰਜਣਾ ਵਸਤੂ ਜਗਤ ਦੇ ਕਿਸੇ ਵੀ ਵੇਰਵੇ ਨੂੰ ਗ੍ਰਹਿਣ ਕਰ ਸਕਦਾ ਹੈ। ਪਰ ਸਾਹਿਤ-ਵਿਗਿਆਨ ਦੀ ਵਾਰੀ ਕਿਉਂਕਿ ਸਾਹਿਤ ਸਿਰਜਨਾ ਤੋਂ ਬਾਅਦ ਹੈ, ਇਸ ਲਈ ਇਸ ਨੂੰ ਆਪਣਾ ਖੇਤਰ ਪਹਿਲਾਂ ਚੁਣੀ ਸਮੱਗਰੀ ਤੱਕ ਹੀ ਸੀਮਤ ਰਖਣਾ ਪੈਂਦਾ ਹੈ। ਸਾਹਿਤਕਾਰ ਦੀਆਂ ਪੁਛਾਂ ਸਾਰੇ ਵਿਸ਼ਵ ਨੂੰ ਸੰਬੋਧਿਤ ਹਨ ਅਤੇ ਸਾਹਿਤ ਵਿਗਿਆਨੀ ਦੀਆਂ ਸਿਰਫ ਸਾਹਿਤ ਸਿਰਜਣਾ ਪ੍ਰਤੀ। ਸਾਹਿਤ ਵਿਗਿਆਨ ਦਾ ਖੇਤਰ ਸਿਰਫ ਸੀਮਤ ਹੀ ਨਹੀਂ; ਇਹ ਮਨੁੱਖੀ ਕ੍ਰਿਤਾਂ ਦੀ ਰਹਿੰਦ ਖੂੰਹਦ ਵੀ ਹੈ।"[10] ਕਿਆ ਗਜ਼ਬ ਐ! ਨਿਰੋਲ ਸੰਦਾਂ ਦਾ ਸੰਸਾਰ ਹੈ! ਬਿਲਕੁਲ ਠੀਕ, ਪਰ ਇਹ ਸੰਦ ਸਾਹਿਤ ਨੂੰ ਸਮਝਣ ਜਾਂ ਨਿਖਾਰਨ ਲਈ ਨਹੀਂ; ਇਹ ਸੰਦ ਤਾਂ ਲੋਕਾਂ ਨੂੰ ਬੁਧੂ ਬਣਾਉਣ ਵਾਲੇ ਨੇ। ਅਜੇਹੇ ਸੰਦਾਂ ਦੁਆਰਾ ਕੋਈ ਘੁਸੇ-ਘੱਟਾ ਵਿਗਿਆਨ ਸਿਰਜ ਕੇ ਸਿੱਖੀ-ਸੇਵਕੀ ਤਾਂ ਵਧਾਈ ਜਾ ਸਕਦੀ ਹੈ ਪਰ ਸਾਹਿਤ ਵਿਗਿਆਨ ਦੀ ਸਿਰਜਨਾ ਸੰਭਵ ਨਹੀਂ।

ਡਾ. ਸਾਹਿਬ ਦਾ ਸਾਹਿਤ ਵਿਗਿਆਨ ਬੰਦ ਹੈ, ਕੁੱਜੇ ਵਿਚ ਬੰਦ। ਇਹ ਕੁੱਜਾ ਚੁਕ ਕੇ ਡਾ. ਹਰਿਭਜਨ ਸਿੰਘ ਨਾਹਰਾ ਮਾਰਦੇ ਹਨ ਕੁੱਜੇ ਵਿਚ ਕੀ? ਚੇਲੇ ਬੋਲ ਬੋਲ ਕੇ ਨਿਹਾਲ ਹੁੰਦੇ ਹਨ—ਸਾਹਿਤ ਵਿਗਿਆਨ। ਕੁੱਜੇ ਵਿਚ ਕੀ? ਸਾਹਿਤ ਵਿਗਿਆਨ। ਇਹ ਰੱਟ ਲਾਉਂਦਾ ਇਹ ਕਾਫਲਾ ਦਿੱਲੀ ਤੋਂ ਅੰਬਰਸਰ ਵਲ ਵਧ ਰਿਹਾ ਹੈ। ਦੇਖਦੇ ਆਂ ਕਿੰਨ੍ਹੇ ਕੁ ਵਿਦਵਾਨ ਇਸ ਪੰਥ 'ਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਦੇ ਨੇ।

---

ਪਹਿਲਾਂ ਹਵਾਲਾ ਨੰਬਰ; ਸਫ਼ਾ ਬਰੈਕਟ ਵਿਚ। ਪੁਸਤਕ—**ਰਚਨਾ-ਸੰਰਚਨਾ** 1 (41), 2. (42) 3. (59) 4. (62) 5,6 (60) 7. (84) 8. (97) ਪੁਸਤਕ—**ਸਾਹਿਤ ਵਿਗਿਆਨ** 9. (123) 10. (126).



## ਪੰਜਾਬੀ ਆਲੋਚਨਾ ਅਤੇ ਪੱਛਮੀ ਆਲਚਨਾ-ਪ੍ਰਣਾਲੀਆਂ-5

## ਅਮਰੀਕਾ ਦਾ ਨਵੀਨ ਆਲੋਚਨਾ ਸਕੂਲ

ਡਾ. ਰਵਿੰਦਰ ਸਿਘ ਰਵੀ

(ਲੜੀ ਜੋੜਣ ਲਈ ਵੇਖੋ ਸਧ, ਜੁਲਾਈ 1979 ਅੰਕ, ਸਫੇ 35-41)

**ਕਲਿੰਥ ਬਰੁਕਸ** ਅਮਰੀਕਾ ਦੇ 'ਨਵੀਨ ਆਲੋਚਨਾ' ਸਕੂਲ ਦਾ ਦੂਸਰਾ ਪ੍ਰਮੁੱਖ ਸਿਧਾਂਤਕਾਰ ਅਤੇ ਆਲੋਚਕ ਹੈ। ਰੈਨਸਮ ਵਾਂਗ ਉਸ ਦੀਆਂ ਰਚਨਾਵਾਂ ਵੀ ਵਿਗਿਆਨ ਅਤੇ ਕਾਵਿ ਵਿਚਲੇ ਅੰਤਰ, ਕਾਵਿ ਦੀ ਸੁਤੰਤਰ ਹੋਂਦ-ਵਿਧੀ ਦੇ ਨਿਯਮ, ਸੁਭਾਅ ਅਤੇ ਉਸ ਦੇ ਆਧਾਰਾਂ ਦੀ ਵਿਆਖਿਆ; ਸਾਹਿਤ-ਆਲੋਚਨਾ ਦਾ ਸੁਭਾਅ ਅਤੇ ਉੱਦੇਸ਼ ਆਦਿ ਪ੍ਰਮੁਖ ਪ੍ਰਸ਼ਨਾਂ ਨਾਲ ਸੰਬੰਧਿਤ ਹਨ। ਵਖੋ ਵੱਖਰੇ ਲੇਖਾ ਤੋਂ ਸਿਵਾ ਬਰੁਕਸ ਦੇ ਕਾਵਿ-ਸਿੱਧਾਂਤਾਂ ਦਾ ਵਿਸ਼ਲੇਸ਼ਨ ਪ੍ਰਮੁੱਖ ਤੌਰ 'ਤੇ ਉਸ ਦੀਆਂ ਤਿੰਨ ਪੁਸਤਕਾਂ **Understanding Poetry** (1938) **Modern Poetry and the Tradition** (1939), **The Well Wrought Urn** (1947) ਵਿਚ ਪ੍ਰਾਪਤ ਹੁੰਦਾ ਹੈ।

ਉਸ ਦੀਆਂ ਸਮੁੱਚੀਆਂ ਰਚਨਾਵਾਂ ਵਿਚ ਉਸ ਦੇ ਕਾਵਿ-ਸਿੱਧਾਂਤਾਂ ਦੇ ਅੰਤਰ-ਪ੍ਰਵਾਹ ਨੂੰ ਜੇ ਸਿਲਸਿਲੇਵਾਰ ਸਮਝਣਾ ਹੋਵੇ ਤਾਂ ਪਹਿਲਾ ਨੁਕਤਾ ਕਾਵਿ ਅਤੇ ਵਿਗਿਆਨ ਜਾਂ ਵਾਰਤਕ ਦੇ ਨਿਖੇੜੇ ਰਾਹੀਂ ਕਾਵਿ ਦੀ ਸੁਤੰਤਰ ਹੋਂਦ-ਵਿਧੀ ਦੇ ਮੌਲਿਕ ਨਿਯਮਾਂ ਦੀ ਪਛਾਣ ਦਾ ਯਤਨ ਹੈ। **The Heresy of Paraphrase** ਨਾਂ ਦੇ ਲੇਖ ਵਿਚ ਬਰੁਕਸ ਨੇ ਇਹ ਸਥਾਪਤ ਕਰਨ ਦਾ ਯਤਨ ਕੀਤਾ ਹੈ ਕਿ ਕਾਵਿ ਦੀ ਹੋਂਦ-ਵਿਧੀ ਦਾ ਆਧਾਰ ਉਸ ਦਾ ਸਰਲ ਅਰਥ ਨਹੀਂ ਹੁੰਦਾ। ਆਲੋਚਨਾ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੀ ਸਰਲ ਅਰਥ ਨੂੰ ਹੀ ਸਭ ਕੁੱਝ ਮੰਨ ਲੈਣ ਦੀ ਪ੍ਰਚਲਤ ਪ੍ਰਵਿਰਤੀ ਵਿਚ ਹੈ। ਆਮ ਤੌਰ 'ਤੇ ਕਵਿਤਾ ਵਿਚਲੇ ਰਾਜਸੀ, ਵਿਗਿਆਨਕ ਸੱਚ ਆਦਿ ਨੂੰ ਅਧਿਐਨ ਦਾ ਆਧਾਰ ਬਣਾ ਲਿਆ ਜਾਂਦਾ ਹੈ ਜਿਹੜਾ ਅਸਲ ਵਿਚ ਕਵਿਤਾ ਦਾ ਕੇਵਲ ਸਰਲ ਅਰਥੀ ਸਾਰ ਹੁੰਦਾ ਹੈ। ਜਦੋਂ ਕਵਿਤਾ ਦਾ ਅਧਿਐਨ ਸਰਲ ਅਰਥ ਰਾਹੀਂ ਕੀਤਾ ਜਾਂਦਾ ਹੈ ਤਾਂ ਕਵਿਤਾ ਦਾ ਆਪਣੇ 'ਅਸਲੇ' ਨਾਲ ਰਿਸ਼ਤਾ ਵਿਗੜ ਜਾਂਦਾ ਹੈ; ਕਿਉਂਕਿ, ਇਉਂ, ਕਵਿਤਾ ਰੂਪ ਅਤੇ ਵਸਤੂ ਦੇ ਦੋ ਅਰਥਹੀਨ ਖੰਡਾਂ ਵਿਚ ਵੰਡੀ ਜਾਂਦੀ ਹੈ। ਜਦੋਂ ਕਿ ਰੂਪ ਅਤੇ ਵਸਤੂ ਦੀ ਹੋਂਦ ਅਖੰਡ ਹੁੰਦੀ ਹੈ। ਸਰਲ ਅਰਥ ਰਾਹੀਂ ਕਵਿਤਾ ਨੂੰ ਸਮਝਣਾ ਤਾਂ ਉਸ ਦੇ 'ਅਸਲੇ' ਦੀ ਥਾਂ ਉਹ ਜੋ ਕੁਝ ਕਹਿੰਦੀ ਹੈ, ਜਿਸ ਬਾਰੇ ਕਹਿੰਦੀ ਹੈ ਜਾਂ ਜਿਸ ਸੱਚ ਨੂੰ ਪ੍ਰਗਟ ਕਰਦੀ ਹੈ, ਕੇਵਲ ਉਸ ਨੂੰ ਸਮਝਣਾ ਹੈ। ਅਰਥਾਤ ਸਰਲ ਅਰਥ ਨੂੰ ਗ੍ਰਹਿਣ ਕਰਨਾ ਤਾਂ ਕਵਿਤਾ ਤੋਂ ਬਾਹਰਲੀ ਕਿਸੇ ਚੀਜ਼ ਨੂੰ ਗ੍ਰਹਿਣ ਕਰਨ ਦੇ ਬਰਾਬਰ ਹੈ। ਕਵਿਤਾ ਦੇ ਸਰਲ ਅਰਥ ਕਰ ਲੈਣ ਨਾਲ ਅਸੀਂ ਅਗੋਂ ਸਰਲ ਅਰਥ ਦੇ ਸੱਚ ਨੂੰ ਵਿਗਿਆਨ ਜਾਂ ਦਰਸ਼ਨ ਦੇ ਸੱਚ ਨਾਲ ਤੁਲਨਾ ਕਰਨ ਦੀ ਸਮੱਸਿਆ ਵੀ ਮੁੱਲ ਲੈ ਲੈਂਦੇ ਹਾਂ। ਜਦੋਂ ਕਿ ਕਾਵਿਕ ਸੱਚ ਅਤੇ ਵਿਗਿਆਨਕ/ਦਾਰਸ਼ਨਿਕ ਸੱਚ ਦਾ ਆਪਣਾ ਆਪਣਾ ਸੁਤੰਤਰ ਖੇਤਰ ਹੁੰਦਾ ਹੈ। ਪਰ ਅਜਿਹਾ ਕਰਨ ਨਾਲ ਕਾਵਿਕ ਸੱਚ ਅਤੇ ਇਤਿਹਾਸਕ/ਦਾਰਸ਼ਨਿਕ/ਵਿਗਿਆਨਕ ਸੱਚ ਦਾ ਅੰਤਰ ਰਲਗੱਡ ਹੋ ਜਾਂਦਾ ਹੈ। ਕਵਿਤਾ ਨੂੰ ਵਿਗਿਆਨਕ/ਦਾਰਸ਼ਨਿਕ ਮਿਆਰਾਂ ਨਾਲ ਮਾਪਣ ਵੇਲੇ ਕਵਿਤਾ ਦੇ ਸੰਪੂਰਣ ਅਰਥ ਦੀ ਥਾਂ ਉਸ ਵਿਚੋਂ ਕੱਢਿਆ ਕੇਵਲ ਕੁੱਝ ਹਿੱਸਾ ਹੀ ਸਾਡੇ ਹੱਥ ਲਗਦਾ ਹੈ। ਇਸ ਤੋਂ ਛੁੱਟ, ਕਾਵਿ ਦੀ ਅਸਲ ਬਣਤਰ ਇਸ ਵਿਚੋਂ ਨਿਚੋੜੇ

ਸਰਲ ਅਰਥ ਦੀ ਵਿਵੇਕਮਈ ਜਾਂ ਤਾਰਕਿਕ ਬਣਤਰ ਨਾਲੋਂ ਬਿਲਕੁਲ ਵਖਰੀ ਹੁੰਦੀ ਹੈ। ਜਿਥੇ ਕਵਿਤਾ ਦੀ ਮੂਲ ਬਣਤਰ ਕਾਲਪਨਿਕ ਸੰਜੁਗਤਤਾ (**coherence**) ਉੱਤੇ ਉਸਰੀ ਹੁੰਦੀ ਹੈ, ਉਥੇ ਸਰਲ ਅਰਥ ਵਿਵੇਕਮਈ ਸੰਜੁਗਤਤਾ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਇਹ ਵਿਵੇਕਮਈ ਸੰਜੁਗਤਤਾ ਵਿਗਿਆਨ ਜਾਂ ਵਾਰਤਕ ਦੀ ਬਣਤਰ ਦਾ ਆਧਾਰ ਹੁੰਦੀ ਹੈ, ਇਸ ਲਈ ਸਰਲ ਅਰਥ ਰਾਹੀਂ ਕਵਿਤਾ ਦਾ ਅਧਿਐਨ ਉਸ ਨੂੰ ਵਾਰਤਕ ਵਿਚ ਬਦਲ ਦੇਂਦਾ ਹੈ। ਇਉਂ ਕਵਿਤਾ ਅਤੇ ਸਰਲ ਅਰਥ ਦੀ ਬਣਤਰ ਯਥਾਰਥ-ਗ੍ਰਹਿਣ ਦੀਆਂ ਦੋ ਵਖਰੀਆਂ ਸ਼ਾਖਾਵਾਂ ਨਾਲ ਸੰਬੰਧਿਤ ਹੋਣ ਕਰਕੇ ਇਕ ਨੂੰ ਦੂਜੀ ਰਾਹੀਂ ਸਮਝਿਆ ਹੀ ਨਹੀਂ ਜਾ ਸਕਦਾ। ਭਾਵੇਂ ਕਵਿਤਾ ਇਨ੍ਹਾਂ ਦੋਵਾਂ ਨੂੰ ਆਪਣੀ ਬਣਤਰ ਦਾ ਆਧਾਰ ਬਣਾ ਸਕਦੀ ਹੈ, ਪਰ ਇਹ ਦੋਵੇਂ ਇਕੋ ਜਿਹੀਆਂ ਨਹੀਂ ਹਨ। ਵਿਵੇਕਮਈ ਸੰਜੁਗਤਤਾ ਉੱਤੇ ਆਧਾਰਿਤ ਬਣਤਰ ਵਾਲੇ ਵਿਗਿਆਨ ਦੀ ਸਾਰੀ ਸ਼ਬਦਾਵਲੀ ਅਸਥੂਲ ਪ੍ਰਤੀਕ ਦੇ ਸੁਭਾਅ ਵਾਲੀ ਹੁੰਦੀ ਹੈ ਜਿਹੜੀ ਵੱਧ ਤੋਂ ਵੱਧ ਸ਼ੁੱਧ ਬੋਧਕ (**denotative**) ਹੋਣ ਵਲ ਰੁਚਿਤ ਹੁੰਦੀ ਹੈ। ਅਜਿਹੀ ਸ਼ਬਦਾਵਲੀ ਵਿਸ਼ੇਸ਼ ਪ੍ਰਸੰਗ ਅਨੁਸਾਰ ਆਪਣੇ ਅਰਥਾਂ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਹੀਂ ਹੋਣ ਦੇਂਦੀ, ਕਿਉਂਕਿ ਇਸ ਸਾਰੀ ਸ਼ਬਦਾਵਲੀ ਦੇ ਅਰਥ ਪੂਰਵ ਨਿਸ਼ਚਿਤ, ਸਥਿਰ ਅਤੇ ਪਰਿਭਾਸ਼ਾ-ਬੱਧ ਹੁੰਦੇ ਹਨ। ਪਰ ਕਵੀ ਦੁਆਰਾ ਵਰਤੇ ਗਏ ਸ਼ਬਦ ਬੋਧਕ ਹੋਣ ਦੀ ਥਾਂ ਭਾਵ-ਬੋਧਕ (**connotative**) ਹੁੰਦੇ ਹਨ। ਅਜਿਹੇ ਸ਼ਬਦ ਕਿਸੇ ਅਰਥ-ਖੇਤਰ ਦੇ ਇਕ ਅੰਸ਼ ਦੇ ਬੋਧਕ ਹੋਣ ਦੀ ਥਾਂ ਉਸ ਅਰਥ-ਖੇਤਰ ਦੀ ਸੰਪੂਰਣ ਸਮੁੱਚਤਾ ਨੂੰ ਪ੍ਰਗਟ ਕਰਦੇ ਹਨ। ਜਿਥੇ ਵਾਰਤਕ-ਬਣਤਰ ਵਿਵੇਕ ਦੇ ਰੇਖਕੀ ਵਿਕਾਸ ਵਲ ਰੁਚਿਤ ਹੁੰਦੀ ਹੈ ਉਥੇ ਕਾਵਿ-ਬਣਤਰ ਰੂਪਕ ਦੇ ਸੁਭਾਅ ਵਾਲੀ ਹੁੰਦੀ ਹੈ। ਕਵੀ ਨੂੰ ਵਿਗਿਆਨੀ ਵਾਂਗ ਆਪਣੇ ਅਨੁਭਵ ਨੂੰ ਹਿੱਸਿਆਂ ਵਿਚ ਨਿਖੇੜ ਕੇ ਉਸ ਦਾ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਸਗੋਂ ਉਹ ਤਾਂ ਆਪਣੇ ਅਨੁਭਵ ਦਾ ਏਕੀਕਰਣ ਕਰਦਾ ਹੈ। ਉਸ ਦਾ ਕੰਮ ਤਾਂ ਅਨੁਭਵ ਦੀ ਅਖੰਡਤਾ ਜਾਂ ਸਮੁੱਚਤਾ ਨੂੰ ਪੇਸ਼ ਕਰਨਾ ਹੁੰਦਾ ਹੈ। ਕਲਿੰਥ ਬਰੂਕਸ ਅਨੁਸਾਰ ਕਵਿਤਾ ਇਨ੍ਹਾਂ ਅਰਥਾਂ ਵਿਚ ਹੀ ਯਥਾਰਥ ਦੀ ਪ੍ਰਤਿਛਾਇਆ ਹੁੰਦੀ ਹੈ ਜਿਹੜੀ ਕਿਸੇ ਅਨੁਭਵ 'ਬਾਰੇ' ਕਥਨ ਦੀ ਥਾਂ 'ਆਪਣੇ ਆਪ' ਵਿਚ ਅਨੁਭਵ ਦੀ 'ਭਰਪੂਰ ਸਮੁੱਚਤਾ' ਹੁੰਦੀ ਹੈ।[2] ਇਉਂ ਸਰਲ ਅਰਥ ਰਾਹੀਂ ਕਾਵਿ ਦੀ ਹੋਂਦ ਵਿਧੀ ਜਾਂ ਬਣਤਰ ਦੇ ਕਿਸੇ ਨਿਯਮ ਨੂੰ ਨਹੀਂ ਸਮਝਿਆ ਜਾ ਸਕਦਾ। ਸਰਲ ਅਰਥ ਕਾਵਿ ਦੇ 'ਅਸਲੇ' ਨੂੰ ਸਿਰਜਨ ਵਾਲੇ ਅਰਥ ਦੀ ਅਸਲ ਆਤਮਾ ਨਹੀਂ ਹੁੰਦਾ ਕੇਵਲ ਇਸ ਅਰਥ ਵਲ ਸੰਕੇਤ ਮਾਤਰ ਹੀ ਹੋ ਸਕਦਾ ਹੈ।[3] ਜਿਵੇਂ ਕਿਸੇ ਕਲਾਕ੍ਰਿਤ 'ਬਾਰੇ' ਕਹੀ ਗੱਲ ਆਪਣੇ ਆਪ ਵਿਚ ਕਲਾਕ੍ਰਿਤ ਨਹੀਂ ਹੁੰਦੀ, ਉਵੇਂ ਸਰਲ ਅਰਥ ਕਦੇ ਵੀ ਕਵਿਤਾ ਨਹੀਂ ਹੋ ਸਕਦਾ ਅਤੇ ਨਾ ਹੀ ਕਵਿਤਾ ਦੀ ਮੂਲ ਬਣਤਰ ਦਾ ਕੋਈ ਬਾਹਰਮੁਖੀ ਨਿਯਮ ਜਾਂ ਤੱਤ। ਸਰਲ ਅਰਥ ਦੀ ਬਣਤਰ ਵਿਗਿਆਨ ਦੀ ਬਣਤਰ ਵਾਲੀ ਹੁੰਦੀ ਹੈ। ਨਤੀਜੇ ਵਜੋਂ ਵਿਗਿਆਨ ਅਤੇ ਸਰਲ ਅਰਥ ਦੀ ਬਣਤਰ ਕਾਵਿ ਦੀ ਬਣਤਰ ਨਾਲੋਂ ਮੂਲੋਂ ਭਿੰਨ ਹੁੰਦੀ ਹੈ।

ਹੁਣ ਪ੍ਰਸ਼ਨ ਉਠਦਾ ਹੈ ਕਿ ਜੇ ਸਰਲ ਅਰਥ ਕਾਵਿ ਦੀ ਮੂਲ ਬਣਤਰ ਜਾਂ ਉਸ ਦੀ ਹੋਂਦ-ਵਿਧੀ ਦਾ ਆਧਾਰ ਨਹੀਂ ਤਾਂ ਕਾਵਿ-ਰਚਨਾ ਦੀ ਕਾਵਿਕ ਹੋਂਦ-ਵਿਧੀ ਕਿਥੇ, ਕਿਹੜੇ ਤੱਤ ਜਾਂ ਕਿਹੜੇ ਨਿਯਮ ਉਤੇ ਆਧਾਰਿਤ ਹੈ। ਕਿਉਂਕਿ ਜਦੋਂ ਤਕ ਬਾਕੀ ਸਾਰੇ ਸ਼ਬਦ-ਸੰਸਾਰ ਅਤੇ ਹੋਰ ਕਲਾਵਾਂ ਨਾਲੋਂ ਕਾਵਿ-ਰਚਨਾ ਦੀ ਵੱਖਰਤਾ ਅਤੇ ਉਸ ਦੀ ਸੁਤੰਤਰ ਮੌਲਿਕ ਹੋਂਦ ਨੂੰ ਨਿਰਧਾਰਤ ਕਰਨ ਵਾਲੇ ਬਾਹਰਮੁਖੀ ਨਿਯਮਾਂ ਜਾਂ ਤੱਤਾਂ ਨੂੰ ਸਮਝਿਆ ਜਾਂ ਨਿਖੇੜਿਆ ਨਹੀਂ ਜਾਵੇਗਾ, ਉਦੋਂ



ਤਕ ਇਸ ਦਾ ਅਧਿਐਨ ਜਾਂ ਵਿਸ਼ਲੇਸ਼ਣ ਪ੍ਰਭਾਵਵਾਦੀ ਅਤੇ ਅੰਤਰਮੁਖੀ ਹੀ ਨਹੀਂ, ਅਵਿਗਿਆਨਕ ਵੀ ਰਹੇਗਾ। ਇਸੇ ਪੁਸਤਕ ਵਿਚ ਕਲਿੰਥ ਬਰੂਕਸ ਕੁਝ ਪ੍ਰਸਿੱਧ ਕਵਿਤਾਵਾਂ ਦਾ ਪਾਠਮੂਲਕ ਅਧਿਐਨ ਅਤੇ ਵਿਸ਼ਲੇਸ਼ਣ ਪੇਸ਼ ਕਰਦਾ ਹੈ ਜਿਹੜੀਆਂ ਵੱਖ ਵੱਖ ਕਾਵਿ-ਰੂਪਾਂ, ਕਾਵਿ-ਲਹਿਰਾਂ, ਇਤਿਹਾਸਕ ਦੌਰਾਂ ਆਦਿ ਨਾਲ ਸੰਬੰਧਿਤ ਹਨ। ਉਸ ਦਾ ਵਿਚਾਰ ਹੈ ਕਿ ਇਨ੍ਹਾਂ ਕਵਿਤਾਵਾਂ ਦੇ ਮਹਾਨ ਜਾਂ ਸਫਲ ਅਤੇ ਉਤਮ ਕਾਵਿ ਦਾ ਨਮੂਨਾ ਹੋਣ ਦੀ ਵਜਹ ਇਨ੍ਹਾਂ ਵਿਚਲੀ ਸਾਂਝੀ ਵਸਤੂ ਨਹੀਂ ਹੈ। ਇੰਨੇ ਵਖਰੇਵਿਆਂ ਦੇ ਬਾਵਜੂਦ ਇਨ੍ਹਾਂ ਦੀ ਸਫਲਤਾ ਅਤੇ ਕਲਾਤਮਕਤਾ ਦਾ ਆਧਾਰ ਇਨ੍ਹਾਂ ਵਿਚਲੇ ਸੁਚੱਜੇ ਅਤੇ ਮਹੱਤਵਪੂਰਣ ਵਿਸ਼ੇ ਨਹੀਂ ਸਗੋਂ ਇਨ੍ਹਾਂ ਵਿਚਲੀ ਸਾਂਝੀ ਵਿਸ਼ੇਸ਼ 'ਬਣਤਰ' ਹੈ। ਇਹ ਬਣਤਰ ਹੀ ਇਕ ਸੁਤੰਤਰ ਹੋਂਦ-ਵਿਧੀ ਰਾਹੀਂ ਇਨ੍ਹਾਂ ਕਵਿਤਾਵਾਂ ਨੂੰ ਇਸ ਰੂਪ ਵਿਚ ਸਿਰਜਨ ਦਾ ਫ਼ੈਸਲਾਕੁਨ ਆਧਾਰ ਹੈ। ਬਰੂਕਸ ਅਨੁਸਾਰ 'ਬਣਤਰ' ਤੋਂ ਭਾਵ ਕਵਿਤਾ ਦਾ ਪਰੰਪਰਾਗਤ ਰੂਪ ਪੱਖ ਨਹੀਂ ਜਿਸ ਅਨੁਸਾਰ ਆਮ ਤੌਰ 'ਤੇ ਵਸਤੂ ਨੂੰ ਰੂਪ ਦੇ ਭਾਂਡੇ ਵਿਚ ਪਈ ਸਮਝਿਆ ਜਾਂਦਾ ਹੈ। 'ਬਣਤਰ' ਤੋਂ ਭਾਵ ਹਰ ਇਕ ਕਵਿਤਾ ਦੀ ਉਹ ਸਮੁਚੀ ਅਤੇ ਸੰਪੂਰਣ ਹੋਂਦ-ਵਿਧੀ ਹੈ ਜਿਹੜੀ ਉਸ ਕਵਿਤਾ ਦੀ ਵਸਤੂ ਦੇ ਵਿਸ਼ੇਸ਼ ਸੁਭਾਅ ਅਨੁਸਾਰ ਖੁਦ-ਬ-ਖੁਦ ਢਲ ਗਈ ਹੁੰਦੀ ਹੈ। ਇਹ 'ਬਣਤਰ' ਕਵਿਤਾ ਦੇ ਕਿਸੇ ਇਕ ਅੰਗ ਜਾਂ ਸਾਰੇ ਅੰਗਾਂ ਦੇ ਮਕਾਨਕੀ ਜੋੜ ਵਿਚ ਨਹੀਂ ਹੁੰਦੀ। ਇਹ 'ਬਣਤਰ' ਬਰੂਕਸ ਅਨੁਸਾਰ ਕਵਿਤਾ ਵਿਚਲੇ ਵਿਚਾਰਾਂ, ਬਿੰਬਾਂ, ਸ਼ਬਦਾਂ, ਧੁਨੀਆਂ ਅਤੇ ਤਾਲ, ਸੁਰ ਆਦਿ ਸਾਰੇ ਤੱਤਾਂ ਦੇ 'ਆਪਸੀ ਰਿਸ਼ਤਿਆਂ ਦੇ ਸਮੁੱਚ' ਦਾ ਨਾਂ ਹੈ। ਇਹ ਤੱਤ (ਵਿਚਾਰ, ਬਿੰਬ ਆਦਿ) ਨਾ ਤਾਂ ਆਪਣੇ ਵਿਚ ਕਵਿਤਾ ਹਨ ਅਤੇ ਨਾ ਹੀ ਇਨ੍ਹਾਂ ਦਾ ਜੋੜ ਹੀ ਕਵਿਤਾ ਹੁੰਦੀ ਹੈ। ਬਲਕਿ ਇਨ੍ਹਾਂ ਤੱਤਾਂ ਦੇ ਆਪਸੀ ਰਿਸ਼ਤੇ ਦਾ ਇਹ ਸਮੁੱਚ (ਬਣਤਰ) ਇਨ੍ਹਾਂ ਤੱਤਾਂ ਜਾਂ ਇਨ੍ਹਾਂ ਦੇ ਜੋੜ ਨੂੰ ਸੁੰਦਰ, ਅਸੁੰਦਰ ਜਾਂ ਕੁਹਜਮਈ, ਸੁਹਜਮਈ ਬਣਾਉਂਦਾ ਹੈ। ਇਨ੍ਹਾਂ ਤੱਤਾਂ ਦੀ ਵੱਖ ਵੱਖ ਇਕੱਲੀ ਹੋਂਦ ਦੀ ਸੁੰਦਰਤਾ ਅਤੇ ਸਮੁਚੇ ਤੌਰ 'ਤੇ ਇਕ ਇਕਾਈ ਵਿਚ ਬੱਝੀ ਕਵਿਤਾ ਦੀ ਸੁੰਦਰਤਾ ਵਿਚ ਅੰਤਰ ਹੈ। ਕਵਿਤਾ ਦੀ ਸਮੁਚੀ ਸੁੰਦਰਤਾ ਤਾਂ ਉਸ ਦੇ ਸੰਪੂਰਣ ਪੈਟਰਨ ਦੇ ਪ੍ਰਭਾਵ ਦਾ ਨਾਂ ਹੈ ਜਿਹੜਾ ਇਨ੍ਹਾਂ ਸਾਰੇ ਵੱਖ ਵੱਖ ਤੱਤਾਂ ਨੂੰ ਆਪਣੇ ਆਪ ਵਿਚ ਸਮੋ ਲੈਂਦਾ ਹੈ, ਭਾਵੇਂ ਇਹ ਤੱਤ ਸੁੰਦਰ ਅਸੁੰਦਰ, ਦਿਲ ਖਿੱਚਵੇਂ ਜਾਂ ਅਣ-ਆਕਰਸ਼ਕ ਹੋਣ। ਇਉਂ ਕਵਿਤਾ ਦੀ ਹੋਂਦ ਵਿਧੀ ਦਾ ਮੂਲ ਆਧਾਰ ਉਸ ਦੀ ਇਹ ਵਿਸ਼ੇਸ਼ 'ਬਣਤਰ' ਹੈ ਜਿਹੜੀ ਕਵਿਤਾ ਵਿਚਲੇ ਵੱਖ ਵੱਖ ਵਿਰੋਧੀ ਜਾਂ ਸਾਂਝੇ ਤੱਤਾਂ (ਅਰਥ, ਬਿੰਬ, ਤਾਲ ਆਦਿ) ਦੀ ਸਜਿੰਦ ਆਂਗਕ (**organic**) ਏਕਤਾ ਜਾਂ ਇਨ੍ਹਾਂ ਤੱਤਾਂ ਦੇ ਆਪਸੀ ਅੰਤਰ ਸੰਬੰਧਿਤ ਰਿਸ਼ਤੇ ਦਾ ਨਾਂ ਹੈ। ਇਸੇ ਕਾਰਣ ਹੀ ਬਰੂਕਸ ਦੇ ਕਾਵਿ-ਸਿੱਧਾਂਤ ਨੂੰ ਕਾਵਿ ਦੇ ਆਂਗਕ ਸੁਭਾ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਇਹ ਉਹੋ ਬਣਤਰ ਹੈ ਜਿਹੜੀ ਕਾਵਿ ਨੂੰ ਵੱਖਰੀ ਅਤੇ ਮੌਲਿਕ ਹੋਂਦ ਬਖਸ਼ਦੀ ਹੈ ਅਤੇ ਵੱਖ ਵੱਖ ਕਾਵਿ-ਰੂਪਾਂ, ਕਾਵਿ-ਲਹਿਰਾਂ ਅਤੇ ਹੋਰ ਕਾਰਣਾਂ ਕਰਕੇ ਵੱਖਰੀਆਂ ਕਵਿਤਾਵਾਂ ਵਿਚ ਇਕ ਸਾਂਝੇ ਤੱਤ ਜਾਂ ਮੂਲ ਧੁਰੇ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ। ਬਰੂਕਸ ਅਨੁਸਾਰ ਕਵਿਤਾ ਦਾ ਸਾਰਾ ਅਧਿਐਨ, ਵਿਸ਼ਲੇਸ਼ਣ ਅਤੇ ਮੁਲਾਂਕਣ ਕੇਵਲ ਇਸੇ 'ਬਣਤਰ' ਦੇ ਆਧਾਰ 'ਤੇ ਹੋਣਾ ਚਾਹੀਦਾ ਹੈ।

ਕਾਵਿ ਦੇ ਉਪਰੋਕਤ ਆਂਗਕ ਸੁਭਾਅ ਦੇ ਸਿੱਧਾਂਤ ਅਤੇ ਕਾਵਿ ਦੀ ਹੋਂਦ-ਵਿਧੀ ਦੇ ਮੂਲ ਆਧਾਰ ਉਪਰੋਕਤ 'ਬਣਤਰ' ਨੂੰ ਬਰੂਕਸ ਨੇ ਆਪਣੀ ਇਕ ਹੋਰ ਮਹੱਤਵਪੂਰਣ ਪੁਸਤਕ **Understanding Poetry** ਵਿਚ ਵੱਖਰੀ ਤਰ੍ਹਾਂ ਸਪੱਸ਼ਟ ਅਤੇ ਸਥਾਪਤ ਕਰਨ ਦਾ ਯਤਨ ਕੀਤਾ ਹੈ।

ਉਸ ਦੀ ਧਾਰਣਾ ਹੈ ਕਿ ਕਾਵਿ ਨੂੰ ਵਿਚਾਰਾਂ ਜਾਂ ਸੁਨੇਹਿਆਂ ਦਾ ਪ੍ਰਗਟਾ ਜਾਂ ਸ਼ੁਧ ਆਤਮ-ਸਿੱਧੀ ਦਾ ਮਾਧਿਅਮ ਜਾਂ ਕਿਸੇ ਮਹਾਨ ਸੱਚ ਨੂੰ ਪ੍ਰਗਟ ਕਰਨ ਵਾਲਾ ਸੁੰਦਰ ਕਥਨ ਮੰਨਣ ਵਾਲੇ ਪ੍ਰਚਲਤ ਤਿੰਨੇ ਦ੍ਰਿਸ਼ਟੀਕੋਣ ਕਾਵਿ ਦੀ ਹੋਂਦ-ਵਿਧੀ ਦੇ ਸੁਭਾਅ ਨੂੰ ਸਹੀ ਅਤੇ ਵਿਗਿਆਨਕ ਢੰਗ ਨਾਲ ਸਮਝਣ ਤੋਂ ਅਸਮਰਥ ਹਨ। ਕਾਵਿ ਦੇ ਆਂਗਕ ਸਿੱਧਾਂਤ ਨੂੰ ਦੁਹਰਾਉਂਦਾ ਹੋਇਆ ਉਹ ਮੁੜ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਾਵਿ ਵਿਚ ਪ੍ਰਗਟ ਹੋਣ ਵਾਲੇ ਵਿਚਾਰ, ਸਥਿਤੀਆਂ, ਵਸਤੂਆਂ ਆਪਣੇ ਆਪ ਵਿਚ ਕਾਵਿਕ ਨਹੀਂ ਹੁੰਦੀਆਂ। ਇਨ੍ਹਾਂ ਦਾ ਕਾਵਿਕ ਪ੍ਰਭਾਵ ਕਵੀ ਦੁਆਰਾ ਇਨ੍ਹਾਂ ਤੱਤਾਂ ਦੇ ਵਿਸ਼ੇਸ਼ ਪ੍ਰਯੋਗ 'ਤੇ ਨਿਰਭਰ ਕਰਦਾ ਹੈ। ਕਵਿਤਾ ਦੇ ਅੰਗਾਂ ਦਾ ਆਪਸੀ ਰਿਸ਼ਤਾ ਮਕਾਨਕੀ ਨਾ ਹੋ ਕੇ ਇਕ ਪੌਦੇ ਦੇ ਅੰਗਾਂ ਵਿਚਲੇ ਰਿਸ਼ਤੇ ਵਾਂਗ ਆਂਗਕ ਸੁਭਾਅ ਦਾ ਧਾਰਣੀ ਹੁੰਦਾ ਹੈ।[4] ਹੋਰ ਕਈ ਮਾਧਿਅਮਾਂ ਵਾਂਗ ਕਾਵਿ ਵਿਚ ਵੀ ਇਕ ਮਨੁਖ ਦੂਸਰੇ ਨੂੰ ਮੁਖ਼ਾਤਿਬ ਹੁੰਦਿਆਂ ਕੁਝ ਪ੍ਰਗਟ ਕਰ ਰਿਹਾ ਹੁੰਦਾ ਹੈ। ਪ੍ਰਗਟ ਹੋਣ ਵਾਲੀ ਇਸ ਵਸਤੂ ਨੂੰ ਅਸੀਂ ਆਮ ਤੌਰ 'ਤੇ 'ਸੂਚਨਾ' (information) ਵਜੋਂ ਪਹਿਚਾਣਦੇ ਹਾਂ। ਕਾਵਿ ਵਾਂਗ ਆਮ ਗੱਲਬਾਤ ਵਿਚ ਵੀ ਸਾਧਾਰਣ ਮਨੁਖ ਕੁਝ ਸੂਚਨਾ ਪ੍ਰਗਟ ਕਰ ਰਿਹਾ ਹੁੰਦਾ ਹੈ, ਪਰ ਇਹ ਗੱਲਬਾਤ ਕੇਵਲ ਅਤੇ ਸ਼ੁੱਧ ਸੂਚਨਾ ਮਾਤਰ ਨਹੀਂ ਹੁੰਦੀ, ਕਿਉਂਕਿ ਇਸ ਸੂਚਨਾ ਦੇ ਪ੍ਰਗਟਾ ਵੇਲੇ ਇਸ ਵਿਚ ਉਸ ਵਿਅਕਤੀ ਦੇ ਮਾਨਸਕ ਝੁਕਾਉ, ਜਜ਼ਬੇ ਜਾਂ ਦ੍ਰਿਸ਼ਟੀਕੋਣ ਦੀ ਮਿਲਾਵਟ ਹੋ ਜਾਂਦੀ ਹੈ। ਭਾਵੇਂ ਇਹ ਮਿਲਾਵਟ ਬਹੁਤੀ ਸਪੱਸ਼ਟ ਅਤੇ ਨਿਸ਼ਚਿਤ ਨਹੀਂ ਹੁੰਦੀ, ਪਰ ਇਹ ਸੂਚਨਾ ਪ੍ਰਗਟ ਕਰਨ ਵਾਲੇ ਕਥਨ ਦਾ ਇਕ ਮਹੱਤਵਪੂਰਣ ਅੰਗ ਜ਼ਰੂਰ ਹੁੰਦੀ ਹੈ। ਬੋਲਣ ਵਾਲਾ ਆਵਾਜ਼ ਦੀ ਸੁਰ, ਚਿਹਰੇ ਦੇ ਹਾਵ-ਭਾਵ ਅਤੇ ਮੁਦ੍ਰਾਵਾਂ ਰਾਹੀਂ ਸੂਚਨਾ ਵਿਚਲੀ ਇਸ ਮਿਲਾਵਟ ਨੂੰ ਪ੍ਰਗਟ ਕਰਨ ਦਾ ਯਤਨ ਕਰਦਾ ਹੈ। ਪਰਤੂ ਕਾਵਿ ਵਿਚ ਇਸ ਦੇ ਉਲਟ ਸਾਧਾਰਣ ਗੱਲਬਾਤ ਵਿਚਲੇ ਇਸ ਪੱਖ ਨੂੰ ਸ਼ਬਦਾਂ ਦੇ ਵਿਸ਼ੇਸ਼ ਪ੍ਰਯੋਗ ਰਾਹੀਂ ਇਕ 'ਭਰਪੂਰ ਪ੍ਰਗਟਾ' ਦੇ ਰੂਪ ਵਿਚ ਸਿਰਜਿਆ ਗਿਆ ਹੁੰਦਾ ਹੈ। ਇਉਂ ਬਰੁਕਸ ਅਨੁਸਾਰ ਭਾਵਾਂ, ਝੁਕਾਵਾਂ ਅਤੇ ਦ੍ਰਿਸ਼ਟੀ ਦੀ ਮਿਲਾਵਟ ਵਾਲੀ ਰੋਜ਼ਾਨਾ ਸਾਧਾਰਣ ਗੱਲਬਾਤ ਤਾਂ ਮੁਢਲਾ ਜਾਂ ਸੁੱਤੇ-ਸਿੱਧ ਸਿਰਜਿਆ ਕਾਵਿ (Incipient Poetry) ਹੈ ਅਤੇ ਸਾਧਾਰਣ ਗੱਲਬਾਤ ਦੇ ਇਸੇ ਪੱਖ ਦਾ ਵਿਸ਼ੇਸ਼ੀਕ੍ਰਿਤ ਰੂਪ ਕਲਾਮਈ ਕਾਵਿ (Formal Poetry) ਹੈ।[5] ਇਨ੍ਹਾਂ ਦੋਵੇਂ ਕਿਸਮਾਂ ਦੇ ਕਾਵਿ ਦੀਆਂ ਮੂਲ ਜੜ੍ਹਾਂ ਮਨੁੱਖੀ ਅਨੁਭਵ ਵਿਚ ਹੁੰਦੀਆਂ ਹਨ।

ਕਾਵਿ ਦੀ ਹੋਂਦ-ਵਿਧੀ ਦੇ ਇਸ ਪੱਖ ਦੇ ਆਧਾਰ 'ਤੇ ਹੀ ਬਰੁਕਸ ਵਿਗਿਆਨ ਨਾਲੋਂ ਕਾਵਿ ਦੇ ਨਿਖੇੜ ਨੂੰ ਵੀ ਦੁਹਰਾਉਂਦਾ ਹੈ। ਕਿਉਂਕਿ ਇਕ ਵਿਗਿਆਨੀ ਤਾਂ ਆਪਣੀ ਸਾਰੀ ਤਕਨੀਕੀ ਸ਼ਬਦਾਵਲੀ ਨੂੰ ਪ੍ਰਗਟ ਕੀਤੀ ਜਾਣ ਵਾਲੀ ਸੂਚਨਾ ਤੋਂ ਸਿਵਾ ਹਰ ਕਿਸਮ ਦੇ ਭਾਵ, ਸਾਂਝਾਂ, ਝੁਕਾਵਾਂ ਜਾਂ ਦ੍ਰਿਸ਼ਟੀਕੋਣ ਤੋਂ ਮੁਕਤ ਕਰ ਦੇਂਦਾ ਹੈ। ਨਤੀਜੇ ਵਜੋਂ ਵਿਗਿਆਨ ਦੀ ਭਾਸ਼ਾ ਅਤਿ ਦੀ ਨਿਸ਼ਚਿਤਤਾ ਦੇ ਉੱਚ ਪੱਧਰੇ ਵਿਸ਼ੇਸ਼ੀਕ੍ਰਿਤ ਰੂਪ ਵੱਲ ਰੁਚਿਤ ਹੁੰਦੀ ਹੈ। ਸਾਹਿਤ ਅਤੇ ਵਿਸ਼ੇਸ਼ ਕਰਕੇ ਕਾਵਿ ਵੀ ਨਿਸ਼ਚਿਤਤਾ ਦੇ ਇਸ ਵਿਸ਼ੇਸ਼ੀਕ੍ਰਿਤ ਰੂਪ ਦੀ ਸਿਰਜਣਾ ਹੀ ਕਰਦਾ ਹੈ, ਪਰ ਉਸ ਦੀ ਵਸਤੂ ਦਾ ਸੁਭਾਅ ਵਿਗਿਆਨ ਦੀ ਵਸਤੂ ਦੇ ਸੁਭਾ ਨਾਲੋਂ ਮੂਲੋਂ ਭਿੰਨ ਹੁੰਦਾ ਹੈ, ਕਿਉਂਕਿ ਕਾਵਿ ਤਾਂ ਕੇਵਲ 'ਸੂਚਨਾ' ਨਾਲ ਜੁੜੇ ਭਾਵਾਂ, ਵਿਚਾਰਾਂ, ਸਾਂਝਾਂ ਆਦਿ ਨੂੰ ਹੀ ਆਧਾਰ ਬਣਾ ਰਿਹਾ ਹੁੰਦਾ ਹੈ। ਜਦੋਂ ਕਿ ਵਿਗਿਆਨ ਇਨ੍ਹਾਂ ਤੋਂ ਵੱਧ ਤੋਂ ਵੱਧ ਮੁਕਤ ਹੋ ਕੇ ਸ਼ੁਧ ਸੂਚਨਾ ਵਲ ਨੂੰ ਰੁਚਿਤ ਹੁੰਦਾ ਹੈ। ਆਪਣੀ ਵਿਧੀ ਅਤੇ ਵਸਤੂ ਦੇ ਵਿਸ਼ੇਸ਼ ਸੁਭਾ ਕਰਕੇ ਵਿਗਿਆਨ ਲਈ ਇਸ ਸਭ ਕੁਝ ਅਰਥਾਤ, ਭਾਵਾਂ, ਝੁਕਾਵਾਂ ਆਦਿ ਨੂੰ ਤਿਆਗਣਾ ਆਵੱਸ਼ਕ ਹੈ, ਨਹੀਂ ਤਾਂ ਉਹ ਵਿਗਿਆਨ ਹੀ ਨਹੀਂ



ਅਖਵਾ ਸਕਦਾ।

ਇਸੇ ਪੁਸਤਕ ਦੀ 'ਆਦਿਕਾ' ਵਿਚ ਬਰੁਕਸ ਕਾਵਿ ਨੂੰ 'ਵਿਸ਼ੇਸ਼ ਗਿਆਨ' ਦੇਣ ਵਾਲੀ ਸਿਰਜਨਾ ਮੰਨਦਾ ਹੋਇਆ ਇਸ ਦਾ ਅਧਿਐਨ ਉਸ ਦੇ 'ਰੂਪ' ਦੇ ਮਾਧਿਅਮ ਰਾਹੀਂ ਹੀ ਕਰਨ ਉਤੇ ਜ਼ੋਰ ਦੇਂਦਾ ਹੈ। ਇਥੇ ਉਹ ਕਾਵਿ ਦੀ ਹੋਂਦ-ਵਿਧੀ ਦੇ ਮੂਲ ਆਧਾਰ ਲਈ 'ਬਣਤਰ' ਦੀ ਥਾਂ 'ਰੂਪ' ਦੇ ਤਕਨੀਕੀ ਸ਼ਬਦ ਦਾ ਪ੍ਰਯੋਗ ਕਰਦਾ ਹੈ। ਇਕਾਗਰਤਾ (concentration) ਅਤੇ ਤੀਬਰਤਾ (intensity) ਅਜਿਹੇ ਦੋ ਗੁਣ ਹਨ ਜਿਹੜੇ ਕਿਸੇ ਵਿਸ਼ੇ ਦੇ ਕਾਵਿਕ ਜਾਂ ਵਾਰਤਕ ਨਿਭਾ ਵਿਚ ਅੰਤਰ ਕਰਦੇ ਹਨ। ਇਨ੍ਹਾਂ ਗੁਣਾਂ ਦਾ ਸੰਬੰਧ ਕਵਿਤਾ ਦੇ ਰੂਪ ਨਾਲ ਹੈ। ਰੂਪ ਕੇਵਲ ਵਸਤੂ ਨੂੰ ਪਕੜਦਾ ਹੀ ਨਹੀਂ, ਸਗੋਂ ਇਸ ਨੂੰ ਸੰਗਠਿਤ ਕਰਦਾ, ਘੜਦਾ ਅਤੇ ਇਸ ਦੇ ਅਰਥਾਂ ਦੀ ਵਿਆਖਿਆ ਕਰਦਾ ਹੈ।[6a] ਕਵਿਤਾ ਦਾ ਰੂਪ ਵਾਰਤਕ ਦੇ ਰੂਪ ਨਾਲੋਂ ਅਧਿਕ ਸੰਗਠਿਤ ਹੁੰਦਾ ਹੈ। ਇਸ ਸੰਗਠਨ ਦਾ ਕੁਝ ਪੱਖ ਕਵਿਤਾ ਅਤੇ ਵਾਰਤਕ ਵਿਚ ਸਾਂਝਾ ਵੀ ਹੁੰਦਾ ਹੈ। ਪਰੰਤੂ ਕਾਵਿ ਰੂਪਗਤ ਸੰਗਠਨ ਦੇ ਉੱਚਤਮ ਸਿਖਰ ਵਲ ਰੁਚਿਤ ਹੁੰਦਾ ਹੈ।[6b] ਇਸ ਤੋਂ ਛੁੱਟ, ਕਾਵਿ ਸਾਨੂੰ ਇਕ ਵਿਸ਼ੇਸ਼ ਗਿਆਨ ਦੇਂਦਾ ਹੈ। ਇਹ ਗਿਆਨ ਸਾਡੇ ਆਪਣੇ ਆਪ ਬਾਰੇ ਹੀ ਹੁੰਦਾ ਹੈ ਜਿਹੜਾ ਸਾਨੂੰ ਮਨੁਖੀ ਮਨੋਰਥਾਂ ਅਤੇ ਕੀਮਤਾਂ ਦੇ ਅਨੁਭਵ-ਜਗਤ ਵਜੋਂ ਪ੍ਰਾਪਤ ਹੁੰਦਾ ਹੈ। ਮਨੁਖੀ ਮਨੋਰਥਾਂ ਅਤੇ ਕੀਮਤਾਂ ਦੇ ਰੂਪ ਵਿਚ ਇਹ ਅਨੁਭਵ ਨਾਟਕੀ ਹੁੰਦਾ ਹੈ ਇਕ ਤਾਂ ਇਹ ਸਰੂਲ ਕਾਰਜ ਹੁੰਦਾ ਹੈ, ਦੂਸਰੇ, ਮਨੁਖਾਂ ਰਾਹੀਂ ਸਾਰਥਕਤਾ ਪ੍ਰਾਪਤ ਕਰਨ ਲਈ ਯਤਨਾਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਤੀਸਰੇ ਪਹਿਲੇ ਦੋ ਨੁਕਤਿਆਂ ਦੇ ਨਤੀਜੇ ਵਜੋਂ ਇਹ ਇਕ ਪ੍ਰਕ੍ਰਿਆ ਜਾਂ ਅਮਲ ਹੁੰਦਾ ਹੈ। ਇਉਂ, ਬਰੁਕਸ ਅਨੁਸਾਰ ਕਵਿਤਾ ਦੇ ਆਂਗਕ ਸੁਭਾਅ ਦੇ ਨਾਲ ਨਾਲ ਕਵਿਤਾ ਦੀ ਹੋਂਦ-ਵਿਧੀ ਦਾ ਸੁਭਾਅ ਨਾਟਕੀ ਵੀ ਹੁੰਦਾ ਹੈ। ਕਵਿਤਾ ਵਿਚ ਮਨੁੱਖ ਕਿਸੇ ਦੂਸਰੇ ਮਨੁੱਖ ਨੂੰ ਮੁਖ਼ਾਤਿਬ ਹੁੰਦਾ ਹੈ ਅਤੇ ਉਸ ਦੇ ਪ੍ਰਤਿਕਰਮ ਨਾਟਕ ਵਿਚਲੇ ਕਾਰਜ ਦਾ ਹੀ ਰੂਪ ਹੁੰਦੇ ਹਨ। ਇਸ ਲਈ ਕਵਿਤਾ ਨੂੰ ਇਕ ਨਿੱਕਾ ਜਿਹਾ ਨਾਟਕ ਵੀ ਕਿਹਾ ਜਾ ਸਕਦਾ ਹੈ। ਕਿਉਂਕਿ, ਕਾਵਿ ਅਨੁਭਵੀ ਗਿਆਨ ਨਾਲ ਸੰਬੰਧਿਤ ਹੁੰਦਾ ਹੈ ਇਸ ਲਈ ਇਸ ਵਿਚੋਂ ਵਿਚਾਰ, ਸੁਨੇਹੇ ਜਾਂ ਕਥਨ ਦੀ ਭਾਲ ਕਰਨ ਨਾਲ ਅਸੀਂ ਕਾਵਿ ਦੇ ਅਸਲੀ ਮਹੱਤਵ ਜਾਂ ਮੁੱਲ ਨੂੰ ਗੁਆ ਬਹਿੰਦੇ ਹਾਂ। ਕਾਵਿ ਤੋਂ ਪ੍ਰਾਪਤ ਹੋਣ ਵਾਲਾ ਇਹ ਗਿਆਨ ਕੇਵਲ ਉਦੋਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ ਜਦੋਂ ਅਸੀਂ ਕਵਿਤਾ ਦੇ ਸੂਖਮ ਅਤੇ ਭਰਪੂਰ ਪ੍ਰਭਾਵ ਅਗੇ ਆਪਣੇ ਆਪ ਦਾ ਪੂਰਣ ਸਮਰਪਣ ਕਰੀਏ। ਨਾਲ ਹੀ ਅਸੀਂ ਕਵਿਤਾ ਵਿਚਲੇ ਨਾਟਕ ਦਾ ਅੰਗ ਬਣਦਿਆਂ ਉਸ ਦੇ 'ਰੂਪ' ਨੂੰ ਗ੍ਰਹਿਣ ਕਰੀਏ। ਬਰੁਕਸ ਅਨੁਸਾਰ ਰੂਪ ਦੀ ਸਿਰਜਨਾ ਸਾਡੀਆਂ ਮਨੁੱਖੀ ਜ਼ਰੂਰਤਾਂ ਸੰਬੰਧੀ ਸੋਚਣ ਜਾਂ ਉਨ੍ਹਾਂ ਨੂੰ ਗ੍ਰਹਿਣ ਕਰਨ ਬਾਰੇ ਰਾਹ ਲੱਭਣ ਦਾ ਇਕ ਤਰੀਕਾ ਹੈ। ਰੂਪ ਕਿਸੇ ਖ਼ਿਲਾਅ ਵਿਚੋਂ ਪੈਦਾ ਨਹੀਂ ਹੁੰਦਾ। ਇਸੇ ਲਈ ਰੂਪ ਨੂੰ ਸਮਝਣ ਲਈ ਸਾਨੂੰ ਇਸ ਨਾਲ ਸੰਬੰਧਿਤ ਪ੍ਰਸੰਗਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕਵਿਤਾਵਾਂ ਮਨੁਖਾਂ ਰਾਹੀਂ ਹੀ ਸਿਰਜੀਆਂ ਜਾਂਦੀਆਂ ਹਨ ਅਤੇ ਕਵਿਤਾ ਦਾ ਰੂਪ ਕਿਸੇ ਵਿਅਕਤੀ ਦੁਆਰਾ ਕਿਸੇ ਵਿਸ਼ੇਸ਼ ਕਾਵਿਕ ਅਤੇ ਨਿੱਜੀ ਸਮੱਸਿਆ ਨਾਲ ਸੁਲਝਣ ਦਾ ਯਤਨ ਹੁੰਦਾ ਹੈ। ਦੂਸਰੇ, ਕਵਿਤਾਵਾਂ ਇਕ ਇਤਿਹਾਸਕ ਦੌਰ ਅਤੇ ਭਾਸ਼ਾ ਵਿਚ ਲਿਖੀਆਂ ਜਾਂਦੀਆਂ ਹਨ; ਇਸ ਕਾਰਨ ਉਨ੍ਹਾਂ ਦਾ 'ਰੂਪ' ਸਾਰੇ ਸਾਂਸਕ੍ਰਿਤਕ ਪ੍ਰਸੰਗ ਨਾਲ ਬੱਝਿਆ ਹੁੰਦਾ ਹੈ। ਤੀਸਰੇ, ਕਵਿਤਾਵਾਂ ਅਗੋਂ ਮਨੁਖਾਂ ਰਾਹੀਂ ਹੀ ਪੜ੍ਹੀਆਂ ਜਾਂਦੀਆਂ ਹਨ। ਇਸ ਲਈ ਪਾਠਕ 'ਰੂਪ' ਦੀਆਂ ਸਾਰੀਆਂ ਉਲਝਣਾਂ ਅਤੇ ਉਸ ਦੇ ਭਾਵਾਰਥਾਂ ਨੂੰ ਪਛਾਣਨ ਦੇ ਯੋਗ ਹੋਣਾ ਚਾਹੀਦਾ ਹੈ। ਇਨ੍ਹਾਂ ਨੁਕਤਿਆਂ

ਦੇ ਸਿੱਟੇ ਵਜੋਂ ਇਸ ਪੁਸਤਕ ਵਿਚ ਬਰੁਕਸ ਕਾਵਿ ਦੇ ਅਧਿਐਨ ਜਾਂ ਉਸ ਦੀ ਹੋਂਦ-ਵਿਧੀ ਦਾ ਮੂਲ ਤੱਤ 'ਬਣਤਰ' ਦੀ ਥਾਂ 'ਰੂਪ' ਨੂੰ ਸਥਾਪਤ ਕਰਦਾ ਹੈ। ਕਵਿਤਾ ਜਿਹੜਾ ਵਿਸ਼ੇਸ਼ ਗਿਆਨ ਦੇਂਦੀ ਹੈ, ਉਹ ਕੇਵਲ 'ਰੂਪ' ਦੁਆਰਾ ਹੀ ਸਾਡੇ ਤਕ ਪਹੁੰਚਦਾ ਹੈ। ਇਸ ਲਈ ਕਾਵਿ ਦਾ ਅਧਿਐਨ ਆਗਮਨਾਤਕ (Inductive) ਅਤੇ ਸਥੂਲ ਹੋਣਾ ਚਾਹੀਦਾ ਹੈ।[7]

'ਬਣਤਰ' ਅਤੇ 'ਰੂਪ' (ਜਿਨ੍ਹਾਂ ਨੂੰ ਉਸ ਨੇ ਲਗਭਗ ਇਕੋ ਅਰਥਾਂ ਵਿਚ ਵਰਤਿਆ ਹੈ)[8] ਨੂੰ ਕਾਵਿ ਦੀ ਹੋਂਦ-ਵਿਧੀ ਦੇ ਮੂਲ ਆਧਾਰ ਸਥਾਪਤ ਕਰਨ ਦੇ ਨਾਲ ਨਾਲ ਬਰੁਕਸ ਨੇ ਅੱਗੋਂ ਇਸੇ ਆਧਾਰ (ਬਣਤਰ ਜਾਂ ਰੂਪ) ਦੇ ਕੁਝ ਕੁ ਪ੍ਰਮੁਖ ਤੱਤਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਮੁੱਖ ਰੂਪ ਵਿਚ ਉਸ ਅਨੁਸਾਰ 'ਬਣਤਰ' ਜਾਂ 'ਰੂਪ' ਦੇ ਪ੍ਰਮੁੱਖ ਤੱਤ ਵਿਅੰਗ (Irony), ਵਿਰੋਧਾਭਾਸ (Paradox), 'ਵਿਟ' (Wit) ਅਤੇ ਰੂਪਕ (Metaphor) ਹਨ। ਵਖ ਵਖ ਲੇਖਾਂ ਵਿਚ ਉਸ ਨੇ ਇਨ੍ਹਾਂ ਤੱਤਾਂ ਦੀ ਵਿਸਤਾਰ ਸਹਿਤ ਵਿਆਖਿਆ ਕਰਦਿਆਂ ਕਾਵਿ ਵਿਚ ਇਨ੍ਹਾਂ ਦੀ ਕਾਰਜ-ਵਿਧੀ ਨੂੰ ਸਪੱਸ਼ਟ ਕੀਤਾ ਹੈ। ਉਸ ਅਨੁਸਾਰ ਕਾਵਿ ਦੀ ਵਿਸ਼ੇਸ਼ 'ਬਣਤਰ' ਦੇ ਇਹੋ ਤੱਤ ਕਾਵਿ-ਭਾਸ਼ਾ ਨੂੰ ਵਿਗਿਆਨ ਦੀ ਭਾਸ਼ਾ ਨਾਲੋਂ ਨਿਖੇੜ ਕੇ ਕਾਵਿ ਨੂੰ ਇਕ ਸੁਤੰਤਰ ਹੋਂਦ-ਵਿਧੀ ਵਜੋਂ ਸਥਾਪਤ ਕਰਦੇ ਹਨ।

**'Irony as a Principle of Structure'** ਨਾਂ ਦੇ ਲੇਖ ਵਿਚ ਉਹ 'ਵਿਅੰਗ' ਨੂੰ ਕਾਵਿ ਦੀ ਉਪਰੋਕਤ 'ਬਣਤਰ' ਦਾ ਪ੍ਰਮੁਖ ਤੱਤ ਜਾਂ ਨਿਯਮ ਸਵੀਕਾਰ ਕਰਦਾ ਹੈ। ਉਸ ਦਾ ਵਿਚਾਰ ਹੈ ਕਿ 'ਵਿਅੰਗ' ਹੀ ਅਜਿਹਾ ਇਕੋ ਇਕ ਸ਼ਬਦ ਹੈ ਜਿਸ ਰਾਹੀਂ ਕਾਵਿ ਦੇ ਮੂਲ ਅਤੇ ਅਤਿ ਮਹੱਤਵਪੂਰਣ ਪਹਿਲੂ ਵਲ ਸੰਕੇਤ ਕੀਤਾ ਜਾ ਸਕਦਾ ਹੈ।[9] ਕਵੀ ਜੋ ਕੁਝ ਪ੍ਰਗਟ ਕਰਨਾ ਚਾਹੁੰਦਾ ਹੈ, ਉਸ ਨੂੰ ਸਾਧਾਰਣ ਗੱਲਬਾਤ ਵਾਂਗ ਸਿੱਧੇ ਤੌਰ 'ਤੇ ਨਹੀਂ ਕਹਿੰਦਾ, ਸਗੋਂ ਕੋਈ ਨਿਵੇਕਲਾ ਅਸਿੱਧਾ ਢੰਗ ਅਪਣਾਉਂਦਾ ਹੈ। ਕਿਉਂਕਿ ਸਿੱਧਾ ਕਥਨ ਤਾਂ ਉਸ ਨੂੰ ਅਸਥੂਲਤਾ ਅਤੇ ਕਾਵਿ-ਬਾਹਰੇ ਖੇਤਰ ਵਲ ਲੈ ਜਾਂਦਾ ਹੈ। ਪ੍ਰਗਟਾ ਦੇ ਇਸ ਅਸਿੱਧੇ ਢੰਗ ਨੂੰ ਕਵੀ ਰੂਪਕ ਦੀ ਵਰਤੋਂ ਰਾਹੀਂ ਪ੍ਰਾਪਤ ਕਰਦਾ ਹੈ। ਆਧੁਨਿਕ ਕਾਵਿ-ਤਕਨੀਕ ਰੂਪਕ ਦੇ ਮਹੱਤਵ 'ਤੇ ਮੁੜ ਜ਼ੋਰ ਦੇਣ ਅਤੇ ਇਸ ਪ੍ਰਤਿ ਪ੍ਰਤਿਬੱਧ ਹੋਣ 'ਤੇ ਹੀ ਆਧਾਰਤ ਹੈ। ਕਵੀ ਰੂਪਕ ਵਿਚਲੇ 'ਵਿਸ਼ੇਸ਼' ਰਾਹੀਂ ਹੀ 'ਵਿਆਪਕ' ਤਕ ਪਹੁੰਚਦਾ ਹੈ। ਕਵਿਤਾ ਦੇ ਸਾਰੇ ਅੰਗ ਤਾਂ ਆਪਸ ਵਿਚ ਆਂਗਕ ਰਿਸ਼ਤਿਆਂ ਨਾਲ ਜੁੜੇ ਹੁੰਦੇ ਹਨ ਅਰਥਾਤ ਇਹ ਗੁਲਦਸਤੇ ਵਿਚ ਸਜੇ ਫੁੱਲਾਂ ਦਾ ਸਮੂਹ ਨਹੀਂ, ਸਗੋਂ ਬੂਟੇ ਦੇ ਹੋਰ ਪੱਲਰ ਰਹੇ ਹਿੱਸਿਆਂ ਦਾ ਸਮੁੱਚਾ ਸਜਿੰਦ ਸਮੂਹ ਹੈ। ਕਵਿਤਾ ਦੇ ਵੱਖ ਵੱਖ ਅੰਗਾਂ (ਬਿੰਬ, ਕਥਨ ਆਦਿ) ਦਾ ਇਹ ਆਂਗਕ ਸਮੂਹ ਬਰੁਕਸ ਅਨੁਸਾਰ ਅਗੋਂ ਕਵਿਤਾ ਦੇ ਵਿਸ਼ੈ ਨਾਲ ਅਸਿੱਧੀ ਤਰ੍ਹਾਂ ਜੁੜਿਆ ਹੁੰਦਾ ਹੈ। ਇਸ ਲਈ ਕਵਿਤਾ ਦਾ ਹਰ ਅੰਗ (ਵਿਸ਼ੇਸ਼ ਸ਼ਬਦ, ਬਿੰਬ ਜਾਂ ਕਥਨ) ਆਪਣੀ ਸਾਰਥਕਤਾ ਅਤੇ ਮਹੱਤਵ ਕੇਵਲ ਕਵਿਤਾ ਦੇ ਸਮੁੱਚੇ ਸੰਬੰਧਤ ਪ੍ਰਸੰਗ ਵਿਚੋਂ ਹਾਸਲ ਕਰਦਾ ਹੈ। ਹਰ ਕਾਵਿਕ ਪੰਕਤੀ ਜਾਂ ਕਾਵਿਕ ਅੰਗ ਆਪਣੀ ਸਾਰੀ ਕਾਵਿਕ ਹੋਂਦ ਕੇਵਲ ਉਸ ਵਿਸ਼ੇਸ਼ ਪ੍ਰਸੰਗ ਤੋਂ ਹੀ ਪ੍ਰਾਪਤ ਕਰਦਾ ਹੈ ਜਿਸ ਵਿਚੋਂ ਉਹ ਪ੍ਰਗਟ ਹੋ ਰਿਹਾ ਹੁੰਦਾ ਹੈ। ਇਥੋਂ ਤਕ ਕਿ ਹਰ ਅੰਗ ਦਾ ਅਰਥ ਵਿਸ਼ੇਸ਼ ਪ੍ਰਸੰਗ ਅਨੁਸਾਰ ਹੀ ਢਲਦਾ ਹੈ। ਕਿਉਂਕਿ ਜੋ ਕੁਝ ਕਿਹਾ ਜਾਂ ਪ੍ਰਗਟ ਕੀਤਾ ਜਾ ਰਿਹਾ ਹੁੰਦਾ ਹੈ, ਉਹ ਵਿਸ਼ੇਸ਼ ਸਥਿਤੀ ਵਿਚ ਵਿਸ਼ੇਸ਼ ਨਾਟਕੀ ਪਾਤਰ ਰਾਹੀਂ ਹੀ ਪ੍ਰਗਟ ਕੀਤਾ ਜਾ ਰਿਹਾ ਹੁੰਦਾ ਹੈ। ਇਉਂ, ਪ੍ਰਸੰਗ ਹੀ ਹਰ ਸ਼ਬਦ, ਬਿੰਬ ਜਾਂ ਕਥਨ ਨੂੰ ਵਿਸ਼ੇਸ਼ ਸਾਰਥਕਤਾ ਪ੍ਰਦਾਨ ਕਰ ਰਿਹਾ ਹੁੰਦਾ ਹੈ। 'ਹਾਲ ਤਾਂ ਕੁਝ ਜ਼ਿਆਦਾ ਈ ਚੰਗੇ'—ਇਸ ਸਾਧਾਰਣ



ਕਥਨ ਵਿਚ ਸ਼ਬਦਾਂ ਦੇ ਕੋਸ਼ਗਤ ਅਰਥਾਂ ਤੋਂ ਬਿਲਕੁਲ ਉਲਟ ਅਰਥ ਪ੍ਰਗਟ ਹੋ ਰਹੇ ਹਨ। ਅਰਥਾਂ ਦਾ ਇਹ ਅਸਿੱਧਾਪਣ/ਪੁੱਠਾਪਣ ਕੇਵਲ ਪ੍ਰਸੰਗ ਦੇ ਸਹਾਰੇ ਹੀ ਵਾਪਰ ਰਿਹਾ ਹੈ ਜਿਸ ਦਾ ਸੰਕੇਤ ਬੋਲਣ ਵਾਲੇ ਦੀ ਆਵਾਜ਼ ਦੀ ਸੁਰ ਤੋਂ ਮਿਲ ਸਕਦਾ ਹੈ। ਬਰੁਕਸ ਅਨੁਸਾਰ ਇਉਂ ਕਥਨ ਨੂੰ ਪ੍ਰਸੰਗ ਰਾਹੀਂ ਅਸਿੱਧਾ ਕਰਨਾ ਹੀ 'ਵਿਅੰਗ' ਹੈ।[10] ਦੋ ਅਤੇ ਦੋ ਚਾਰ ਹੁੰਦੇ ਹਨ। ਇਹ ਕਥਨ ਕਿਸੇ ਵੀ ਪ੍ਰਸੰਗ ਤੋਂ ਪ੍ਰਭਾਵਿਤ ਨਹੀਂ। ਇਸ ਕਥਨ ਵਿਚਲਾ ਸੱਚ ਜਾਂ ਝੂਠ ਹਰ ਇਕ ਪ੍ਰਸੰਗ ਵਿਚ ਇਕੋ ਹੀ ਰਹਿੰਦਾ ਹੈ। ਇਹ ਕਥਨ ਅਸਥੂਲ ਹੈ ਅਤੇ ਇਸ ਵਿਚਲੇ ਸ਼ਬਦ ਕੇਵਲ ਬੋਧਕ ਹਨ। ਪਰੰਤੂ ਇਸ ਤੋਂ ਉਲਟ ਕਾਵਿ ਕਦੇ ਵੀ ਅਜਿਹਾ ਪ੍ਰਸੰਗ-ਮੁਕਤ, ਕੇਵਲ ਬੋਧਕ ਅਸਥੂਲ ਕਥਨ ਨਹੀਂ ਹੋ ਸਕਦਾ। ਕਵਿਤਾ ਵਿਚਲਾ ਹਰ ਕਥਨ ਇਕ ਵਿਸ਼ੇਸ਼ ਪ੍ਰਸੰਗ ਦੇ ਦਬਾਉ ਹੇਠ ਆਪਣੀ ਸਾਰਥਕਤਾ ਗ੍ਰਹਿਣ ਕਰਦਾ ਹੈ ਅਤੇ ਪ੍ਰਸੰਗ ਹੀ ਉਸ ਦੇ ਸਮੁੱਚੇ ਅਰਥ ਨੂੰ ਢਾਲਦਾ ਹੈ। ਇਉਂ, ਸ਼ਬਦਾਂ ਦੀ ਭਾਵ-ਬੋਧਕ ਸ਼ਕਤੀ ਕਾਵਿ ਵਿਚ ਅਤਿ ਮਹੱਤਵਪੂਰਣ ਹੁੰਦੀ ਹੈ। ਕਵਿਤਾ ਵਿਚਲੇ ਕਥਨ ਨਾਟਕ ਦੇ ਬੋਲਾਂ ਵਾਂਗ ਹੁੰਦੇ ਹਨ ਜਿਨ੍ਹਾਂ ਦੀ ਸਾਰਥਕਤਾ, ਢੁਕਵਾਂਪਣ, ਅਲੰਕਰਣ ਸ਼ਕਤੀ ਅਤੇ ਅਰਥ ਉਸ ਪਸੰਗ ਨਾਲੋਂ ਨਿਖੇੜੇ ਨਹੀਂ ਜਾ ਸਕਦੇ ਜਿਸ ਪ੍ਰਸੰਗ ਨਾਲ ਉਹ ਜੁੜੇ ਹੋਏ ਹੁੰਦੇ ਹਨ। ਪ੍ਰਸੰਗ ਦੇ ਦਬਾਉ ਹੇਠ ਅਰਥਾਂ ਦੇ ਇਸ ਉਲਟਾਉ ਨੂੰ 'ਵਿਅੰਗ' ਵਜੋਂ ਸਥਾਪਤ ਕਰਨ ਤੋਂ ਛੁੱਟ ਕਲਿੰਥ ਬਰੁਕਸ ਨੇ ਵਿਅੰਗ ਨੂੰ ਦੋ ਹੋਰ ਤਰ੍ਹਾਂ ਨਾਲ ਪਰਿਭਾਸ਼ਾ-ਬੱਧ ਕਰਨ ਦਾ ਯਤਨ ਕੀਤਾ ਹੈ। ਇਕ ਥਾਂ ਉਸ ਨੇ ਵਿਅੰਗ-ਕਥਨ ਨੂੰ ਆਪਣੇ ਪ੍ਰਤੀਤ ਹੋਣ ਵਾਲੇ ਪ੍ਰਗਟ ਅਰਥ ਤੋਂ ਉਲਟ ਅਰਥਾਂ ਦਾ ਸੰਕੇਤ ਕਰਨ ਵਾਲਾ ਕਥਨ ਕਿਹਾ ਹੈ। ਇਕ ਵਿਅੰਗ ਘਟਨਾ ਜਾਂ ਸਥਿਤੀ ਉਹ ਹੁੰਦੀ ਹੈ ਜਿਥੇ ਆਸ ਅਤੇ ਸਿੱਟੇ ਜਾਂ ਕੋਸ਼ਿਸ਼ ਅਤੇ ਨਤੀਜੇ ਵਿਚ ਫਰਕ ਹੋਵੇ।[11] ਕਥਨ ਅਤੇ ਘਟਨਾ ਦੇ ਵਿਅੰਗ ਵਿਚ ਹਮੇਸ਼ਾਂ ਟਾਕਰੇ ਦਾ ਤੱਤ ਹੁੰਦਾ ਹੈ। ਕਵਿਤਾ ਵਿਚ ਦੋਵੇਂ ਕਿਸਮਾਂ ਦਾ ਵਿਅੰਗ ਹੋ ਸਕਦਾ ਹੈ। ਪਰੰਤੂ ਕਵਿਤਾ ਲਈ ਕਥਨ, ਲਹਿਜੇ ਅਤੇ ਰਵੱਈਏ ਦਾ ਵਿਅੰਗ ਅਧਿਕ ਜ਼ਰੂਰੀ ਹੈ। ਵਿਅੰਗਾਤਮਕ ਪ੍ਰਭਾਵ ਦਾ ਸਫਲ ਸੰਗਠਨ ਕਵੀ ਦੀ ਵੱਡੀ ਸਮੱਸਿਆ ਹੁੰਦੀ ਹੈ। ਸਾਧਾਰਣ ਗੱਲਬਾਤ ਵਿਚ ਤਾਂ ਇਹ ਵਿਅੰਗ ਮੁਦ੍ਰਾਵਾਂ, ਆਵਾਜ਼ ਦੇ ਲਹਿਜੇ ਆਦਿ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ ਪਰੰਤੂ ਕਵਿਤਾ ਵਿਚ ਅਜਿਹੇ ਵਿਅੰਗ ਨੂੰ ਪ੍ਰਗਟ ਕਰਨ ਲਈ ਹੋਰ ਤਰ੍ਹਾਂ ਦੇ ਸਾਧਨ ਵਰਤਣੇ ਪੈਂਦੇ ਹਨ।

ਬਰੁਕਸ ਦਾ ਵਿਚਾਰ ਹੈ ਕਿ ਪ੍ਰਸੰਗ ਦੇ ਇਸ ਦਬਾਉ ਵਜੋਂ ਵਿਅੰਗ ਹਰ ਯੁੱਗ ਦੀ ਕਵਿਤਾ ਵਿਚ ਪ੍ਰਾਪਤ ਹੁੰਦਾ ਹੈ ਪਰ ਆਧੁਨਿਕ ਦੌਰ ਵਿਚ ਇਹ ਦਬਾਉ ਬਹੁਤ ਉਭਰਵੇਂ ਰੂਪ ਵਿਚ ਪੇਸ਼ ਹੋਇਆ ਹੈ। ਬਹੁਤ ਸਾਰਾ ਆਧੁਨਿਕ ਕਾਵਿ ਵਿਅੰਗ ਨੂੰ ਆਪਣੇ ਵਿਸ਼ੇਸ਼ ਅਤੇ ਮੂਲ ਲੱਛਣ ਵਜੋਂ ਅਪਣਾਉਂਦਾ ਹੈ। ਜਿਸ ਦੇ ਕਈ ਕਾਰਣ ਹਨ ਜਿਵੇਂ ਸਰਬ-ਸਾਂਝੇ ਪ੍ਰਤੀਕ-ਸੰਸਾਰ ਦਾ ਵਿਗਠਨ, ਵਿਆਪਕ ਕੀਮਤਾਂ ਪ੍ਰਤਿ ਆਸ਼ੰਕਾ, ਭਾਸ਼ਾ ਵਿਚਲੀ ਭ੍ਰਿਸ਼ਟਤਾ ਅਤੇ ਸੱਖਣਾਪਣ ਆਦਿ। ਇਸੇ ਲਈ ਆਧੁਨਿਕ ਕਵੀ ਦੀ ਵੱਡੀ ਸਮੱਸਿਆ ਇਸ ਜ਼ੱਖਣੀ, ਥੱਕੀਹਾਰੀ ਭ੍ਰਿਸ਼ਟ ਭਾਸ਼ਾ ਨੂੰ ਅਰਥ-ਸੱਤਾ ਬਖਸ਼ ਕੇ ਮੁੜ ਸਥਾਪਤ ਕਰਨਾ ਹੈ। ਭਾਵੇਂ ਭਾਸ਼ਾ ਨੂੰ ਸਾਰਥਕਤਾ ਦੇਣੀ ਜਾਂ ਉਸ ਨੂੰ ਢਾਲਣਾ ਕਵੀ ਦਾ ਮੁਢਲਾ ਕਾਰਜ ਹੈ, ਪਰ ਆਧੁਨਿਕ ਕਵੀ 'ਤੇ ਇਹ ਵਿਸ਼ੇਸ਼ ਜ਼ਿੰਮੇਦਾਰੀ ਵਜੋਂ ਮੜ੍ਹਿਆ ਹੋਇਆ ਹੈ ਜਿਸ ਦੀ ਪੂਰਤੀ ਵਿਅੰਗ ਦੇ ਪ੍ਰਯੋਗ ਰਾਹੀਂ ਹੀ ਕੀਤੀ ਜਾ ਸਕਦੀ ਹੈ।

ਆਪਣੇ ਇਕ ਹੋਰ ਲੇਖ **The Language of Paradox** ਵਿਚ ਉਸ ਨੇ ਵਿਰੋਧਾਭਾਸ ਨੂੰ ਕਾਵਿ ਦੀ ਢੁਕਵੀਂ ਅਤੇ ਅਤਿ ਜ਼ਰੂਰੀ ਭਾਸ਼ਾ ਕਿਹਾ ਹੈ। ਬਰੁਕਸ ਅਨੁਸਾਰ ਵਿਰੋਧਾਭਾਸ ਇਕ

ਅਜਿਹਾ ਕਥਨ ਹੈ ਜਿਹੜਾ ਉਪਰੋਂ ਵਿਰੋਧਮਈ ਪ੍ਰਤੀਤ ਹੁੰਦਾ ਹੈ ਪਰ ਉਸ ਵਿਚ ਸੱਚਾਈ ਦਾ ਅੰਸ਼ ਜ਼ਰੂਰ ਹੁੰਦਾ ਹੈ। ਕਿਉਂਕਿ ਕਥਨ ਦੇ ਬਾਹਰੀ ਰੂਪ ਅਤੇ ਉਸ ਦੇ ਅਰਥ ਵਿਚ ਫਰਕ ਹੁੰਦਾ ਹੈ ਇਸ ਲਈ ਵਿਰੋਧਾਭਾਸ ਦਾ ਵਿਅੰਗ ਨਾਲ ਬੜਾ ਨਜ਼ਦੀਕੀ ਸੰਬੰਧ ਹੈ।[12] ਜਜ਼ਬਿਆਂ ਦੀਆਂ ਸੂਖਮ ਤਹਿਆਂ ਨੂੰ ਪ੍ਰਗਟ ਕਰਨ ਲਈ ਕਵੀ ਰੂਪਕਾਂ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਤੋਂ ਹੀ ਅਗੋਂ ਵਿਰੋਧਾਭਾਸਾਂ ਦੀ ਸਿਰਜਨਾ ਹੁੰਦੀ ਹੈ। ਜੇ ਗਹੁ ਨਾਲ ਦੇਖਿਆ ਜਾਵੇ ਤਾਂ ਸਾਧਾਰਣ ਤੋਂ ਸਾਧਾਰਨ ਕਵੀ ਵਿਰੋਧਾਭਾਸ ਦੀ ਵਰਤੋਂ ਕਰਦਾ ਹੈ। ਕਵਿਤਾ ਆਪਣੀ ਸਾਰੀ ਸ਼ਕਤੀ ਉਨ੍ਹਾਂ ਵਿਰੋਧਾਭਾਸੀ ਸਥਿਤੀਆਂ ਵਿਚੋਂ ਗ੍ਰਹਿਣ ਕਰਦੀ ਹੈ ਜਿਨ੍ਹਾਂ ਵਿਚੋਂ ਉਹ ਉਗਮਦੀ ਹੈ। ਅਗੋਂ ਕਵਿਤਾ ਵਿਚਲੇ ਵਿਰੋਧਾਭਾਸ ਕਵੀ ਰਾਹੀਂ ਵਰਤੀ ਜਾਣ ਵਾਲੀ ਭਾਸ਼ਾ ਦੇ ਵਿਸ਼ੇਸ਼ ਸੁਭਾ ਵਿਚੋਂ ਹੀ ਜਨਮ ਲੈਂਦੇ ਹਨ, ਕਿਉਂਕਿ ਕਵਿਤਾ ਵਿਚ ਸ਼ਬਦਾਂ ਦੇ ਬੋਧਕ ਅਤੇ ਭਾਵ—ਬੋਧਕ ਕਾਰਜ ਇਕੋ ਜਿਹੀ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹੁੰਦੇ ਹਨ। ਇਕ ਵਿਗਿਆਨੀ ਨੂੰ ਆਪਣਾ ਸੱਚ ਪੇਸ਼ ਕਰਨ ਲਈ ਵਿਰੋਧਾਭਾਸਾਂ ਤੋਂ ਮੁਕਤ ਭਾਸ਼ਾ ਦੀ ਲੋੜ ਹੁੰਦੀ ਹੈ। ਪਰੰਤੂ ਜਿਸ ਸੱਚ ਨੂੰ ਕਵੀ ਪ੍ਰਗਟ ਕਰ ਰਿਹਾ ਹੁੰਦਾ ਹੈ, ਉਹ ਕੇਵਲ ਵਿਰੋਧਾਭਾਸਾਂ ਰਾਹੀਂ ਹੀ ਪਕੜਿਆ ਜਾ ਸਕਦਾ ਹੈ। ਜਿਥੇ ਵਿਗਿਆਨ ਆਪਣੇ ਸ਼ਬਦਾਂ ਨੂੰ ਵੱਧ ਤੋਂ ਵੱਧ ਸਥਿਰ ਅਤੇ ਇਕ ਨਿਸ਼ਚਿਤ ਬੋਧ ਲਈ ਸੀਮਿਤ ਕਰਨਾ ਚਾਹੁੰਦਾ ਹੈ, ਉਥੇ ਕਵੀ ਦੀ ਰੁਚੀ ਭਾਸ਼ਾ ਦੀ ਤੋੜ-ਫੋੜ ਵਿਚ ਹੁੰਦੀ ਹੈ। ਅਰਥਾਤ ਉਸ ਦੇ ਸ਼ਬਦ ਇਕ ਦੂਜੇ ਨੂੰ ਨਿਰੰਤਰ ਢਾਲਦੇ ਅਤੇ ਕੋਸ਼ਗਤ ਅਰਥਾਂ ਦੀ ਉਲੰਘਣਾ ਕਰਨ ਵਲ ਕਾਰਜਸ਼ੀਲ ਹੁੰਦੇ ਹਨ। ਵਿਗਿਆਨ ਦੀ ਵਿਧੀ ਜਿਥੇ ਸਿਧੀ ਹੁੰਦੀ ਹੈ ਉੱਥੇ ਕਲਾ ਵਿਚ ਪ੍ਰਗਟਾ ਦੀ ਵਿਧੀ ਹਮੇਸ਼ਾਂ ਅਪਰੋਖ ਜਾਂ ਸਿਧੀ ਨਾ ਹੋ ਕੇ ਪਰੋਖ ਜਾਂ ਅਸਿੱਧੀ ਹੁੰਦੀ ਹੈ ਜਿਹੜੀ ਵਿਰੋਧਾਭਾਸ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।[13]

ਵਿਅੰਗ ਅਤੇ ਵਿਰੋਧਾਭਾਸ ਤੋਂ ਛੁੱਟ ਬਰੁਕਸ ਰੂਪਕ ਨੂੰ ਕਾਵਿ ਦੀ ਵਿਸ਼ੇਸ਼ ਬਣਤਰ ਦਾ ਇਕ ਮਹੱਤਵਪੂਰਣ ਅੰਗ ਮੰਨਦਾ ਹੈ। ਉਸ ਅਨੁਸਾਰ ਰੂਪਕ ਇਕ ਤਰ੍ਹਾਂ ਨਾਲ ਇਤਿਹਾਸ ਅਤੇ ਦਰਸ਼ਨ ਦਾ ਸੁਮੇਲ ਕਰਦਾ ਹੈ। ਕੇਵਲ ਰੂਪਕ ਵਿਚ, ਅਤੇ ਨਤੀਜੇ ਵਜੋਂ ਕਵਿਤਾ ਵਿਚ, ਇਤਿਹਾਸ ਦੇ ਵਿਸਤਾਰ ਅਰਥਾਤ ਵਿਸ਼ੇਸ਼ ਘਟਨਾਵਾਂ ਜਾਂ ਸਥਿਤੀਆਂ ਆਦਿ ਦਾ 'ਵਿਆਪਕ' ਨਾਲ ਅਤਿ ਚਮਤਕਾਰੀ ਅਤੇ ਸਾਰਥਕ ਸੁਮੇਲ ਹੁੰਦਾ ਹੈ। ਰੂਪਕ ਕੇਵਲ ਕਾਵਿ ਦਾ ਮਹੱਤਵਪੂਰਣ ਤੱਤ ਜਾਂ ਸਿੱਧਾਂਤ ਹੀ ਨਹੀਂ, ਸਗੋਂ ਇਹ ਵਿਵਹਾਰਕ ਆਲੋਚਨਾ ਲਈ ਵੀ ਅਤਿ ਜ਼ਰੂਰੀ ਹੈ ਅਤੇ ਜਿੰਨੀ ਸਾਹਿਤਕ ਅਲੋਚਨਾ ਕੇਵਲ ਇਤਿਹਾਸਕ ਸੂਚਨਾ ਜਾਂ ਅਕਾਦਮਿਕ ਅਭਿਆਸ ਬਣਨ ਤੋਂ ਦੂਰ ਜਾਏਗੀ, ਉਨੀ ਹੀ ਇਸ ਵਿਚ ਰੂਪਕ ਦੀ ਭੂਮਿਕਾ ਵੱਧ ਮਹੱਤਵਪੂਰਣ ਹੁੰਦੀ ਚਲੀ ਜਾਵੇਗੀ।[14] ਮਨੁਖੀ ਭਾਵਾਂ ਦੀਆਂ ਸੂਖਮ ਤਹਿਆਂ ਦਾ ਸ਼ੁੱਧ-ਭਰਪੂਰ ਪ੍ਰਗਟਾ ਕੇਵਲ ਰੂਪਕ ਦੀ ਵਰਤੋਂ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਰੂਪਕ ਕਵਿਤਾ ਦੀ ਵਸਤੂ ਨੂੰ ਅਧਿਕ ਸਪਸ਼ਟਤਾ ਨਾਲ ਪੇਸ਼ ਕਰਦਾ ਹੈ ਅਤੇ ਉਸ ਨੂੰ ਸਜਾਉਂਦਾ ਹੈ। ਕਵੀ ਨੇ ਜੇ ਸਿਰਜਨਾ ਕਰਨੀ ਹੀ ਹੈ ਤਾਂ ਉਸ ਲਈ ਰੂਪਕ ਹੀ ਇਕੋ ਇਕ ਸਾਧਨ ਹੈ ਜਿਸ ਦਾ ਉਸ ਪਾਸ ਕੋਈ ਬਦਲ ਨਹੀਂ ਹੈ।[15]

ਵਿਅੰਗ ਅਤੇ ਰੂਪਕ ਦੇ ਸਿੱਧਾਂਤ ਦੀ ਸ੍ਰੇਸ਼ਠਤਾ ਅਸਲ ਵਿਚ ਇਸ ਕਰਕੇ ਹੈ ਕਿ ਇਹ ਸਿੱਧਾਂਤ ਕਾਵਿ-ਵਸਤੂ ਅਤੇ ਕਾਵਿ-ਰੂਪ ਦੋਵਾਂ ਨੂੰ ਆਪਣੇ ਕਲੇਵਰ ਵਿਚ ਸਮੇਟ ਲੈਂਦਾ ਹੈ ਅਤੇ ਇਨ੍ਹਾਂ ਦੀ ਇਕ ਦੂਜੇ ਉੱਤੇ ਨਿਰਭਰਤਾ ਨੂੰ ਮੁੱਖ ਰਖਦਾ ਹੈ।[16]

ਬਰੁਕਸ ਅਨੁਸਾਰ ਕਾਵਿ ਦੀ ਬਣਤਰ ਦਾ ਇਕ ਹੋਰ ਮਹੱਤਵਪੂਰਣ ਪੱਖ 'ਵਿਟ' (wit) ਹੈ। 'ਵਿਟ' ਸਮਰੂਪਤਾਵਾਂ (analogies) ਦੀ ਤੀਖਣ ਪਕੜ ਮਾਤਰ ਨਹੀਂ ਸਗੋਂ ਇਸ ਤਥ ਬਾਰੇ ਅਧਿਕ



ਸੁਚੇਤ ਹੋਣਾ ਹੈ ਕਿ ਕਿਸੇ ਇਕ ਵਿਸ਼ੇਸ਼ ਸਥਿਤੀ ਬਾਰੇ ਪ੍ਰਤਖ ਵਤੀਰਾ ਹੀ ਇਕੋ ਇਕ ਸੰਭਵ ਵਤੀਰਾ ਨਹੀਂ। ਸਗੋਂ 'ਵਿਟ' ਤਾਂ ਵਸਤੂਆਂ ਅਤੇ ਸਥਿਤੀਆਂ ਆਦਿ ਦੀ ਅਨੇਕਪੱਖਤਾ ਪ੍ਰਤਿ ਅੰਨ੍ਹੇ ਹੋਣ ਤੋਂ ਇਨਕਾਰ ਕਰਨਾ ਹੈ। 'ਵਿਟ' ਮਨੁਖੀ ਜ਼ਿਹਨ ਦਾ ਮੌਜ-ਮੇਲੇ ਵਾਲਾ ਪੱਖ ਹੋਣ ਦੀ ਥਾਂ ਇਸ ਦਾ ਅਤਿ ਗੰਭੀਰ ਪੱਖ ਹੈ। ਇਸੇ ਲਈ ਕੇਵਲ ਉਹ ਕਾਵਿ ਜਿਹੜਾ ਡੂੰਘੇ ਅਰਥਾਂ ਵਿਚ ਅਤਿ ਗੰਭੀਰ ਕਾਵਿ ਹੁੰਦਾ ਹੈ ਉਹ 'ਵਿਟ' ਦਾ ਕਾਵਿ ਹੀ ਹੈ।[17] ਉਹ ਅੰਗ੍ਰੇਜ਼ੀ ਦੀ ਮੈਟਾਫਿਜ਼ੀਕਲ ਕਵਿਤਾ ਨੂੰ 'ਵਿਟ' ਦੀ ਕਵਿਤਾ ਮੰਨਦਾ ਹੈ। ਬਰੁਕਸ ਅਨੁਸਾਰ ਕਾਵਿ ਵਿਚ ਕਵੀ 'ਵਿਟ' ਦੀ ਵਰਤੋਂ ਨਿਸ਼ਚਿਤਤਾ, ਇਕਾਗਰਤਾ ਅਤੇ ਵਿਅੰਗ ਦੀ ਸਿਰਜਨਾ ਲਈ ਕਰਦਾ ਹੈ। ਕਾਵਿ ਦੀ 'ਬਣਤਰ' ਦੇ ਮਹੱਤਵਪੂਰਣ ਪੱਖਾਂ ਵਜੋਂ ਰੂਪਕ ਅਤੇ 'ਵਿਟ' ਨੂੰ ਮੁਖ ਰਖਦਿਆਂ ਬਰੁਕਸ ਨੇ ਆਪਣੀ ਪੁਸਤਕ **Modern Poetry and the Tradition** ਵਿਚ ਅੰਗ੍ਰੇਜ਼ੀ ਕਵਿਤਾ ਦੀ ਵਿਕਾਸ-ਪਰੰਪਰਾ ਅਤੇ ਆਧੁਨਿਕ ਕਵਿਤਾ ਨਾਲ ਇਸ ਦੇ ਸਜੀਵ ਸੰਬੰਧਾਂ ਦਾ ਅਧਿਐਨ ਕੀਤਾ ਹੈ। ਇਹ ਕਾਵਿ ਅਤੇ ਪਰੰਪਰਾ ਸੰਬੰਧੀ ਉਸ ਦੇ ਸਿੱਧਾਂਤਾਂ ਦਾ ਅਮਲੀ ਰੂਪ ਹੈ। ਇਸ ਵਿਚ ਉਸ ਨੇ ਆਪਣੇ ਕਾਵਿ-ਸਿੱਧਾਂਤ ਅਨੁਕੂਲ ਆਧੁਨਿਕ ਕਾਵਿ ਦੇ ਵਿਸ਼ੇ-ਵਸਤੂ ਦੀ ਥਾਂ ਉਸ ਦੀ 'ਬਣਤਰ' ਅਤੇ 'ਰੂਪ' ਦੇ ਅਧਿਐਨ 'ਤੇ ਜ਼ੋਰ ਦਿੱਤਾ ਹੈ। ਵਿਕਟੋਰੀਅਨਿਜ਼ਮ ਵਿਰੁੱਧ ਵਿਦ੍ਰੋਹ ਦੇ ਕਾਰਣ ਆਧੁਨਿਕ ਕਵਿਤਾ ਆਮ ਤੌਰ 'ਤੇ ਪਰੰਪਰਾ ਵਿਰੋਧੀ ਕਹੀ ਜਾਂਦੀ ਹੈ। ਇਸ ਵਿਦ੍ਰੋਹ ਨੇ ਕਾਵਿ ਵਿਚ ਅਤਿ ਅਧਿਕ ਮੌਲਿਕਤਾ ਉੱਤੇ ਜ਼ੋਰ ਦਿੱਤਾ। ਪਰੰਤੂ ਬਰੁਕਸ ਅਨੁਸਾਰ ਪਰੰਪਰਾ ਵਿਰੁੱਧ ਬਗ਼ਾਵਤ ਕਰਨ ਵਾਲੇ ਕਵੀਆਂ ਪਾਸ ਉਹ ਅਸਲ ਮੌਲਿਕਤਾ ਨਹੀਂ ਸੀ ਜਿਹੜੀ ਕਿਸੇ ਮਹਾਨ ਕਵੀ ਦੁਆਰਾ ਪਰੰਪਰਾ ਦੇ ਸਿਰਜਨਾਤਮਕ ਰੂਪਾਂਤਰਣ ਤੋਂ ਪ੍ਰਾਪਤ ਹੁੰਦੀ ਹੈ। ਵਿਕਟੋਰੀਅਨਿਜ਼ਮ ਪ੍ਰਤਿ ਇਸ ਨਫ਼ਰਤ ਕਾਰਣ ਕਾਵਿ ਦੀ ਵਸਤੂ ਵਲ ਅਧਿਕ ਧਿਆਨ ਕੇਂਦ੍ਰਿਤ ਕਰਨ ਦੀ ਪ੍ਰਵਿਰਤੀ ਦੋ ਤਰ੍ਹਾਂ ਨਾਲ ਪ੍ਰਗਟ ਹੋਈ : ਇਕ ਤਾਂ ਵਸਤੂਆਂ ਦੇ ਕੇਵਲ ਬਾਹਰੀ ਚਿਤ੍ਰਣ ਦੇ ਰੂਪ ਵਿਚ ਅਤੇ ਦੂਸਰੇ ਨਵੇਂ ਅਤੇ ਅਣਪਚਾਏ ਵਿਸ਼ਿਆਂ ਨੂੰ ਪੁਰਾਣੇ ਦੇ ਬਦਲ ਵਜੋਂ ਪੇਸ਼ ਕਰਨ ਦੀ ਰੁਚੀ ਵਿਚ। ਇਸੇ ਕਾਰਣ ਅਜਿਹੇ ਆਧੁਨਿਕ ਕਵੀ ਪਰੰਪਰਾ ਨਾਲ ਆਪਣਾ ਸਜਿੰਦ ਰਿਸ਼ਤਾ ਕਾਇਮ ਨਾ ਰੱਖ ਸਕੇ। ਕਿਉਂਕਿ ਜਿਥੇ ਵਰਤਮਾਨ ਨਾਲੋਂ ਟੁੱਟਿਆ ਅਤੀਤ ਨਿਰਜਿੰਦ ਅਤੀਤ ਹੁੰਦਾ ਹੈ ਉਥੇ ਇਤਿਹਾਸ ਨਾਲੋਂ ਨਿਖੜਿਆ ਵਰਤਮਾਨ ਵੀ ਵਰਤਮਾਨ ਨਹੀਂ ਹੁੰਦਾ। ਇਤਿਹਾਸ ਨਾਲੋਂ ਟੁੱਟਿਆ ਵਰਤਮਾਨ ਤਾਂ ਕੇਵਲ ਮਨੋਵੇਗਾਂ ਦਾ ਫ਼ੋਰੀ ਜਿਹਾ ਵਰਤਮਾਨ ਹੁੰਦਾ ਹੈ। ਅਰਥਾਤ ਇਹ ਕੇਵਲ ਮਨੋਵੇਗਾਂ ਜਾਂ ਵੱਧ ਤੋਂ ਵੱਧ ਅਸੰਬੰਧਤ ਬਿੰਬਾਂ ਦਾ ਸਮੂਹ ਮਾਤਰ ਹੀ ਹੁੰਦਾ ਹੈ।[18] ਵਰਤਮਾਨ ਅਤੇ ਅਤੀਤ ਦਾ ਇਉਂ, ਅਨਿਖੜ ਰਿਸ਼ਤਿਆਂ ਵਿਚ ਬੱਝੇ ਹੋਣਾ ਹੀ ਪਰੰਪਰਾ ਦਾ ਸਿਰਜਨਾਤਮਕ ਪ੍ਰਯੋਗ ਅਤੇ ਕਵੀ ਦੀ ਮੌਲਿਕਤਾ ਦਾ ਆਧਾਰ ਹੁੰਦਾ ਹੈ। ਅੰਗ੍ਰੇਜ਼ੀ ਕਵੀਆਂ ਦੇ ਅਨੇਕਾਂ ਵਖਰੇਵਿਆਂ ਦੇ ਬਾਵਜੂਦ, ਬਰੁਕਸ ਨੇ ਅਨੁਸਾਰ 'ਵਿਟ' ਹੀ ਇਸ ਕਵਿਤਾ ਦਾ ਸਾਂਝਾ ਤੱਤ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਬਰੁਕਸ 'ਵਿਟ' ਨੂੰ ਆਧਾਰ ਮੰਨ ਕੇ ਅੰਗ੍ਰੇਜ਼ੀ ਦੀ ਸਮੁੱਚੀ ਕਾਵਿ-ਪਰੰਪਰਾ ਦੀ ਨਵੇਂ ਸਿਰੇ ਤੋਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ।

ਕਾਵਿ ਦੀ ਹੋਂਦ-ਵਿਧੀ ਦੇ ਬਾਹਰਮੁਖੀ ਨਿਯਮਾਂ ਨੂੰ ਵਿਸ਼ੇਸ਼ 'ਬਣਤਰ' ਵਜੋਂ ਸਥਾਪਤ ਕਰਨ ਅਤੇ ਵਿਅੰਗ, ਵਿਰੋਧਾਭਾਸ, ਰੂਪਕ, ਵਿਟ ਨੂੰ ਇਸ ਬਣਤਰ ਦੇ ਮੂਲ ਪੱਖ ਮੰਨਦਿਆਂ ਬਰੁਕਸ ਨੇ ਸਾਹਿਤਕ ਆਲੋਚਨਾ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਕਈ ਥਾਵਾਂ, ਤੇ ਸਪਸ਼ਟ ਕੀਤਾ ਹੈ, ਜਿਹੜਾ ਉਸ ਦੇ ਸਮੁਚੇ ਕਾਵਿ ਸਿਧਾਂਤਾਂ ਦਾ ਆਖਰੀ ਮਹੱਤਵਪੂਰਣ ਹਿੱਸਾ ਹੈ। ਉਸ ਦਾ ਪਹਿਲਾ ਫ਼ੈਸਲਾਕੁਨ ਨੁਕਤਾ ਇਹੋ ਹੈ ਕਿ ਸਾਹਿਤਕ ਆਲੋਚਨਾ ਕਾਵਿ ਰਚਨਾ ਦੇ ਅਧਿਐਨ ਦੀ ਥਾਂ ਕਵੀ, ਪਾਠਕ,

ਮਨੋਵਿਗਿਆਨ, ਇਤਿਹਾਸਕ ਪਿਛੋਕੜ, ਕਵੀ ਦੀ ਜੀਵਨੀ ਦੇ ਵਿਸਤਾਰ ਆਦਿ ਨਾਲ ਸੰਬੰਧਿਤ ਨਹੀਂ ਹੋਣੀ ਚਾਹੀਦੀ। ਕਿਉਂਕਿ ਸਾਹਿਤਕ ਆਲੋਚਨਾ ਹੁਣ ਤਕ ਇਨ੍ਹਾਂ ਪੱਖਾਂ ਦੇ ਅਧਿਐਨ ਤਕ ਹੀ ਸੀਮਿਤ ਰਹੀ ਹੈ, ਇਸੇ ਲਈ ਇਹ ਸਾਰੀ ਆਲੋਚਨਾ ਸਾਹਿਤ-ਆਲੋਚਨਾ ਦੀ ਥਾਂ ਸਾਹਿਤ ਬਾਹਰੇ ਪ੍ਰਸੰਗਾਂ ਦੀ ਆਲੋਚਨਾ ਮਾਤਰ ਹੀ ਸੀ।[19] ਦੂਸਰੇ, ਬਰੁਕਸ ਅਨੁਸਾਰ ਭਾਵੇਂ ਆਲੋਚਨਾ ਦਾ ਕੋਈ ਵੀ ਸਿਧਾਂਤ ਅੰਤਰਮੁਖੀ ਅੰਸ਼ਾਂ ਤੋਂ ਮੁਕਤ ਨਹੀਂ ਹੋ ਸਕਦਾ, ਫਿਰ ਵੀ, ਕਵਿਤਾ ਵਿਚੋਂ ਅਸਥੂਲ ਵਿਚਾਰ ਪ੍ਰਬੰਧ ਦੀ ਭਾਲ ਅਤੇ ਫਿਰ ਉਸ ਨੂੰ ਵਿਗਿਆਨ ਜਾਂ ਦਾਰਸ਼ਨਿਕ ਮਿਆਰਾਂ ਅਨੁਸਾਰ ਪਰਖਣ ਨਾਲੋਂ ਕਵਿਤਾ ਨੂੰ ਉਸ ਦੀ ਵਿਸ਼ੇਸ਼ ਮੂਲ 'ਬਣਤਰ' ਅਰਥਾਤ ਨਾਟਕੀ ਬਣਤਰ ਦੇ ਅਧਿਐਨ ਦੇ ਆਧਾਰ 'ਤੇ ਹੀ ਪਰਖਣਾ ਅਧਿਕ ਲਾਹੇਵੰਦਾ ਹੈ। ਇਹੋ ਸਹੀ ਸਾਹਿਤਕ ਆਲੋਚਨਾ ਦਾ ਉਦੇਸ਼ ਅਤੇ ਕਾਰਜ ਖੇਤਰ ਹੈ।[20] ਤੀਸਰੇ, ਬਰੁਕਸ ਕਾਵਿ ਆਲੋਚਨਾ ਦੇ ਸਹੀ ਸਿੱਧਾਂਤ ਨੂੰ ਸਮਝਣ ਤੋਂ ਪਹਿਲਾਂ ਕਾਵਿ ਦੇ ਆਂਗਕ ਦ੍ਰਿਸ਼ਟੀਕੋਣ ਨੂੰ ਸਮਝਣਾ ਜ਼ਰੂਰੀ ਸਮਝਦਾ ਹੈ। ਅਰਥਾਤ ਕਵਿਤਾ ਦੀ ਮੂਲ ਬਣਤਰ ਕਾਵਿ ਵਿਚਲੇ ਵੱਖ ਵੱਖ ਤੱਤਾਂ ਦੇ ਆਪਸੀ ਆਂਗਕ ਰਿਸ਼ਤੇ ਉਤੇ ਨਿਰਭਰ ਕਰਦੀ ਹੈ। ਕਵਿਤਾ ਦਾ ਕੋਈ ਇਕ ਅੰਗ ਜਾਂ ਇਨ੍ਹਾਂ ਅੰਗਾਂ ਦਾ ਸਮੂਹ ਕਾਵਿਮਈ ਹੋਂਦ ਦੀ ਸਿਰਜਨਾ ਨਹੀਂ ਕਰਦਾ, ਸਗੋਂ ਕਾਵਿ ਦੇ ਵੱਖ ਵੱਖ ਅੰਗਾਂ ਦੇ ਆਪਸੀ ਆਂਗਕ ਰਿਸ਼ਤਿਆਂ ਦਾ ਸਮੁੱਚ ਉਸ ਨੂੰ ਕਾਵਿਕ ਹੋਂਦ ਪ੍ਰਦਾਨ ਕਰਦਾ ਹੈ। ਇਸ ਲਈ ਸਾਹਿਤਕ ਆਲੋਚਨਾ ਦਾ ਮੂਲ ਕਰਤੱਵ ਅਤੇ ਉਦੇਸ਼ ਕਾਵਿ ਦੇ ਵੱਖ ਵੱਖ ਤੱਤਾਂ ਦੇ ਇਨ੍ਹਾਂ ਆਂਗਕ ਰਿਸ਼ਤਿਆਂ ਦੀ ਵਿਆਖਿਆ ਅਤੇ ਮੁਲਾਂਕਣ ਹੈ।[21]

ਆਧਨਿਕ ਆਲੋਚਨਾ ਅਤੇ ਆਲੋਚਨਾ ਬਾਰੇ ਬਰੁਕਸ ਦੇ ਆਪਣੇ ਮਤ ਸੰਬੰਧੀ ਕੁਝ ਹੋਰ ਨੁਕਤੇ ਉਸ ਦੇ ਇਕ ਹੋਰ ਲੇਖ **Modern Criticism** ਵਿਚ ਮਿਲਦੇ ਹਨ।[2] ਇਸ ਲੇਖ ਵਿਚ ਬਰੁਕਸ ਦਾ ਵਿਚਾਰ ਹੈ ਕਿ ਆਧੁਨਿਕ ਆਲੋਚਨਾ ਦੇ ਵਿਕਾਸ ਦਾ ਆਧਾਰ ਭਾਸ਼ਾ ਅਤੇ ਪ੍ਰਤੀਕ ਦੇ ਗੰਭੀਰ ਅਤੇ ਵਿਸਤ੍ਰਿਤ ਅਧਿਐਨ ਦੀ ਪ੍ਰਵਿਰਤੀ ਹੈ। ਨਤੀਜੇ ਵਜੋਂ ਬਹੁਤੀ ਆਧੁਨਿਕ ਆਲੋਚਨਾ ਮੁਖ ਤੌਰ 'ਤੇ ਦੋ ਪ੍ਰਮੁਖ ਪ੍ਰਸ਼ਨਾਂ ਨਾਲ ਸੰਬੰਧਿਤ ਹੈ :—

(ੳ) ਆਮ ਭਾਸ਼ਾ ਕਿਵੇਂ ਕਾਰਜਸ਼ੀਲ ਹੁੰਦੀ ਹੈ;

(ਅ) ਸਾਹਿਤਕ ਕਿਰਤ ਵਿਚ ਕਿਸੇ ਭਾਸ਼ਾ ਦੇ ਕਾਰਜਸ਼ੀਲ ਹੋਣ ਦੇ ਕਿਹੜੇ ਨਿਯਮ ਹਨ ? ਇਸੇ ਲਈ 'ਨਵੀਨ ਆਲੋਚਨਾ' ਮੁਖ ਤੌਰ 'ਤੇ ਕਿਰਤ ਦੇ ਪਾਠ ਅਤੇ ਉਸ ਦੀ ਸ਼ੈਲੀ ਤਕ ਸੀਮਤ ਮੰਨੀ ਜਾਂਦੀ ਹੈ। ਇਹ ਆਲੋਚਨਾ ਨਜ਼ਮ ਨੂੰ ਕਵੀ ਦੀ ਜੀਵਨੀ ਦੀ ਕੇਵਲ ਅੰਤਿਕਾ ਜਾਂ ਕਵੀ ਦੇ ਅਧਿਐਨ ਖੇਤਰ ਜਾਂ ਵਿਚਾਰ ਸੰਸਾਰ ਦੇ ਵਿਕਾਸ ਵਜੋਂ ਗ੍ਰਹਿਣ ਕਰਨ ਦੀ ਥਾਂ ਕਵਿਤਾ ਦਾ ਸੁਤੰਤਰ ਤੌਰ 'ਤੇ ਕੇਵਲ ਕਵਿਤਾ ਵਜੋਂ ਹੀ ਅਧਿਐਨ ਕਰਦੀ ਹੈ। ਕਵਿਤਾ ਦੀ ਹੋਂਦ ਕਿਉਂਕਿ ਲਿਖਤੀ ਸ਼ਬਦਾਂ 'ਤੇ ਆਧਾਰਤ ਹੈ ਇਸ ਲਈ ਭਾਸ਼ਾ ਵਲ ਵਿਸ਼ੇਸ਼ ਧਿਆਨ ਕੇਂਦ੍ਰਿਤ ਹੋਣਾ ਕੁਦਰਤੀ ਹੈ। ਪਰੰਤੂ ਬਰੁਕਸ ਅਨੁਸਾਰ ਇਹ ਅਧਿਐਨ ਕੇਵਲ ਭਾਸ਼ਾਈ ਵਿਸ਼ਲੇਸ਼ਣ ਤਕ ਸੀਮਿਤ ਨਹੀਂ ਹੋਣਾ ਚਾਹੀਦਾ, ਸਗੋਂ ਇਸ ਦਾ ਖੇਤਰ ਕਵਿਤਾ ਦੀ ਪ੍ਰਤੀਕਾਤਮਕਤਾ ਦੇ ਵਿਸ਼ਾਲਤਮ ਘੇਰੇ ਤਕ ਹੋਣਾ ਚਾਹੀਦਾ ਹੈ। ਇਸੇ ਲਈ ਆਲੋਚਨਾ ਦਾ ਮੁਖ ਕਾਰਜ ਪਾਠਕ ਦਾ ਕਿਰਤ ਉਤੇ ਪੂਰਾ ਕਬਜ਼ਾ ਜਮਾਉਣਾ ਹੈ।[3] ਜੇ ਕਵੀ ਸਿਰਜਕ ਹੈ ਤਾਂ ਆਲੋਚਕ ਪੁਨਰ-ਸਿਰਜਕ ਜ਼ਰੂਰ ਹੈ। ਕਾਵਿ-ਕਿਰਤ ਦੀ ਪੂਰੀ ਪਕੜ ਅਤੇ ਉਸ ਦਾ ਪਾਠ-ਮੂਲਕ ਵਿਸ਼ਲੇਸ਼ਣ ਕਾਵਿ-ਕਿਰਤ ਦਾ ਅਧਿਐਨ ਅਤੇ ਮੁਲਾਂਕਣ ਦੋਵੇਂ ਹਨ। ਬਰੁਕਸ ਅਨੁਸਾਰ ਸਾਹਿਤਕ ਆਲੋਚਨਾ ਦੀਆਂ ਤਿੰਨ ਭਿੰਨ ਭਿੰਨ ਮੁਖ ਦਿਸ਼ਾਵਾਂ- ਅਰਥਾਤ ਕਾਵਿ-ਕਿਰਤ ਦੀ ਸਿਰਜਨਾ ਕਿਵੇਂ ਅਤੇ ਕਿਸ ਆਧਾਰ 'ਤੇ ਹੋਈ, ਕਾਵਿ ਕਿਰਤ ਦਾ ਰੂਪਗਤ ਅਧਿਐਨ ਅਤੇ ਤੀਸਰੇ ਕਾਵਿ ਕਿਰਤ ਦੇ ਪਾਠਕਾਂ ਅਤੇ ਵੱਖ ਵੱਖ ਦੌਰਾਂ ਵਿਚ ਪਏ ਪ੍ਰਭਾਵ— ਆਪਸ ਵਿਚ ਬੜੀਆਂ ਨੇੜਿਉਂ ਸੰਬੰਧਿਤ ਹਨ ਜਿਨ੍ਹਾਂ ਬਿਨਾਂ ਵਿਸ਼ਲੇਸ਼ਣ ਸੰਪੂਰਣ ਨਹੀਂ ਕਿਹਾ ਜਾ ਸਕਦਾ। ਪਰੰਤੂ ਇਨ੍ਹਾਂ ਦੇ ਸੁਤੰਤਰ ਖੇਤਰਾਂ ਪ੍ਰਤਿ ਚੇਤਨ ਹੋਣ ਤੋਂ ਬਿਨਾਂ ਵੀ ਆਲੋਚਕ ਸਹੀ ਦਿਸ਼ਾ ਧਾਰਣ ਨਹੀਂ ਕਰ ਸਕਦਾ। ਇਕ ਕਾਵਿ ਕਿਰਤ ਦੇ ਅਧਿਐਨ ਲਈ ਕਈ ਦ੍ਰਿਸ਼ਟੀਕੋਣ ਹੋ ਸਕਦੇ ਹਨ। ਇਸ ਲਈ ਕਿਸੇ ਇਕ ਸੰਪੂਰਣ ਆਲੋਚਕ ਦੀ ਭਾਲ ਦੀ ਥਾਂ ਇਹ ਦੇਖਣਾ ਜ਼ਿਆਦਾ ਠੀਕ ਹੈ ਕਿ ਆਲੋਚਕ ਨੇ ਆਲੋਚਨਾ ਦੀਆਂ ਵੱਖ ਵੱਖ ਕਿਸਮਾਂ ਪ੍ਰਤਿ ਜਾਗਰੂਕ ਹੁੰਦਿਆਂ ਅਸਲ ਵਿਚ ਕੀ ਕੀਤਾ ਹੈ। ਕਿਉਂਕਿ ਵੱਖ ਵੱਖ ਆਲੋਚਨਾ-ਵਿਧੀਆਂ ਨੂੰ ਸਮਝਣਾ, ਉਨ੍ਹਾਂ ਦੀ ਅੰਤਰ-ਸੰਬੰਧਤਾ ਤੋਂ ਚੇਤਨ ਹੋਣਾ ਹੀ ਸਾਨੂੰ ਇਨ੍ਹਾਂ ਵਿਧੀਆਂ ਦੀ ਸਹੀ ਅਤੇ ਯੋਗ ਵਰਤੋਂ ਸਿਖਾਵੇਗਾ। (ਚਲਦਾ)



# ਸਾਹਿਤ ਦਾ ਅਤੇ ਸਾਹਿਤਕਾਰ ਦਾ ਫਰਜ਼

[ਪਿਛਲੇ ਦਿਨੀਂ ਪਾਕਿਸਤਾਨ ਤੋਂ ਇਕ ਉਰਦੂ ਰਸਾਲਾ **ਇਹਤਿਸਾਬ** ਕੁਝ ਪਛੜ ਕੇ ਇਧਰ ਪੁਜਿਆ ਸੀ। ਇਹਤਿਸਾਬ ਦਾ ਭਾਵ ਹੈ ਸੈਂਸਰ। ਲਾਹੌਰ ਤੋਂ ਛਪਿਆ 400 ਸਫ਼ਿਆਂ ਦਾ, 25 ਰੁਪਏ ਮੁੱਲ ਵਾਲਾ, ਇਹ ਪਰਚਾ ਆਪਣੇ ਆਪ ਵਿਚ ਇਕ ਅਦੁਤੀ ਚੀਜ਼ ਹੈ। ਇਸ ਵਿਚ ਪਾਕਿਸਤਾਨ ਤੋਂ ਇਲਾਵਾ, ਭਾਰਤ ਸਮੇਤ, ਹੋਰ ਅਨੇਕਾਂ ਦੇਸ਼ਾਂ ਦੇ ਲੇਖਕਾਂ ਦੀਆਂ ਚੋਣਵੀਆਂ ਰਚਨਾਵਾਂ ਸ਼ਾਮਲ ਹਨ। ਪਰ ਸਭ ਤੋਂ ਮਹੱਤਵਪੂਰਨ ਹੈ ਇਹਦਾ ਸੰਪਾਦਕੀ "ਇਹਤਿਸਾਬ ਕਿਉਂ ?" ਅਤੇ ਫੈਜ਼ ਅਹਿਮਦ ਫੈਜ਼ ਦਾ ਨੋਟ "ਕਲਮ ਵਾਲਿਉ, ਤੁਸੀਂ ਕੀਹਦੇ ਨਾਲ ਹੋ ?" ਇਹਨਾਂ ਦੋਵਾਂ ਰਚਨਾਵਾਂ ਵਿਚ ਸਾਹਿਤ ਦਾ (ਇਸ ਵਿਚ ਪੱਤਰਕਾਰੀ ਵੀ ਸ਼ਾਮਲ ਕਰ ਕੇ) ਅਤੇ ਸਾਹਿਤਕਾਰ ਦਾ ਫਰਜ਼ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ ਕਲਮਾਂ ਵਾਲਿਆਂ ਨੂੰ ਗੂੰਜਵੀਂ ਵੰਗਾਰ ਪਾਈ ਗਈ ਹੈ ਕਿ ਉਹ ਮੁਸ਼ਕਲਾਂ ਦੇ ਬਾਵਜੂਦ ਆਪਣਾ ਫ਼ਰਜ਼ ਪਛਾਨਣ ਅਤੇ ਕਲਾ ਨਾਲ ਵਫ਼ਾ ਪਾਲਣ। ਇਹ ਦੋਵੇਂ ਰਚਨਾਵਾਂ ਸਾਡੇ ਲਈ ਵੀ ਬਹੁਤ ਹੀ ਪਰਸੰਗਕ ਹੋਣ ਕਰਕੇ ਪੰਜਾਬੀ ਰੂਪ ਵਿਚ ਇਥੇ ਪਾਠਕਾਂ ਦੀ ਭੇਟ ਕੀਤੀਆਂ ਜਾ ਰਹੀਆਂ ਹਨ।]

## ਇਹਤਿਸਾਬ ਕਿਉਂ ?

ਅਬਦੁੱਲਾ ਮਲਕ

ਜ਼ਿੰਦਗੀ ਅਤੇ ਸਾਹਿਤ ਦੇ ਰਿਸ਼ਤਿਆਂ ਦੀ ਬਹਿਸ ਤਾਂ ਹੁਣ ਕਰੀਬ ਕਰੀਬ ਇਕ ਸਦੀ ਪੁਰਾਣੀ ਹੋ ਚੁਕੀ ਹੈ ਅਤੇ ਅਣ-ਐਲਾਨੇ ਹੀ ਇਸ ਬਹਿਸ ਦੇ ਨਤੀਜੇ ਵੀ ਤੈਅ ਹੋ ਚੁਕੇ ਹਨ। ਇਸ ਬਹਿਸ ਦਾ ਫ਼ੈਸਲਾ ਸੁਣਾਇਆ ਜਾ ਚੁਕਿਆ ਹੈ ਅਤੇ ਲੇਖਕਾਂ ਦੀ ਇਕ ਪੂਰੀ ਪੀੜ੍ਹੀ ਨੇ ਉਹ ਪਰਵਾਨ ਵੀ ਕਰ ਲਿਆ ਹੈ। ਇਹ ਗੱਲ ਵੀ ਪੁਰਾਣੀ ਹੋ ਚੁਕੀ ਹੈ ਕਿ ਸਾਹਿਤ ਵਿਚ ਕੋਮਿਟਮੈਂਟ ਲਾਜ਼ਮੀ ਅਤੇ ਅਟੱਲ ਹੁੰਦੀ ਹੈ। ਅਲਜੀਰੀਆ ਦੀ ਜੰਗੇ-ਆਜ਼ਾਦੀ ਸਮੇਂ ਅਤੇ ਅਮਰੀਕਾ ਦੇ ਖਿਲਾਫ਼ ਵੀਅਤਨਾਮ ਦੀ ਜਦੋ-ਜਹਿਦ ਸਮੇਂ ਸਾਡੇ ਵਿਚਕਾਰ ਇਹ ਸਵਾਲ ਬਹੁਤ ਤੀਬਰਤਾ ਨਾਲ ਉਠਾਇਆ ਗਿਆ ਸੀ। ਇਸ ਉਤੇ ਬਹੁਤ ਤਿੱਖੇ ਲਹਿਜਿਆਂ ਵਿਚ ਬਹਿਸਾਂ ਹੋਈਆਂ ਸਨ। ਤੇ ਸਮੇਂ ਨੇ ਇਸ ਬਹਿਸ ਦਾ ਫ਼ੈਸਲਾ ਸੁਣਾ ਦਿਤਾ ਹੈ ਅਤੇ ਹੁਣ ਐਲਾਨ ਹੋਵੇ ਜਾਂ ਨਾ ਹੋਵੇ, ਗ਼ਜ਼ਲ ਹੈ ਜਾਂ ਕਵਿਤਾ, ਕਹਾਣੀ ਹੈ ਜਾਂ ਨਾਟਕ ਕਿਸੇ ਨਾ ਕਿਸੇ ਢੰਗ ਨਾਲ ਅਤੇ ਕਿਸੇ ਨਾ ਕਿਸੇ ਹੱਦ ਤਕ ਇਸ ਕੋਮਿਟਮੈਂਟ ਦਾ ਪਰਗਟਾਅ ਹੋ ਹੀ ਜਾਂਦਾ ਹੈ।

ਖ਼ੈਰ, ਇਥੇ ਕਿਸੇ ਬਹਿਸ ਵਿਚ ਪੈਣ ਦੀ ਲੋੜ ਨਹੀਂ, ਸਗੋਂ ਸਿਰਫ ਏਨਾ ਕਹਿਣਾ ਹੀ ਵਾਜਬ ਹੈ ਕਿ ਇਸ ਰਸਾਲੇ ਦਾ ਜਾਰੀ ਕੀਤੇ ਜਾਣਾ ਵੀ ਇਕ ਕੌਮਿਟਮੈਂਟ ਹੈ, ਇਕ ਇਕਰਾਰ ਹੈ, ਇਸ ਇਕਰਾਰ ਨਾਲ ਵਫਾਦਾਰੀ ਦਾ ਐਲਾਨ ਹੈ। ਇਹ ਕੌਮਿਟਮੈਂਟ, ਇਹ ਇਕਰਾਰ ਅਤੇ ਇਸ ਇਕਰਾਰ ਨਾਲ ਵਫਾਦਾਰੀ ਦਾ ਪਰਗਟਾਅ ਤੁਹਾਨੂੰ ਇਹਨਾਂ ਸਫਿਆਂ ਵਿਚ ਜ਼ਰੂਰ ਮਿਲੇਗਾ। ਤੇ ਇਹ ਵੀ ਪਤਾ ਹੈ ਕਿ ਇਸ ਨਾਲ ਬਹੁਤ ਸਾਰੇ ਮੱਥਿਆਂ ਉਤੇ ਤਿਊੜੀਆਂ ਪੈ ਜਾਣਗੀਆਂ। ਕੁਝ ਲੋਕਾਂ ਦੇ ਬੁੱਲ੍ਹ ਗੁੱਸੇ ਨਾਲ ਕੰਬਣ ਲੱਗਣਗੇ ਅਤੇ ਕੁਝ ਹਲਕਿਆਂ ਵਿਚ ਕਰੋਧ ਵੀ ਪਰਗਟਾਇਆ ਜਾਵੇਗਾ। ਪਰ ਇਹ ਸਾਡੀ ਹੋਣੀ ਹੈ। ਤੇ ਇਸ ਹੋਣੀ ਨੂੰ ਅਸੀਂ ਇਕ ਚੁਥਾਈ ਸਦੀ ਤੋਂ ਪਰਵਾਨ ਕਰ ਛਡਿਆ ਹੈ। ਇਸ ਲਈ ਨਾ ਤਾਂ ਅਸੀਂ ਕਿਸੇ ਪ੍ਰਤੀਕਿਰਿਆ ਤੋਂ ਘਬਰਾਵਾਂਗੇ, ਨਾ ਪਰੇਸ਼ਾਨ ਹੀ ਹੋਵਾਂਗੇ। ਅਸੀਂ ਹਰੇਕ ਜਾਇਜ਼ ਪ੍ਰਤੀਕਿਰਿਆ ਨੂੰ ਪਰਵਾਨ ਕਰਾਂਗੇ ਅਤੇ ਹਰੇਕ ਸਹੀ ਨੁਕਤਾਚੀਨੀ ਨੂੰ ਕਬੂਲ ਕਰਾਂਗੇ। ਆਪਣੀ ਹਰੇਕ ਗ਼ਲਤੀ ਵੱਲ ਇਸ਼ਾਰਾ ਸਾਨੂੰ ਦਿਲੋ-ਜਾਨ ਨਾਲ ਪਰਵਾਨ ਹੋਵੇਗਾ।

ਇਹ ਤਾਂ ਸੀ ਗੱਲ ਕੌਮਿਟਮੈਂਟ ਦੀ। ਪਰ ਇਸ ਪਰਚੇ ਵਿਚ ਅਸੀਂ ਇਸ ਕੌਮਿਟਮੈਂਟ ਦੇ ਪਰਗਟਾਅ ਲਈ ਨਵੀਆਂ ਰਾਹਾਂ ਦਿਖਾਈਆਂ ਹਨ। ਸਾਡੇ ਇਥੇ ਵੱਖ ਵੱਖ ਸੰਸਾਰਾਂ ਬਾਰੇ ਚਰਚਾ ਪੂਰੀ ਦੁਨੀਆਂ ਵਾਂਗ ਆਮ ਹੈ। ਪਰ ਅਸੀਂ ਕਦੀ ਵੀ ਇਹਨਾਂ ਸੰਸਾਰਾਂ ਦੇ ਅੰਦਰ ਝਾਕ ਕੇ ਨਹੀਂ ਦੇਖਿਆ। ਮਿਸਾਲ ਵਜੋਂ ਅਸੀਂ ਇਹ ਤਾਂ ਕਹਿ ਦਿੰਦੇ ਹਾਂ ਕਿ ਇਕ ਤੀਜਾ ਸੰਸਾਰ ਹੈ, ਇਹ ਜਬਰ ਅਤੇ ਕਹਿਰ ਦੇ ਸ਼ਿਕਾਰਾਂ ਦਾ ਸੰਸਾਰ ਹੈ, ਇਹ ਪਛੜੇ ਹੋਏ ਅਤੇ ਲਿਤਾੜੇ ਹੋਏ ਲੋਕਾਂ ਦਾ ਸੰਸਾਰ ਹੈ। ਪਰ ਅਜ ਇਸ ਸੰਸਾਰ ਵਿਚ ਹੰਗਾਮੇ ਉਤੇ ਹੰਗਾਮਾ ਹੋ ਰਿਹਾ ਹੈ, ਸਮਾਜਕ ਤਬਦੀਲੀਆਂ ਦਾ ਸਿਲਸਿਲਾ ਜਾਰੀ ਹੈ, ਇਨਕਲਾਬ ਦੇ ਝੱਖੜ ਝੁੱਲ ਰਹੇ ਹਨ ਅਤੇ ਸ਼ਹਿਨਸ਼ਾਹਾਂ ਦੇ ਤਾਜ ਤੇ ਤਖਤ ਰੁੜ੍ਹ ਰਹੇ ਹਨ। ਅਫਰੀਕਾ ਹੋਵੇ ਜਾਂ ਏਸ਼ੀਆ, ਲਾਤੀਨੀ ਅਮਰੀਕਾ ਹੋਵੇ ਜਾਂ ਮੱਧ ਪੂਰਬ, ਕੋਈ ਵੀ ਇਹਨਾਂ ਝੱਖੜਾਂ ਦੀ ਲਪੇਟ ਤੋਂ ਬਚਿਆ ਹੋਇਆ ਨਹੀਂ।

ਪਰ ਇਹਨਾਂ ਦੇਸ਼ਾਂ ਬਾਰੇ, ਇਹਨਾਂ ਦੀ ਜ਼ਿੰਦਗੀ ਬਾਰੇ, ਜ਼ਿੰਦਗੀ ਵਿਚ ਪਰਗਟ ਹੋਣ ਵਾਲੀਆਂ ਤਬਦੀਲੀਆਂ ਬਾਰੇ ਅਸੀਂ ਕਿੰਨਾ ਕੁਝ ਜਾਣਦੇ ਹਾਂ ? ਅਸੀਂ ਇਥੋਂ ਦੇ ਗੁਰੀਲਿਆਂ ਬਾਰੇ, ਉਹਨਾਂ ਦੇ ਆਜ਼ਾਦੀ ਸੰਗਰਾਮ ਬਾਰੇ, ਇਸ ਸੰਗਰਾਮ ਵਿਚ ਰਚੀਆਂ ਜਾਣ ਵਾਲੀਆਂ ਕਵਿਤਾਵਾਂ ਤੇ ਕਹਾਣੀਆਂ, ਰਚੇ ਜਾਣ ਵਾਲੇ ਨਾਟਕਾਂ ਬਾਰੇ ਕਿੰਨਾ ਕੁਝ ਜਾਣਦੇ ਹਾਂ ? ਜੰਗਲਾਂ ਵਿਚ ਲੜੀਆਂ ਜਾਣ ਵਾਲੀਆਂ ਇਹਨਾਂ ਲੜਾਈਆਂ ਦੌਰਾਨ ਬਣਾਈਆਂ ਜਾਂਦੀਆਂ ਫਿਲਮਾਂ ਬਾਰੇ ਅਸੀਂ ਕਿੰਨਾ ਕੁਝ ਜਾਣਦੇ ਹਾਂ ? ਸਾਨੂੰ ਦਿਨ-ਰਾਤ ਇਹ ਵੀ ਕਿਹਾ ਜਾਂਦਾ ਹੈ ਕਿ ਇਹਨਾਂ ਦੇਸ਼ਾਂ ਵਿਚ, ਇਹਨਾਂ ਦੂਰ-ਦੁਰੇਡੇ ਇਲਾਕਿਆਂ ਵਿਚ ਕਮਿਊਨਿਸਟ ਗੜਬੜ ਕਰ ਰਹੇ ਹਨ, ਪਰ ਅਸੀਂ ਇਹਨਾਂ ਕਮਿਊਨਿਸਟਾਂ ਬਾਰੇ ਕਿੰਨਾ ਕੁਝ ਜਾਣਦੇ ਹਾਂ ? ਸੱਚ ਇਹ ਹੈ ਕਿ ਸਾਡਾ ਕੇਵਲ-ਮਾਤਰ ਗਿਆਨ ਅਮਰੀਕੀ ਰਸਾਲਿਆਂ **ਟਾਈਮਜ਼**, **ਨਿਊਜ਼ਵੀਕ** ਅਤੇ ਬੀ. ਬੀ. ਸੀ. ਦੇ ਰੇਡੀਓ ਪਰੋਗਰਾਮਾਂ ਤਕ ਸੀਮਤ ਹੈ। ਤੇ ਸਾਡੇ ਸਾਰੇ ਅਖ਼ਬਾਰ ਇਹਨਾਂ ਹੀ ਪੱਛਮੀ ਸਾਧਨਾਂ ਦੀਆਂ ਹੱਦਾਂ ਤੇ ਸੀਮਾਵਾਂ ਵਿਚ ਸੀਮਾਬੱਧ ਹਨ। ਅਸੀਂ ਚੇਤਨਾ ਦੇ ਪਖੋਂ ਪੱਛਮੀ ਪਰਚਾਰ ਦੇ ਕੈਦੀ ਹਾਂ।

ਈਰਾਨ ਬਾਰੇ ਅਸੀਂ ਜੋ ਕੁਝ ਜਾਣਦੇ ਹਾਂ, ਉਹ ਉਹਨਾਂ ਦੇ ਹੀ ਹਵਾਲੇ ਨਾਲ। ਅਫਗਾਨਿਸਤਾਨ ਬਾਰੇ ਅਸੀਂ ਜੋ ਕੁਝ ਮੰਨਦੇ ਹਾਂ, ਉਹ ਵੀ ਉਹਨਾਂ ਦੇ ਹਵਾਲੇ ਨਾਲ ਹੀ। ਭਾਵ ਇਹ ਕਿ ਅਸੀਂ ਵੱਖ ਵੱਖ ਦੇਸ਼ਾਂ ਵਿਚ ਲੜੀਆਂ ਜਾਣ ਵਾਲੀਆਂ ਕੌਮੀ ਆਜ਼ਾਦੀ ਦੀਆਂ ਲੜਾਈਆਂ ਬਾਰੇ, ਵੱਖ ਵੱਖ



ਦੇਸ਼ਾਂ ਵਿਚ ਹੋਣ ਵਾਲੇ ਇਨਕਲਾਬਾਂ ਬਾਰੇ ਜੋ ਕੁਝ ਵੀ ਜਾਣਦੇ ਹਾਂ, ਉਹ ਇਹਨਾਂ ਹੀ ਸਾਧਨਾਂ ਰਾਹੀਂ। ਵਸੀਲਿਆਂ ਦੇ ਜਿਨ੍ਹਾਂ ਮਾਲਕਾਂ ਦੇ ਵਿਰੁਧ ਇਹ ਲੜਾਈਆਂ ਲੜੀਆਂ ਜਾ ਰਹੀਆਂ ਹਨ ਅਤੇ ਜਿਨ੍ਹਾਂ ਸਾਮਰਾਜਵਾਦੀ ਅਨਸਰਾਂ ਦੇ ਵਿਰੁਧ ਇਹ ਇਨਕਲਾਬ ਕੀਤੇ ਜਾ ਰਹੇ ਹਨ, ਅਸੀਂ ਉਹਨਾਂ ਹੀ ਅਨਸਰਾਂ ਦੀ ਮਾਲਕੀ ਹੇਠਲੇ ਸੂਚਨਾ-ਸਾਧਨਾਂ ਤੋਂ ਸੱਚ ਅਤੇ ਝੂਠ ਜਾਣਨ ਦਾ ਜਤਨ ਕਰਦੇ ਹਾਂ। ਸਪੱਸ਼ਟ ਹੀ ਹੈ ਕਿ ਅਸੀਂ ਠੋਕਰ ਖਾਂਦੇ ਹਾਂ ਅਤੇ ਸਾਡੀ ਸੋਚ ਅਚੇਤ ਹੀ ਇਹਨਾਂ ਸਾਮਰਾਜਵਾਦੀਆਂ ਦੀ ਸੋਚ ਨਾਲ ਇਕਮਿਕ ਹੋ ਜਾਂਦੀ ਹੈ। ਇਹ ਇਕ ਘਾਤਕ ਅਮਲ ਹੈ, ਜੋ ਜਾਰੀ ਹੈ ਅਤੇ ਵਿਆਪਕ ਹੈ।

ਇਸੇ ਕਰਕੇ ਅਸੀਂ ਇਸ ਪਰਚੇ ਰਾਹੀਂ ਇਸ ਘਾਟ ਨੂੰ ਦੂਰ ਕਰਨ ਦਾ ਜਤਨ ਕਰਾਂਗੇ। ਤੇ ਇਸ ਪਖੋਂ ਅਸੀਂ ਇਹ ਗੱਲ ਯਕੀਨ ਨਾਲ ਕਹਿ ਸਕਦੇ ਹਾਂ ਕਿ ਇਹ ਪਰਚਾ ਪਾਕਿਸਤਾਨ ਦੇ ਸਾਹਿਤ ਅਤੇ ਪੱਤਰਕਾਰੀ ਵਿਚ ਇਕ ਨਵੀਂ ਕਿਸਮ ਦਾ ਰਸਾਲਾ ਹੈ। ਤੇ ਇਹ ਨਵਾਂਪਣ ਹੈ ਕੀ ?

ਇਹ ਨਵਾਂਪਣ ਹੈ :

—ਅਸੀਂ ਸੰਸਾਰ ਵਿਚ, ਤੀਜੇ ਸੰਸਾਰ ਵਿਚ ਪਰਗਟ ਹੋਣ ਵਾਲੀਆਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਨੂੰ ਪੱਛਮੀ ਸੂਚਨਾ-ਸਾਧਨਾਂ ਦੇ ਸ਼ੀਸ਼ੇ ਵਿਚੋਂ ਨਹੀਂ ਦੇਖਾਂਗੇ, ਸਗੋਂ ਇਹਨਾਂ ਦੇਸ਼ਾਂ ਵਿਚ ਲੜੀਆਂ ਜਾਣ ਵਾਲੀਆਂ ਲੜਾਈਆਂ ਦੇ ਆਗੂਆਂ, ਉਹਨਾਂ ਦੀਆਂ ਜਮਾਤਾਂ ਅਤੇ ਉਹਨਾਂ ਦੇ ਆਗੂਆਂ ਦੀ ਆਪਣੀ ਸੋਚ ਨੂੰ ਜਿਉਂ-ਦਾ-ਤਿਉਂ ਪੇਸ਼ ਕਰਨ ਦਾ ਜਤਨ ਕਰਾਂਗੇ।

—ਇਹਨਾਂ ਦੇਸ਼ਾਂ ਵਿਚ ਰਚੇ ਜਾ ਰਹੇ ਸਾਹਿਤ, ਕਲਾ ਅਤੇ ਸ਼ਾਇਰੀ ਦੇ ਨਮੂਨੇ ਪੇਸ਼ ਕਰਾਂਗੇ ਅਤੇ ਇਹਨਾਂ ਬਾਰੇ ਵਿਸਥਾਰ ਵਿਚ ਗੱਲ ਕਰਾਂਗੇ।

—ਅਸੀਂ ਇਹਨਾਂ ਸਫ਼ਿਆਂ ਵਿਚ ਸਾਮਰਾਜਵਾਦੀ ਅਤੇ ਸਨਅਤੀ ਤੌਰ ਉਤੇ ਵਿਕਸਤ ਤੇ ਪੂੰਜੀਵਾਦੀ ਪਰਬੰਧ ਦੇ ਧਾਰਨੀ ਦੇਸ਼ਾਂ ਅੰਦਰਲੀਆਂ ਲਹਿਰਾਂ ਦਾ ਵੀ ਜ਼ਿਕਰ ਕਰਾਂਗੇ ਅਤੇ ਉਹਨਾਂ ਦੇ ਸਾਹਿਤ ਤੇ ਸ਼ਾਇਰੀ ਉਤੇ ਵੀ ਰੌਸ਼ਨੀ ਪਾਵਾਂਗੇ।

—ਅਸੀਂ ਇਹਨਾਂ ਸਫਿਆਂ ਵਿਚ ਸਮਾਜਵਾਦੀ ਦੇਸ਼ਾਂ ਦੇ ਸੰਸਾਰ ਅੰਦਰ ਵੀ ਝਾਕਾਂਗੇ ਅਤੇ ਉਹਨਾਂ ਦੀ ਜ਼ਿੰਦਗੀ ਬਾਰੇ ਵੀ ਦੱਸਾਂਗੇ ਕਿ ਆਖ਼ਰ ਇਹ ਕੌਣ ਲੋਕ ਹਨ ? ਕਿਵੇਂ ਰਹਿੰਦੇ ਹਨ ? ਕਿਹੋ ਜਿਹਾ ਸਾਹਿਤ ਰਚਦੇ ਹਨ ? ਆਖ਼ਰ ਸਭ ਦੇ ਸਭ ਪੱਛਮੀ ਅਖਬਾਰਾਂ ਵਿਚ ਅਤੇ ਉਹਨਾਂ ਦੀ ਦੇਖਾ-ਦੇਖੀ ਸਾਡੇ ਅਖਬਾਰਾਂ ਵਿਚ ਇਹਨਾਂ ਦੇ ਵਿਰੁਧ ਦਿਨ-ਰਾਤ ਇਕ ਕਿਉਂ ਕੀਤੇ ਪਏ ਹਨ ?

—ਅਸੀਂ ਪਾਕਿਸਤਾਨ ਦੇ ਸ਼ਿਅਰੋ-ਅਦਬ ਦੇ ਨਾਲ ਨਾਲ ਇਥੋਂ ਦੀ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਬਾਰੇ ਰਚਣਈ ਲਿਖਤਾਂ ਛਾਪਿਆ ਕਰਾਂਗੇ।

—ਅਸੀਂ ਪਾਕਿਸਤਾਨ ਅਤੇ ਦੂਜੇ ਦੇਸ਼ਾਂ ਦੀਆਂ ਫ਼ਿਲਮਾਂ ਅਤੇ ਟੈਲੀਵਿਯਨ ਵਿਚਲੇ ਨਵੇਂ ਰੁਝਾਨਾਂ ਅਤੇ ਨਵੇਂ ਤੌਰ-ਤਰੀਕਿਆਂ ਬਾਰੇ ਵੀ ਲਿਖਤਾਂ ਛਾਪਿਆ ਕਰਾਂਗੇ।

—ਅਸੀਂ ਦੁਨੀਆਂ ਭਰ ਦੀਆਂ ਇਸਤਰੀਆਂ ਵਲੋਂ ਆਪਣੀ ਆਜ਼ਾਦੀ, ਜਮਹੂਰੀਅਤ ਅਤੇ ਬਰਾਬਰੀ ਲਈ ਲੜੀਆਂ ਜਾ ਰਹੀਆਂ ਲੜਾਈਆਂ ਦਾ ਵੀ ਭਰਪੂਰ ਜ਼ਿਕਰ ਕਰਾਂਗੇ। ਅਸੀਂ ਇਸ ਜਦੋਜਹਿਦ ਦੌਰਾਨ ਜਨਮ ਲੈਣ ਵਾਲੀਆਂ ਕਵਿਤਾਵਾਂ ਅਤੇ ਕਹਾਣੀਆਂ ਨੂੰ ਵੀ ਇਹਨਾਂ ਸਫ਼ਿਆਂ ਉਤੇ ਛਾਪਾਂਗੇ।

—ਅਸੀਂ ਸੰਸਾਰ ਦੇ ਪਰੈੱਸ ਵਿਚ ਪਰਗਟ ਹੋਣ ਵਾਲੀਆਂ ਤਬਦੀਲੀਆਂ ਦਾ ਵੀ ਜ਼ਿਕਰ ਕਰਾਂਗੇ। ਅਸੀਂ ਇਹ ਬਹਿਸ ਛੇੜਾਂਗੇ ਕਿ ਸਾਡੇ ਦੇਸ਼ ਵਿਚ ਅਤੇ ਸਾਡੇ ਵਰਗੇ ਹੋਰ ਦੇਸ਼ਾਂ ਵਿਚ

ਪਰੈੱਸ ਕਿੰਨਾ ਕੁ ਆਜ਼ਾਦ ਹੈ।

ਅਸੀਂ ਇਹਨਾਂ ਇਕਰਾਰਾਂ ਨਾਲ ਇਸ ਰਸਾਲੇ ਦਾ ਬੀੜਾ ਚੁਕ ਰਹੇ ਹਾਂ। ਇਹ ਇਕਰਾਰ ਬੜੇ ਉਚੇ ਹਨ। ਸਾਡੇ ਵਸੀਲੇ ਬੜੇ ਹੀ ਸੀਮਤ ਹਨ। ਸਾਡੇ ਹੌਸਲੇ ਬਹੁਤ ਵਧੇ ਹੋਏ ਹਨ। ਪਰ ਪੈਰਾਂ ਵਿਚ ਪਈਆਂ ਹੋਈਆਂ ਬੇੜੀਆਂ ਦਾ ਵੀ ਸਾਨੂੰ ਪੂਰਾ ਪੂਰਾ ਅਹਿਸਾਸ ਹੈ।

ਇਸ ਪਹਿਲੇ ਅੰਕ ਵਿਚ ਅਸੀਂ ਪਾਕਿਸਤਾਨ, ਹਿੰਦੁਸਤਾਨ, ਵੀਅਤਨਾਮ ਈਰਾਨ, ਅਤੇ ਅਫਗਾਨਿਸਤਾਨ ਦਾ ਵਿਸਥਾਰ ਵਿਚ ਜ਼ਿਕਰ ਕੀਤਾ ਹੈ। ਪਾਕਿਸਤਾਨ ਦੀ ਰਾਜਨੀਤੀ ਦੇ ਸੰਬੰਧ ਵਿਚ "ਭੁੱਟੋ ਬਨਾਮ ਜਰਨੈਲ ਜ਼ਿਆਉਲ-ਹੱਕ" ਦੇ ਸਿਰਲੇਖ ਹੇਠ ਇਕ ਲੰਮਾ ਲੇਖ ਦਿਤਾ ਜਾ ਰਿਹਾ ਹੈ। ਇਹਦੇ ਨਾਲ ਹੀ 1978 ਅਤੇ 1979 ਵਿਚ ਪਾਕਿਸਤਾਨ ਵਿਚ ਰਚਿਆ ਜਾਣ ਵਾਲਾ ਉਤਮ ਸਾਹਿਤ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਇਹਤੋਂ ਇਲਾਵਾ ਸਾਰੀਆਂ ਇਲਾਕਾਈ ਜ਼ਬਾਨਾਂ ਦੇ ਸ਼ਾਹਕਾਰ ਵੀ ਸ਼ਾਮਲ ਕੀਤੇ ਜਾ ਰਹੇ ਹਨ। ਹਿੰਦੁਸਤਾਨ ਦੇ ਸੰਬੰਧ ਵਿਚ ਪਹਿਲੀ ਵਾਰ ਉਰਦੂ ਅਦਬ ਦੇ ਨਾਲ ਨਾਲ ਦੂਜੀਆਂ ਜ਼ਬਾਨਾਂ, ਬੰਗਾਲੀ, ਮਰਾਠੀ, ਤੇਲਗੂ, ਹਿੰਦੀ ਅਤੇ ਪੰਜਾਬੀ ਦੀਆਂ ਕਵਿਤਾਵਾਂ ਤੇ ਕਹਾਣੀਆਂ ਦਿਤੀਆ ਜਾ ਰਹੀਆਂ ਹਨ। ਇਸੇ ਤਰ੍ਹਾਂ ਵੀਅਤਨਾਮ ਅਤੇ ਚੀਨ ਦੀ ਲੜਾਈ ਬਾਰੇ ਜ਼ਿਕਰ ਦੇ ਨਾਲ ਹੀ ਪਹਿਲੀ ਵਾਰ ਅਮਰੀਕੀ ਕਮਿਊਨਿਸਟ ਪਾਰਟੀ ਵਲੋਂ ਚੀਨੀ ਕਮਿਊਨਿਸਟ ਪਾਰਟੀ ਨੂੰ ਲਿਖੀ ਗਈ ਚਿੱਠੀ ਵੀ ਦਿਤੀ ਜਾ ਰਹੀ ਹੈ। ਈਰਾਨ ਦੇ ਇਨਕਲਾਬ ਦੇ ਸੰਬੰਧ ਵਿਚ ਈਰਾਨੀ ਕਮਿਊਨਿਸਟ ਪਾਰਟੀ, ਜੀਹਦਾ ਨਾਂ ਤੂਦੇਹ ਪਾਰਟੀ ਹੈ, ਦੇ ਆਗੂਆਂ ਦੇ ਲੇਖ ਅਤੇ ਇੰਟਰਵਿਊ ਛਾਪੇ ਜਾ ਰਹੇ ਹਨ। ਅਫਗਾਨਿਸਤਾਨ ਦੇ ਇਨਕਲਾਬ ਦੇ ਸੰਬੰਧ ਵਿਚ ਇਕ ਲੰਮਾ ਲੇਖ ਛਾਪਿਆ ਜਾ ਰਿਹਾ ਹੈ ਅਤੇ ਇਹਦੇ ਨਾਲ ਹੀ ਅਫਗਾਨ ਇਨਕਲਾਬ ਦੇ ਆਗੂਆਂ ਦੀਆਂ ਲਿਖਤਾਂ ਅਤੇ ਰਿਪੋਰਟਾ ਛਾਪੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਅਫਗਾਨਿਸਤਾਨ ਦੇ ਇਨਕਲਾਬ ਦੇ ਵਿਸ਼ੇਸ਼ ਲੱਛਣਾਂ ਉਤੇ ਰੋਸ਼ਨੀ ਪਾਈ ਗਈ ਹੈ ਅਤੇ "ਉਲਮਾ ਅਤੇ ਸ਼ੇਖਾਂ" ਵਲੋਂ ਕੀਤੇ ਜਾਂਦੇ ਵਿਰੋਧ ਅਤੇ ਟਾਕਰੇ ਦਾ ਪਿਛੋਕੜ ਵੀ ਦਿਤਾ ਗਿਆ ਹੈ।

ਅਸੀਂ ਇਸ ਰਸਾਲੇ ਨੂੰ ਆਪਣੇ ਸੀਮਤ ਵਸੀਲਿਆਂ ਦੇ ਬਾਵਜੂਦ ਇਕ ਸਰਬੰਗੀ ਰਸਾਲਾ ਬਣਾਉਣ ਦਾ ਇਰਾਦਾ ਰਖਦੇ ਹਾਂ। ਅਸੀਂ ਕਿਥੋਂ ਤਕ ਸਫਲ ਹੋਵਾਂਗੇ, ਇਹਦਾ ਨਿਰਭਰ ਲੇਖਕਾਂ ਅਤੇ ਕਲਮਕਾਰਾਂ ਦੀ ਮਿਲਵਰਤਨ ਉਤੇ ਹੈ। ਤੇ ਅਸੀਂ ਸਭ ਦੀ ਮਿਲਵਰਤਨ ਦੇ ਇਛੱਕ ਹਾਂ।

ਅੰਤ ਵਿਚ ਇਕ ਧੰਨਵਾਦ ਹੋਰ ਪਰਗਟਾਉਣਾ ਹੈ। ਇਸ ਅੰਕ ਵਿਚ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਜਿਨ੍ਹਾਂ ਅਨੇਕ ਲੇਖਕਾਂ ਅਤੇ ਸ਼ਾਇਰਾਂ ਦੀਆਂ ਰਚਨਾਵਾਂ ਅਸੀਂ ਇਕੱਤਰ ਕੀਤੀਆਂ ਹਨ, ਉਹਨਾਂ ਤੋਂ ਵੱਖਰੀ ਵੱਖਰੀ ਆਗਿਆ ਨਹੀਂ ਲਈ ਜਾ ਸਕੀ। ਪਰ ਕੇਵਲ ਇਸ ਭਰੋਸੇ ਨਾਲ ਕਿ ਉਹਨਾਂ ਦੀ ਅਤੇ ਸਾਡੀ ਪੀੜ ਸਾਂਝੀ ਹੈ, ਅਸੀਂ ਇਹ ਜੇਰਾ ਕੀਤਾ ਹੈ ਅਤੇ ਇਸ ਆਸ ਨਾਲ ਕੀਤਾ ਹੈ ਕਿ ਉਹ ਸਾਡੀ ਇਸ ਤਰੁਟੀ ਨੂੰ ਖੁੱਲ੍ਹੇ ਦਿਲ ਨਾਲ ਮਾਫ ਕਰ ਦੇਣਗੇ। ਬਾਕੀ ਜਿਨ੍ਹਾਂ ਲੇਖਕਾਂ ਅਤੇ ਸ਼ਾਇਰਾਂ ਦੀਆਂ ਅਣਛਪੀਆਂ ਰਚਨਾਵਾਂ ਸ਼ਾਮਲ ਹਨ, ਉਹਨਾਂ ਵਿਚੋਂ ਬਹੁਤਿਆਂ ਨੇ ਤਾਂ ਇਸ ਰਸਾਲੇ ਦੇ ਸੰਬੰਧ ਵਿਚ ਸਾਡੀ ਪੀੜ ਅਤੇ ਸਾਡੀ ਰੀਝ ਨੂੰ ਆਪਣੀ ਸਮਝਿਆ ਹੈ ਅਤੇ ਅਸੀਂ ਇਸ ਭਾਰ ਨੂੰ ਮਿਲ ਕੇ ਚੁਕਣ ਦਾ ਇਰਾਦਾ ਕੀਤਾ ਹੈ। ਪਰ ਇਹਦੇ ਬਾਵਜੂਦ ਅਸੀਂ ਇਹਨਾਂ ਦੇ ਵੀ ਧੰਨਵਾਦੀ ਹਾਂ ਕਿ ਅਸੀਂ ਇਕ ਦੂਜੇ ਦੇ ਰਫੀਕ ਅਤੇ ਸਾਥੀ ਹਾਂ।



## ਕਲਮ ਵਾਲਿਉ, ਤੁਸੀਂ ਕੀਹਦੇ ਨਾਲ ਹੋ?

### ਫ਼ੈਜ਼ ਅਹਿਮਦ ਫ਼ੈਜ਼

**ਕੁਝ** ਸਾਲ ਪਹਿਲਾਂ, ਜਦੋਂ ਮੈਂ ਕਰਾਚੀ ਵਿਚ ਸੀ, ਮੈਂ ਕੁਝ ਕਲਮਕਾਰਾਂ ਨੂੰ ਪਰੇਰਿਆ ਕਿ ਉਹ ਦੂਜੇ ਕਲਮਕਾਰਾਂ ਦੇ ਨਾਂ ਇਕ ਸੁਨੇਹਾ ਦੇਣ (ਇਹ ਸੁਨੇਹਾ ਮੈਂ ਤਿਆਰ ਕੀਤਾ ਸੀ)। ਉਸ ਸਮੇਂ ਇਸ ਸੁਨੇਹੇ ਦਾ ਲੋੜੀਂਦਾ ਨਤੀਜਾ ਨਹੀਂ ਸੀ ਨਿਕਲਿਆ। ਹੁਣ ਮੈਂ ਉਹੋ ਸੁਨੇਹਾ ਇਸ ਉਮੀਦ ਨਾਲ ਦੁਬਾਰਾ ਛਾਪ ਰਿਹਾ ਹਾਂ ਕਿ ਸ਼ਾਇਦ ਕੁਝ ਕਲਮਕਾਰਾਂ ਨੂੰ ਇਹ ਟੁੰਬ ਸਕੇ ਅਤੇ ਉਹ ਮਿਲ ਕੇ ਕੰਮ ਕਰਨ ਲਈ ਪਰੇਰੇ ਜਾਣ।

ਕਲਮਕਾਰ ਇਸ ਦੌਰ ਵਿਚ ਦੁਨੀਆਂ ਭਰ ਦੇ ਲੋਕਾਂ ਦਾ ਵਫ਼ਾਦਾਰ ਹੈ। ਉਹਦਾ ਕੰਮ ਇਹ ਹੈ ਕਿ ਉਹ ਲੋਕਾਂ ਦੇ ਦੁਸ਼ਮਣਾਂ ਅਤੇ ਦੋਸਤਾਂ ਵਿਚ ਫਰਕ ਕਰੇ ਅਤੇ ਲੋਕਾਂ ਨੂੰ ਇਹ ਪਛਾਣ ਕਰਵਾਏ ਤੇ ਦੱਸੇ ਕਿ ਕੌਣ ਉਹਨਾਂ ਨੂੰ ਆਜ਼ਾਦੀ ਦੁਆਉਣ, ਉਹਨਾਂ ਦੀ ਜ਼ਿੰਦਗੀ ਵਿਚ ਹੁਸਨ ਤੇ ਪਾਕੀਜ਼ਗੀ ਲਿਆਉਣ ਤੇ ਹਰ ਕਿਸਮ ਦੀ ਲੁੱਟਚੋਂਘ ਨੂੰ ਖ਼ਤਮ ਕਰਨ ਵਿਚ ਲਗੇ ਹੋਏ ਹਨ ਅਤੇ ਕੌਣ ਉਹਨਾਂ ਨੂੰ ਗੁਲਾਮ ਬਣਾਉਣ, ਉਹਨਾਂ ਨੂੰ ਲੁੱਟਣ, ਉਹਨਾਂ ਨੂੰ ਭ੍ਰਿਸ਼ਟ ਕਰਨ ਤੇ ਉਹਨਾਂ ਦੀ ਕਮਜ਼ੋਰੀ ਦਾ ਫ਼ਾਇਦਾ ਉਠਾਉਣ ਵਿਚ ਰੁਝੇ ਹੋਏ ਹਨ ਅਤੇ ਮਕਾਰ ਤੇ ਫਰੇਬ ਨਾਲ, ਜ਼ੁਲਮ ਤੇ ਜਬਰ ਨਾਲ ਆਪਣੇ ਗਲਬੇ ਦੀ ਉਮਰ ਵਧਾਉਣ ਵਿਚ ਲਗੇ ਹੋਏ ਹਨ।

ਪਾਕਿਸਤਾਨ ਦੇ ਗੰਭੀਰ ਲੇਖਕਾਂ ਨੂੰ ਡਰ-ਭੈ ਤੋਂ ਬਿਨਾਂ ਅਤੇ ਨਿਝੱਕ ਹੋ ਕੇ ਸੱਚੀਆਂ ਗੱਲਾਂ ਕਹਿਣੀਆਂ ਚਾਹੀਦੀਆਂ ਹਨ ਅਤੇ ਵਿਚਾਰ-ਪਰਗਟਾਵੇ ਦੀ ਆਜ਼ਾਦੀ ਅਨੁਸਾਰ ਅਮਲ ਕਰਨਾ ਚਾਹੀਦਾ ਹੈ। ਇਹਨਾਂ ਵਲੋਂ ਜਬਰ-ਜ਼ੁਲਮ ਬੇਨਕਾਬ ਕੀਤਾ ਜਾਣਾ ਚੀਹੀਦਾ ਹੈ ਅਤੇ ਜੋ ਨਾਇਨਸਾਫ਼ੀਆਂ ਹੋ ਰਹੀਆਂ ਹਨ, ਉਹਨਾਂ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ। ਤੇ ਸਮਾਜਕ, ਆਰਥਕ ਅਤੇ ਸਭਿਆਚਾਰਕ ਮੱਕਾਰੀ ਨੂੰ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ।

ਅੱਜ ਲੇਖਕਾਂ ਦਾ ਕੰਮ ਇਹ ਹੈ ਕਿ ਉਹ ਸਾਮਰਾਜਵਾਦ, ਨਸਲਵਾਦ, ਬਸਤੀਵਾਦੀ ਪਰਬੰਧ ਅਤੇ ਨਵਬਸਤੀਵਾਦੀ ਪਰਬੰਧ ਦਾ ਵਿਰੋਧ ਕਾਰਨ, ਪੂਰਬ ਤੇ ਪੱਛਮ ਦੇ ਲੋਕਾਂ ਨਾਲ ਮੁਹੱਬਤ ਕਰਨ ਅਤੇ ਆਜ਼ਾਦੀ, ਜਮਹੂਰੀਅਤ ਤੇ ਇਨਸਾਨੀ ਹੱਕਾਂ ਲਈ ਜਦੋਜਹਿਦ ਕਰਨ ਵਾਲੇ ਲੋਕਾਂ ਦੀ ਪੁਰਜ਼ੋਰ ਹਮਾਇਤ ਕਰਨ।

ਉਹਨਾਂ ਨੂੰ ਸਾਮਰਾਜ ਦੇ ਦਖ਼ਲ, ਸਾਜ਼ਿਸ਼ ਤੇ ਤੋੜਫੋੜ ਦਾ ਅਤੇ ਜੰਗੀ ਤਿਆਰੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਆਜ਼ਾਦੀ ਤੇ ਅਮਨ ਦੀ ਹਮਾਇਤ ਕਰਨੀ ਚਾਹੀਦੀ ਹੈ।

ਸਾਡੇ ਲੇਖਕਾਂ ਨੂੰ ਇਹ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਉਹ ਆਪਣੀ ਬੰਦਖਲਾਸ ਦਾ ਰਾਹ ਆਪ ਲੱਭਣ ਅਤੇ ਉਹਨਾਂ ਉਤੇ ਕਿਸੇ ਖਾਸ ਰਾਜਨੀਤਕ ਪਰੋਗਰਾਮ ਨੂੰ ਮੰਨਣ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ।

ਪਰ ਸਾਨੂੰ ਇਹ ਕਹਿਣ ਵਿਚ ਝਿਜਕ ਨਹੀਂ ਹੈ ਕਿ ਉਪਰੋਕਤ ਗੱਲਾਂ ਉਹ ਘਟੋ-ਘੱਟ ਗੱਲਾਂ ਹਨ ਜਿਨ੍ਹਾਂ ਨੂੰ ਸਭ ਲੇਖਕਾਂ ਨੇ ਪਰਵਾਨ ਕਰਨਾ ਹੋਵੇਗਾ।

ਅਸੀਂ ਚਾਹੁੰਦੇ ਹਾਂ ਕਿ ਪਾਕਿਸਤਾਨ ਦੇ ਸਾਰੇ ਲੇਖਕ, ਜਿਹੜੇ ਉਪਰੋਕਤ ਗੱਲਾਂ ਨੂੰ ਵਿਚਾਰ-ਵਟਾਂਦਰੇ ਹੇਠ ਲਿਆਉਣ ਲਈ ਤਿਆਰ ਹਨ, ਬੈਠਣ ਅਤੇ ਆਪਣੇ ਕਰਤਾਰੀ ਕੰਮਾਂ ਲਈ ਇਕ ਨਵਾਂ ਅਹਿਦਨਾਮਾ ਤਿਆਰ ਕਰਨ ਜੋ ਅੱਜ ਦੇ ਲੇਖਕਾਂ ਨੂੰ ਰਾਹ ਦਿਖਾ ਸਕੇ ਅਤੇ ਨਵੀਂ ਨਸਲ ਦੇ ਸੋਚ-ਪਰਵਾਹ ਤੇ ਕਰਤਾਰੀ ਕੰਮਾਂ ਵਿਚ ਰਾਹ-ਦਿਖਾਈ ਮਿਸ਼ਾਲ ਦਾ ਕੰਮ ਦੇ ਸੱਕੇ। ਤੇ ਲੋਕ, ਚੇਤਨਾ ਦੀ ਰੋਸ਼ਨੀ ਨਾਲ ਨੂਰੋ-ਨੂਰ ਹੋ ਕੇ ਆਪਣੇ ਦੋਸਤ ਅਤੇ ਦੁਸ਼ਮਣ ਵਿਚ ਫਰਕ ਕਰ ਸਕਣ।

ਸਮਕਾਲੀ ਲੇਖਕੋ ! ਅਸੀਂ ਤੁਹਾਨੂੰ ਇਹ ਸੋਚਣ ਦੀ ਬੇਨਤੀ ਕਰਦੇ ਹਾਂ ਕਿ ਕੀ ਤੁਸੀਂ ਪਾਕਿਸਤਾਨ ਵਿਚ ਹੋਣ ਵਾਲੇ ਰਚਣਈ ਕੰਮ ਤੋਂ ਸੰਤੁਸ਼ਟ ਹੋ ? ਕੀ ਅੱਜ ਦੇ ਲੇਖਕ ਕੋਲ ਉਹੋ ਆਨੰਦ ਅਤੇ ਉਹੋ ਕਰੁਣਾ ਮੌਜੂਦ ਹੈ ਜੋ ਆਜ਼ਾਦੀ ਤੋਂ ਪਹਿਲਾਂ ਦੇ ਇਸ ਉਪ-ਮਹਾਂਦੀਪ ਦੇ ਲੇਖਕਾਂ ਕੋਲ ਹੈ ਸੀ (ਜਿਨ੍ਹਾਂ ਵਿਚ ਸ਼ਾਇਦ ਤੁਸੀਂ ਵੀ ਸ਼ਾਮਲ ਹੋਵੋ ?) ਕੀ ਤੁਹਾਡੇ ਲਫ਼ਜ਼ਾਂ ਵਿਚ ਉਹੋ ਤਰਤੀਬ ਦੀ ਸੁੰਦਰਤਾ ਅਤੇ ਕਲਪਨਾ ਵਿਚ ਉਹੋ ਬੁਲੰਦੀ ਤੇ ਸਫ਼ਾਈ ਮੌਜੂਦ ਹੈ ? ਕੀ ਤੁਹਾਡੇ ਕੋਲ ਤਜਰਬੇ ਤੇ ਸ਼ਖ਼ਸੀਅਤ ਵਿਚ ਉਹੋ ਇਕਸੁਰਤਾ, ਉਹੋ ਜਿਗਰਾ, ਉਹੋ ਸੱਚਾਈ, ਉਹੋ ਮੁਹੱਬਤ, ਉਹੋ ਤਰਸਵਾਨ ਭਾਵਨਾ ਅਤੇ ਖ਼ੁਸ਼ੀਆਂ ਭਰੇ ਭਵਿਖ ਬਾਰੇ ਉਹੋ ਆਸ-ਭਰਪੂਰ ਯਕੀਨ ਮੌਜੂਦ ਹੈ ?

ਕੀ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਜੋ ਕੁਝ ਅੱਜ ਲਿਖਿਆ ਜਾ ਰਿਹਾ ਹੈ, ਉਹਦਾ ਵਡਾ ਹਿੱਸਾ ਬੇਮਕਸਦ ਤੇ ਸਤਹੀ ਹੈ ਅਤੇ ਨਜ਼ਰੀਏ ਦੀਆਂ ਉਲਝਨਾਂ ਨਾਲ ਭਰਿਆ ਹੋਇਆ ਹੈ; ਇਸ ਵਿਚ ਜਿਨ੍ਹਾਂ ਜਜ਼ਬਿਆਂ ਨੂੰ ਪਰਗਟਾਇਆ ਜਾਂਦਾ ਹੈ, ਉਹ ਖਲੂਸ ਤੋਂ ਵਿਰਵੇ ਹਨ; ਇਸ ਵਿਚੋਂ ਲਾਲਚ ਅਤੇ ਹਵਸ ਝਲਕਦੇ ਹਨ; ਇਸ ਵਿਚ ਭੈ ਭਰਿਆ ਪਿਆ ਹੈ; ਸਾਡੇ ਸਾਹਿਤ ਵਿਚ ਵਿਸ਼ਵਾਸ ਤੇ ਭਰੋਸੇ ਦੀ ਘਾਟ ਹੈ ਅਤੇ ਇਹ ਘਾਟ ਦਿਨੋ-ਦਿਨ ਵਧਦੀ ਜਾਂਦੀ ਹੈ; ਸਾਡੇ ਸਾਹਿਤ ਵਿਚ ਮੱਕਾਰੀ ਅਤੇ ਜ਼ਿੰਦਗੀ ਤੋਂ ਬੇਜ਼ਾਰੀ ਦੀ ਭਰਮਾਰ ਹੈ ?

ਜੇ ਪਹਿਲੇ ਸਵਾਲ ਦਾ ਜਵਾਬ "ਨਹੀਂ" ਹੈ ਅਤੇ ਦੂਜੇ ਦਾ ਜਵਾਬ "ਹਾਂ" ਹੈ, ਤਾਂ ਕੀ ਹੁਣ ਉਹ ਸਮਾਂ ਆ ਨਹੀਂ ਗਿਆ, ਜਦੋਂ ਸਾਨੂੰ ਸਾਰਿਆਂ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ ਅਤੇ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ ? ਸੋਚਣ ਦੀ ਗੱਲ ਇਹ ਹੈ ਕਿ ਕੀਤਾ ਕੀ ਜਾਵੇ ? ਸਾਡੇ ਵਿਚਾਰ ਅਨੁਸਾਰ ਸਾਨੂੰ ਲੇਖਕਾਂ ਲਈ ਬੁਨਿਆਦੀ ਅਸੂਲ ਨਿਤਾਰਨੇ ਚਾਹੀਦੇ ਹਨ, ਤਾਂ ਜੋ ਉਹ ਆਪਣੇ ਆਪ ਨੂੰ ਲੱਭ ਸਕਣ ਅਤੇ ਆਪਣੀਆਂ ਸਮੂਹਕ ਜ਼ਿਮੇਂਵਾਰੀਆਂ ਨਿਭਾ ਸਕਣ ।

ਇਕੋ ਕਿਸਮ ਦੀ ਸੋਚ ਰੱਖਣ ਵਾਲਿਆਂ ਵਿਚਕਾਰ ਨਵੇਂ ਸਿਰਿਉਂ ਨਾਤਾ ਜੋੜਿਆ ਜਾਣਾ ਚਾਹੀਦਾ ਹੈ ਅਤੇ ਉਹਨਾਂ ਵਿਚ ਸਾਥੀਪੁਣਾ ਕਾਇਮ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਲੇਖਕ ਇਕੱਲ ਅਤੇ ਬੇਗਾਨਗੀ ਦੇ ਖੋਲ ਵਿਚੋਂ ਬਾਹਰ ਨਿਕਲਣ ।

ਸਾਡਾ ਵਿਸ਼ਵਾਸ ਹੈ ਕਿ ਹਰੇਕ ਗੰਭੀਰ ਲੇਖਕ ਕੋਮਿਟਮੈਂਟ ਰਖਦਾ ਹੈ । ਉਹ ਆਪਣੇ ਆਪ ਨਾਲ ਬਾਵਾਸਤਾ ਹੁੰਦਾ ਹੈ ਅਤੇ ਆਪਣੀ ਕਲਾ ਨਾਲ ਬਾਵਾਸਤਾ ਹੁੰਦਾ ਹੈ । ਉਹਨੂੰ ਆਪਣੀ ਵਫ਼ਾਦਾਰੀ, ਜੋ ਉਹਦੀ ਆਪਣੇ ਆਪ ਨਾਲ ਤੇ ਆਪਣੀ ਕਲਾ ਨਾਲ ਹੈ, ਨਿਭਾਉਣੀ ਚਾਹੀਦੀ ਹੈ ਅਤੇ ਕਿਸੇ ਕਿਸਮ ਦੇ ਭੈ ਹੇਠ ਆਪਣੀ ਵਫ਼ਾਦਾਰੀ ਤੇ ਆਪਣੀ ਰਾਏ ਛੱਡ ਨਹੀਂ ਦੇਣੀ ਚਾਹੀਦੀ । ਉਹਨੂੰ ਮੌਕਾਪਰਸਤੀ ਨਹੀਂ ਦਿਖਾਉਣੀ ਚਾਹੀਦੀ । ਉਹਨੂੰ ਚਾਰ ਟਕਿਆਂ ਪਿਛੇ ਆਪਣੀ ਕਲਾ ਅਤੇ ਆਪਣਾ ਨਜ਼ਰੀਆ ਵੇਚ ਨਹੀਂ ਦੇਣਾ ਚਾਹੀਦਾ ।

ਉਹਨੂੰ ਆਪਣੇ ਤਜਰਬਿਆਂ ਅਤੇ ਆਪਣੇ ਅਧਿਅਨ ਨਾਲ ਬੇਵਫ਼ਾਈ ਨਹੀਂ ਕਰਨੀ ਚਾਹੀਦੀ । ਨਾ ਹੀ ਉਹਨੂੰ ਮੌਕਾਪਰਸਤ ਰਵੱਈਆ ਧਾਰਨ ਕਰਨਾ ਚਾਹੀਦਾ ਹੈ ਅਤੇ ਨਾ ਹੀ ਕੋਈ ਬਾਹਰਲਾ ਦਬਾਅ ਕਬੂਲ ਕਰਨਾ ਚਾਹੀਦਾ ਹੈ ।

ਲੇਖਕ ਆਪਣੇ ਦੇਸ਼ ਦਾ ਅਤੇ ਆਪਣੇ ਲੋਕਾਂ ਦਾ ਵਫ਼ਾਦਾਰ ਹੁੰਦਾ ਹੈ । ਉਹ ਲੋਕਾਂ ਦਾ ਦੋਸਤ ਅਤੇ ਉਹਨਾਂ ਦਾ ਬੁਧੀਮਾਨ ਤੇ ਉਹਨਾਂ ਦਾ ਰਹਿਨੁਮਾ ਹੁੰਦਾ ਹੈ । ਉਹਦਾ ਕੰਮ ਹੈ ਲੋਕਾਂ ਨੂੰ ਜਹਾਲਤ, ਵਹਿਮਾਂ-ਭਰਮਾਂ, ਰਵਾਇਤਾਂ ਤੇ ਤੁਅੱਸਬਾਂ ਦੇ ਹਨੇਰੇ ਵਿਚੋਂ ਕਢਣਾ ਅਤੇ ਇਲਮ ਤੇ ਅਕਲ ਦੀ ਰੋਸ਼ਨੀ ਵੱਲ ਲੈ ਜਾਣਾ । ਤੇ ਉਹਦਾ ਕੰਮ ਹੈ ਲੋਕਾਂ ਨੂੰ ਜਬਰ ਤੋਂ ਆਜ਼ਾਦੀ ਵੱਲ ਅਤੇ ਮਾਯੂਸੀ ਤੋਂ ਉਮੀਦ ਵਲ ਲੈ ਜਾਣਾ !

(ਪੰਜਾਬੀ ਰੂਪ : ਭੁੱਲਰ)



# ਕਹਾਣੀਕਾਰ ਰਾਮ ਸਰੂਪ ਅਣਖੀ—ਇਕ ਅਧਿਅਨ

(ਕਹਾਣੀ-ਸੰਗ੍ਰਹਿ 'ਸਵਾਲ ਦਰ ਸਵਾਲ' ਦੇ ਆਧਾਰ 'ਤੇ)

ਡਾ: ਓ. ਪੀ. ਗੁਪਤਾ

'ਸਵਾਲ ਦਰ ਸਵਾਲ' ਰਾਮ ਸਰੂਪ ਅਣਖੀ ਦੀਆਂ ਸੱਠ ਚੋਣਵੀਆਂ ਕਹਾਣੀਆਂ ਦਾ ਰੀਝ ਤੇ ਕਲਾਪੂਰਣ ਢੰਗ ਨਾਲ ਛਾਪਿਆ ਹੋਇਆ ਇਕ ਸਰਾਹੁਣਯੋਗ ਤੇ ਸਾਂਭਣਯੋਗ ਸੰਗ੍ਰਹਿ ਹੈ । ਇਸ ਸੰਗ੍ਰਹਿ ਰਾਹੀਂ ਅਣਖੀ ਸਾਡੇ ਸਾਹਮਣੇ ਇਕ ਨਿਰੋਲ, ਸ਼ੁੱਧ ਤੇ ਵਿਸ਼ੁੱਧ ਕਹਾਣੀਕਾਰ ਦੀ ਸ਼ਕਲ ਵਿਚ ਉੱਭਰ ਕੇ ਆਉਂਦਾ ਹੈ । ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਕ ਚੇਤੰਨ ਕਲਾਕਾਰ ਦੇ ਨਾਤੇ, ਉਸ ਦੀ ਪਹਿਲੀ ਤੇ ਅਖ਼ੀਰਲੀ ਕੋਸ਼ਿਸ਼ ਇਹੋ ਰਹਿੰਦੀ ਹੈ ਕਿ ਉਸ ਦੀ ਕਹਾਣੀ ਇਕ ਦਿਲ-ਚਸਪ ਘਟਨਾ ਹੋ ਨਿਬੜੇ । ਸਿੱਧੇ ਲਫ਼ਜ਼ਾਂ ਵਿਚ ਉਹ ਕਹਾਣੀ ਨੂੰ ਪਹਿਲਾਂ ਨਿਰੋਲ ਤੇ ਪਾਕ ਕਹਾਣੀ ਸਮਝਦਾ ਹੈ ਜਾਂ ਬਣਾਂਦਾ ਹੈ ਤੇ ਫੇਰ ਹੋਰ ਕੁਝ । ਉਸ ਦਾ ਕਹਾਣੀ-ਜਗਤ ਵਿਚ ਚਲ ਰਹੇ ਕਿਸੇ ਵੀ ਅਕਹਾਣੀ-ਅੰਦੋਲਣ ਨਾਲ ਕੋਈ ਵੀ ਸਬੰਧ ਨਜ਼ਰ ਨਹੀਂ ਆਉਂਦਾ । ਉਸ ਦੀ ਲਗਭਗ ਹਰ ਚੰਗੀ ਕਹਾਣੀ ਦਾ ਇਕ ਦਿਲਚਸਪ, ਯਥਾਰਥਕ, ਸਜੀਵ, ਕੁਦਰਤੀ ਕਥਾਨਕ ਹੁੰਦਾ ਹੈ ।

ਜਦ ਅਣਖੀ ਦੀ ਕਹਾਣੀ ਘਟਿਤ ਹੁੰਦੀ ਹੈ, ਤਾਂ ਕਿਸੇ ਪੜ੍ਹੇ-ਲਿਖੇ ਪਾਠਕ ਲਈ ਵੀ ਅੰਦਾਜ਼ਾ ਲਾਣਾ ਕਠਿਨ ਹੋ ਜਾਂਦਾ ਹੈ ਕਿ ਇਹ ਘਟਨਾ ਕਿਹੜੇ ਕਿਹੜੇ ਮੋੜ ਲਵੇਗੀ ਤੇ ਅੰਤ ਵਿਚ ਕਿਸ ਸਮੱਸਿਆ ਦੀ ਤਰਫ਼ ਇਸ਼ਾਰਾ ਕਰੇਗੀ । ਘਟਨਾ ਸਹਿਜ ਰੂਪ ਵਿਚ ਵਾਪਰਦੀ ਰਹਿੰਦੀ ਹੈ । ਅਣਖੀ ਬੱਸ ਘਟਨਾ ਨੂੰ ਵਾਪਰਨ ਦੇਂਦਾ ਹੈ, ਉਸ ਦੀ ਭਾਵੁਕਤਾ ਜਾਂ ਸੋਚ ਕਿਤੇ ਵੀ ਘਟਨਾ ਉੱਤੇ ਜਾਂ ਘਟਨਾ ਵਿਚੋਂ ਉੱਭਰ ਕੇ ਨਾਇਕ ਜਾਂ ਨਾਇਕਾ ਉਤੇ ਹਾਵੀ ਨਹੀਂ ਹੁੰਦੀ । ਅਣਖੀ ਕੋਈ ਚਿੰਤਕ ਕਹਾਣੀਕਾਰ ਨਹੀਂ । ਜੇਕਰ ਉਹ ਲੇਖਕ ਦੇ ਨਾਤੇ ਕਿਤੇ ਚਿੰਤਕ ਹੁੰਦਾ ਤਾਂ ਕਦੇ ਵੀ ਇੰਨੀਆਂ ਸਵਸਥ (sane) ਤੇ ਦਿਲਕਸ਼ ਕਹਾਣੀਆਂ ਨਾ ਲਿਖ ਸਕਦਾ । ਇਕ ਤਰ੍ਹਾਂ ਨਾਲ ਉਹ ਰਿਵਾਇਤੀ ਕਲਾਕਾਰ ਹੈ ਵੀ ਤੇ ਇਕ ਤਰ੍ਹਾਂ ਨਾਲ ਨਹੀਂ ਵੀ । ਰਿਵਾਇਤੀ ਉਹ ਇਸ ਲਈ ਹੈ ਕਿ ਉਸ ਨੇ ਹਮੇਸ਼ਾ ਕਹਾਣੀ ਨੂੰ ਕਹਾਣੀ ਮੰਨਦੇ ਹੋਏ ਲਗਭਗ ਆਪਣੀ ਹਰ ਕਹਾਣੀ ਨੂੰ ਇਕ ਦਿਲਚਸਪ ਘਟਨਾ ਦੀ ਸ਼ਕਲ ਵਿਚ ਪੇਸ਼ ਕੀਤਾ ਹੈ । ਕਹਾਣੀ ਦੀ ਘਟਨਾ ਤੇ ਪਾਤਰ ਇਕ-ਮਿਕ ਹੋ ਕੇ ਸਾਡੇ ਸਾਹਮਣੇ ਆਉਂਦੇ ਹਨ ।

ਜਿੱਥੇ ਅਣਖੀ ਦੀ ਹਰ ਕਹਾਣੀ ਇਕ ਦਿਲਚਸਪ ਘਟਨਾ ਹੁੰਦੀ ਹੈ, ਨਾਲ ਨਾਲ ਇਹ ਅਰਥਪੂਰਣ ਘਟਨਾ ਵੀ ਹੁੰਦੀ ਹੈ । ਸਿਰਫ਼ ਚੋਣਵੀਂ ਘਟਨਾ ਹੀ ਕਹਾਣੀ ਦੀ ਸ਼ਕਲ ਅਖ਼ਤਿਆਰ

ਕਰ ਸਕਦੀ ਹੈ। ਅਣਖੀ ਕੋਲ, ਇਹ ਮੰਨਣਾ ਪਵੇਗਾ, ਇਕ ਵਿਵੇਕਪੂਰਣ ਦ੍ਰਿਸ਼ਟੀ ਵੀ ਹੈ, ਜੀਹਦੇ ਨਾਲ ਉਹ ਆਪਣੀ ਘਟਨਾ ਚੁਣਦਾ ਹੈ, ਨਿਖੇੜਦਾ ਹੈ, ਉਸਾਰਦਾ ਹੈ। ਅਰਥਹੀਣ ਘਟਨਾ ਦਾ ਕਿਸੇ ਕਹਾਣੀਕਾਰ ਨੇ ਕਰਨਾ ਵੀ ਕੀ ? ਕਹਿਣ ਦਾ ਮਤਲਬ ਇਹ ਕਿ ਅਣਖੀ ਦੀ ਹਰ ਸਫ਼ਲ ਕਹਾਣੀ ਇਕ ਅਰਥਪੂਰਣ ਘਟਨਾ ਬਣ ਨਿੱਬੜਦੀ ਹੈ। ਪਰ ਇਥੇ ਯਾਦ ਰਖਣਾ ਚਾਹੀਦਾ ਹੈ ਕਿ ਇਹ ਅਰਥਪੂਰਣਤਾ ਘਟਨਾ ਵਿਚ ਹੀ ਵਿਆਪਤ ਰਹਿੰਦੀ ਹੈ ਤੇ ਕਦੇ ਵੀ ਇਸ ਦੀ ਸਤਹ ਉਤੇ ਤੈਰਦੀ ਨਹੀਂ ਮਿਲਦੀ। ਤੇ ਨਾਲ ਨਾਲ ਕਹਾਣੀ ਦਾ ਅਰਥ ਇਕ-ਅੰਗੀ ਨਾ ਹੁੰਦੇ ਹੋਏ, ਬਹੁ-ਪੱਖੀ ਵੀ ਹੋ ਸਕਦਾ ਹੈ। ਅਣਖੀ ਆਪਣੇ ਪਾਤਰਾਂ ਉਤੇ ਜੋ ਕਿ ਮਾਹੌਲ ਦੀਆਂ ਰੁਚੀਆਂ, ਪਰਵਿਰਤੀਆਂ, ਮਜਬੂਰੀਆਂ ਨਾਲ ਹੀ ਚਲਦੇ-ਫਿਰਦੇ ਤੇ ਕੋਈ ਕੰਮ ਕਰਦੇ ਹਨ, ਕਿਸੇ ਕਿਸਮ ਦਾ ਬਾਹਰੀ ਆਦਰਸ਼ ਨਹੀਂ ਥੋਪਦਾ।

ਇਕ ਵਿਚਾਰਕ ਦੇ ਤੌਰ 'ਤੇ ਅਣਖੀ ਦਾ ਦ੍ਰਿਸ਼ਟੀਕੋਣ ਪ੍ਰਗਤੀਸੀਲ ਅਤੇ ਚੁਸਤ ਹੈ। ਇਸ ਪਰਸੰਗ ਵਿਚ ਮੈਂ ਉਸ ਦੀ ਇਕ ਕਹਾਣੀ 'ਇਕ ਕੁੜੀ ਸੁਸ਼ਮਾ' ਦੀ ਤਰਫ ਇਸ਼ਾਰਾ ਕਰਾਂਗਾ। ਇਹ ਸੁਸ਼ਮਾ ਤਾਂ ਉਸ ਔਰਤ-ਵਰਗ ਦੀ ਸਜੀਵ ਪ੍ਰਤੀਕ ਹੈ ਜਿਹੜੀ ਸਦੀਆਂ ਤੋਂ ਭਿਆਨਕ ਤਕਲੀਫਾਂ ਸਹਿੰਦੀ ਆਈ ਹੈ। ਸੁਸ਼ਮਾ ਵਲ ਸੰਕੇਤ ਕਰਦਾ ਹੋਇਆ ਅਣਖੀ ਲਿਖਦਾ ਹੈ : ''ਉਹਦੀਆਂ ਅੱਖਾਂ ਵਿਚ ਔਰਤ ਉੱਤਰਨ ਲੱਗੀ ਸੀ, ਸਦੀਆਂ ਦੀ ਦੁੱਖਾਂ ਮਾਰੀ ਔਰਤ।'' ਇਸ ਹਥਲੀ ਕਹਾਣੀ ਵਿਚ ਸੁਸ਼ਮਾ ਬਹੁਤ ਦਲੇਰ ਹੋ ਨਿੱਬੜੀ ਹੈ। ਉਹ ਅਬਾਰਸ਼ਨ ਕਰਵਾਉਣ ਤੋਂ ਸਾਫ਼ ਇਨਕਾਰ ਕਰ ਦਿੰਦੀ ਹੈ ਤੇ ਆਪਣੇ ਡਰਪੋਕ ਪ੍ਰੇਮੀ ਰਾਜੇਸ਼ ਨੂੰ ਉੱਕਾ ਹੀ ਖ਼ਤਮ ਕਰ ਦੇਂਦੀ ਹੈ। ਪਰਿਣਾਮ ਵਜੋਂ ਉਹ ਮਰਦ-ਜ਼ਾਤ ਦੀ ਜਾਨੀ ਦੁਸ਼ਮਣ ਬਣ ਜਾਂਦੀ ਹੈ। ਉਹ ਕਿਸੇ ਵੀ ਕੀਮਤ ਉਤੇ ਮਰਦ ਦੁਆਰਾ ਨਾਰੀ ਦਾ ਸ਼ੋਸ਼ਣ ਨਹੀਂ ਸਵੀਕਾਰ ਕਰੇਗੀ।

'ਮਨੁੱਖ ਦੀ ਮੌਤ' ਤਾਂ ਇਕਦਮ ਤੇ ਨਿਰੋਲ ਪ੍ਰਗਤੀਵਾਦੀ ਰਚਨਾ ਹੈ ਜਿਹੜੀ ਦਸਦੀ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਸਟੇਟ ਦੇ ਸਾਰੇ ਅਫ਼ਸਰ, ਕੀ ਨੰਬਰਦਾਰ ਤੇ ਕੀ ਪੁਲਿਸ, ਸਰਮਾਏਦਾਰ ਦਾ ਹੀ ਸਾਥ ਦੇਂਦੇ ਹਨ ਤੇ ਜੇਕਰ ਕੋਈ ਗਰੀਬ ਮਨੁੱਖ ਕਿਸੇ ਸਰਮਾਏਦਾਰ ਦੇ ਟਰੱਕ ਥੱਲੇ ਆ ਕੇ ਮਰ ਵੀ ਜਾਏ, ਉਹ ਸਰਮਾਏਦਾਰ ਪੁਲਸ ਤੇ ਪਿੰਡ ਦੇ ਨੰਬਰਦਾਰ ਨੂੰ ਵੀ ਕੁਝ ਪੈਸੇ ਖਵਾ ਕੇ ਬਿਲਕੁਲ ਨਿਰਦੋਸ਼ ਹੋ ਨਿੱਬੜਦਾ ਹੈ। ਇਸ ਸਰਮਾਏਦਾਰੀ ਮਾਹੌਲ ਵਿਚ ਜੇ ਕੋਈ ਸੁਹਿਰਦ ਬੰਦਾ ਕਿਸੇ ਮਰ ਰਹੇ ਮਨੁੱਖ ਦੇ ਮੂੰਹ ਵਿਚ ਪਾਣੀ ਪਾਉਣਾ ਚਾਹੇ ਤਾਂ ਉਹ ਅਜਿਹਾ ਵੀ ਨਹੀਂ ਕਰ ਸਕਦਾ।

ਅਣਖੀ ਦੀ ਕਹਾਣੀ 'ਟੁੰਡਾ' ਦਾ ਅੰਤ ਵੀ ਬਹੁਤ ਪ੍ਰਗਤੀਸ਼ੀਲ ਅਤੇ ਕ੍ਰਾਂਤੀਕਾਰੀ ਹੈ। ਟੁੰਡਾ ਖ਼ੁਦ 1946 ਦਾ ਕ੍ਰਾਂਤੀਕਾਰੀ ਹੁੰਦਾ ਹੋਇਆ ਆਜ਼ਾਦ ਭਾਰਤ ਵਿਚ ਹੋ ਰਹੀ ਕਿਸੇ ਤਰ੍ਹਾਂ ਦੀ ਵੀ ਲੁੱਟ-ਖਸੁੱਟ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਉਸ ਦੇ ਆਪਣੇ ਲਫ਼ਜ਼ਾਂ ਵਿਚ, ''ਆਮ ਆਦਮੀ ਦਰੜਿਆ ਜਾ ਰਿਹਾ ਹੈ। ਭੱਠਾ ਬੈਠਾ ਪਿਆ ਹੈ, ਸਾਰੇ ਮੁਲਕ ਦਾ। ਪੈਨਸ਼ਨ ਤਾਂ ਦੇਸ਼ ਨਾਲ ਗ਼ਦਾਰੀ ਹੈ। ਕਰੋੜਾਂ ਲੋਕਾਂ ਦੀਆਂ ਮਜਬੂਰੀਆਂ ਉਤੇ ਇਕ ਵੱਡਾ ਮਜ਼ਾਕ।'' ਤੇ ਫੇਰ ਦੇਸ਼ ਦੀ ਦੁਰਦਸ਼ਾ ਸੁਧਾਰਨ ਦਾ ਕੀ ਤਰੀਕਾ ਹੈ ? ਬੜੇ ਸੁਝਾਉਪੂਰਣ ਢੰਗ ਨਾਲ ਟੁੰਡਾ ਕਹਿੰਦਾ ਹੈ : ''ਇਕ ਹੋਰ ਸੰਗਰਾਮ !''

ਅਣਖੀ ਦਾ ਇਹਨਾਂ ਕਹਾਣੀਆਂ ਦੁਆਰਾ ਇਕ ਹੋਰ ਵੀ ਹਿੱਸਾ ਹੈ, ਰੋਲ ਹੈ ਤੇ ਉਹ ਹੈ ਪੇਂਡੂ ਸਮਾਜ ਦੇ ਇਤਿਹਾਸਕਾਰ ਦੇ ਤੌਰ ਉਤੇ। ਉਹ ਇਸ ਸਮਾਜ ਦੇ ਗਰੀਬਾਂ, ਕਿਸਾਨਾਂ ਤੇ ਮਜ਼ਦੂਰਾਂ



ਦੀਆਂ ਮਜਬੂਰੀਆਂ, ਹੀਣਤਾਵਾਂ ਤੇ ਹਰ ਰੋਜ਼ ਵਧਦੀਆਂ ਤਕਲੀਫਾਂ ਤੇ ਤੜਪਾਂ ਦਾ ਜਿੰਨਾ ਜਾਣੂ ਹੈ, ਸ਼ਾਇਦ ਹੀ ਪੰਜਾਬੀ ਦਾ ਹੋਰ ਕੋਈ ਕਹਾਣੀਕਾਰ ਹੋਵੇ। ਉਸ ਨੇ ਇਹ ਜ਼ਿੰਦਗੀ ਨਾ ਸਿਰਫ਼ ਨਜ਼ਦੀਕ ਤੋਂ, ਬਹੁਤ ਨਜ਼ਦੀਕ ਤੋਂ ਤੱਕੀ ਹੈ, ਸਗੋਂ ਉਸ ਨੇ ਖ਼ੁਦ ਇਸ ਨੂੰ ਜੀਵਿਆ ਹੈ, ਪਾਰ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਕਹਾਣੀ 'ਕਮਾਈ' ਬਹੁਤ ਚੰਗੀ ਰਚਨਾ ਹੈ। ਜਬਰੇ ਦੀਆਂ ਮਜਬੂਰੀਆਂ ਦਰਅਸਲ ਪਿੰਡਾਂ ਦੇ ਕਾਮਿਆਂ ਦੀਆਂ ਮਜਬੂਰੀਆਂ ਹਨ। ਉਹ ਦਿਲੋਂ ਚਾਹੁੰਦੇ ਹੋਏ ਵੀ ਆਪਣੇ ਮਾਸੂਮ ਜਵਾਕਾਂ ਨੂੰ, ਪੋਤਿਆਂ ਨੂੰ ਸਕੂਲਾਂ ਵਿਚ ਨਹੀਂ ਭੇਜ ਸਕਦੇ। ਪਰਿਣਾਮ ਵਜੋਂ ਇਹਨਾਂ ਜਵਾਕਾਂ ਨੂੰ ਡੰਗਰ ਹੀ ਚਰਾਉਣੇ ਪੈਂਦੇ ਹਨ ਤੇ ਇਸ ਤਰ੍ਹਾਂ ਉਹਨਾਂ ਦੀ ਜ਼ਿੰਦਗੀ ਜਿਵੇਂ ਤਬਾਹ ਹੀ ਹੋ ਜਾਂਦੀ ਹੈ। ਸਮਾਜਕ ਇਤਿਹਾਸਕਾਰ ਦੇ ਤੌਰ ਉਤੇ ਅਣਖੀ ਲਿਖਦਾ ਹੈ : ''ਸੀਰੀ ਨੂੰ ਤਾਂ ਹਰ ਵੇਲੇ ਕੰਮ ਹੁੰਦਾ ਹੈ। ਜੱਟ ਤਾਂ ਸੀਰੀ ਦੀ ਖੱਲ ਉਧੇੜਨ ਤੱਕ ਜਾਂਦੇ ਹਨ।''

ਜਿੱਥੇ ਅਣਖੀ ਆਪਣੇ ਮਾਹੌਲ ਦੇ ਪਿੰਡ ਜਾਂ ਛੋਟੇ ਕਸਬੇ ਦੇ ਜੱਟ ਦਾ ਜਾਣੂ ਹੈ, ਉਥੇ ਉਹ ਇਸ ਦੇ ਬਾਣੀਏ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਉਸ ਦੀਆਂ ਦੋ-ਤਿੰਨ ਕਹਾਣੀਆਂ ਵਿਚ ਇਸ ਕੰਜੂਸ ਬਾਣੀਏ ਨੂੰ ਵੀ ਬਹੁਤ ਤੇਜ਼ ਤੇ ਬਾਰੀਕ ਵਿਅੰਗ ਦਾ ਪਾਤਰ ਬਣਾਇਆ ਗਿਆ ਹੈ। ਇਸ ਪ੍ਰਸੰਗ ਵਿਚ 'ਸੰਦੂਕੜੀ' ਕਹਾਣੀ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹੜੀ ਇੰਜ ਸ਼ੁਰੂ ਹੁੰਦੀ ਹੈ, ''ਬਿਰਜੂ ਬਾਣੀਏ ਦੇ ਨਾਂ ਨੂੰ ਪਿੰਡ ਵਿਚ ਸਾਰੇ ਜਾਣਦੇ ਸਨ। ਉਹ ਇਕੱਲਾ ਸੀ। ਕਦੇ ਉਹ ਟੱਬਰ ਵਾਲਾ ਵੀ ਹੁੰਦਾ ਸੀ।'' ਬਿਰਜੂ ਦੀ ਗਿਣਤੀ ਵੀ ਅਣਖੀ ਦੇ ਅਭੁੱਲ ਪਾਤਰਾਂ ਵਿਚ ਹੋਣੀ ਚਾਹੀਦੀ ਹੈ। ''ਨ੍ਹਾਉਂਦਾ ਤਾਂ ਉਹ ਵਰ੍ਹੇ-ਛਮਾਹੀ ਸੀ। ਇਸ ਕਰਕੇ ਸਾਬਣ-ਤੇਲ ਵਰਤਣ ਦਾ ਸਵਾਲ ਹੀ ਨਹੀਂ ਸੀ। ਕੁੜਤਾ ਇਕ ਵਾਰੀ ਜੋ ਪਾ ਲੈਂਦਾ, ਜਿੰਨਾ ਚਿਰ ਤੀਕ ਉਹ ਪਾਟ ਨਾ ਜਾਂਦਾ, ਉਸ ਨੂੰ ਗਲੋਂ ਨਹੀਂ ਲਾਹੁੰਦਾ ਸੀ। ਇਹੀ ਗੱਲ ਧੋਤੀ-ਸਾਫ਼ੇ ਦੀ ਸੀ। ਉਸ ਦੇ ਕਪੜਿਆਂ ਵਿਚੋਂ ਹਮੇਸ਼ਾਂ ਹੀ ਬੁੱਢੇ ਬੋਕ ਵਰਗਾ ਮੁਸ਼ਕ ਮਾਰਦਾ।''

ਇਥੇ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕਹਾਣੀਕਾਰ ਅਣਖੀ ਇਕ ਤਿੱਖਾ ਵਿਅੰਗ-ਕਾਰ ਵੀ ਹੈ। ਬਿਰਜੂ ਨੋਟ ਹੀ ਨੋਟ ਜਮ੍ਹਾਂ ਕਰਦਾ ਰਹਿੰਦਾ ਤੇ ਇਹਨਾਂ ਨੂੰ ਇਕ ਸੰਦੂਕੜੀ ਵਿਚ ਸੁੱਟਦਾ ਰਹਿੰਦਾ। ਉਹ ਸੰਦੂਕੜੀ ਦਾ ਵਿਸਾਹ ਨਹੀਂ ਕਰਦਾ, ਹਮੇਸ਼ਾਂ ਹੀ ਉਸ ਦੇ ਕੋਲ ਰਹਿੰਦਾ। ਅਣਖੀ ਦੇ ਲਫ਼ਜ਼ਾਂ ਵਿਚ, ''ਲੱਕੜ ਦੀ ਸੰਦੂਕੜੀ ਜਦ ਉਹ ਖੋਲ੍ਹਦਾ ਤੇ ਉਸ ਵਿਚਲੇ ਨੋਟਾਂ ਨੂੰ ਥੱਲੇ ਨੂੰ ਦਬਦਾ ਤੇ ਨੋਟ ਜਦ ਉਸ ਨੂੰ ਅੱਗੇ ਨਾਲੋਂ ਕੁਝ ਬਹੁਤੇ ਲਗਦੇ ਤਾਂ ਉਸ ਦਾ ਹੌਸਲਾ ਵਧ ਜਾਂਦਾ। ਇਸ ਹੌਸਲੇ ਸਹਾਰੇ ਹੀ ਉਹ ਜਿਉਂ ਰਿਹਾ ਸੀ। ਇਹ ਹੌਸਲਾ ਉਸ ਨੇ ਕਿਸ ਅਰਥ ਲਾਉਣਾ ਸੀ, ਇਹ ਉਹੀ ਜਾਣਦਾ ਸੀ।'' ਇਸ ਬਾਣੀਏ ਦੀ ਸਭ ਤੋਂ ਵੱਡੀ ਖੂਬੀ ਜਾਂ ਅਖੂਬੀ ਇਹੋ ਹੈ ਕਿ ਜਦ ਉਸ ਦੀ ਇਹ ਸੰਦੂਕੜੀ ਚੁਰਾ ਵੀ ਲਈ ਗਈ, ਫਿਰ ਵੀ ਉਸ ਨੇ ਆਪਣੀ ਜੋੜਨ ਦੀ ਆਦਤ ਨੂੰ ਨਹੀਂ ਛੱਡਿਆ। ਕਹਾਣੀ ਦਾ ਅੰਤ ਇਸ ਤਰ੍ਹਾਂ ਹੁੰਦਾ ਹੈ : ''ਮੋਮੀ ਕਾਗਜ਼ ਵਿਚ ਵਲ੍ਹੇਟੇ ਹੋਏ ਨੱਬੇ ਰੁਪਏ ਉਸ ਦੇ ਕੁੜਤੇ ਦੀ ਅੰਦਰਲੀ ਜੇਬ ਵਿਚੋਂ ਨਿਕਲੇ...''

ਮਾਸਟਰ ਹੋਣ ਦੇ ਨਾਤੇ, ਅਣਖੀ ਨੇ ਮਾਸਟਰ-ਮਾਸਟਰਾਣੀਆਂ ਦੇ ਸਬੰਧਾਂ ਨੂੰ ਵੀ ਆਪਣੀਆਂ ਦੋ-ਚਾਰ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਕਹਿਣ ਦਾ ਮਤਲਬ ਇਹ ਕਿ ਅਣਖੀ ਨੇ ਆਪਣੀਆਂ ਘਟਨਾਵਾ ਤੇ ਪਾਤਰ ਉਸੇ ਮਾਹੌਲ ਵਿਚੋਂ ਚੁਣੇ ਹਨ, ਜੀਹਦੇ ਨਾਲ ਉਹ ਖ਼ੁਦ ਇਕ-ਮਿੱਕ ਹੈ।

ਅਣਖੀ ਰਿਵਾਇਤੀ ਤੇ ਗੈਰ-ਰਿਵਾਇਤੀ, ਪੁਰਾਣੇ ਤੇ ਨਵੇਂ, ਪਰੰਪਰਾ ਤੇ ਪ੍ਰਯੋਗ ਦੇ ਘੋਲ ਨੂੰ, ਤਣਾਓ ਨੂੰ ਆਪਣੀਆਂ ਕਿੰਨੀਆਂ ਹੀ ਕਹਾਣੀਆਂ ਵਿਚ ਬੜੇ ਅਵਿਅਕਤੀਗਤ, ਵਿਗਿਆਨਕ ਤੇ ਨਾਟਕੀ ਢੰਗ ਨਾਲ ਪੇਸ਼ ਕਰਦਾ ਹੈ । ਵਿਚਾਰਾਂ ਦੀ ਬਹਿਸਬਾਜ਼ੀ ਲਈ ਤਾਂ ਉਸ ਕੋਲ ਨਾ ਥਾਂ ਹੈ ਤੇ ਨਾ ਵਕਤ, ਉਹ ਕਹਾਣੀ ਨੂੰ ਘਟਨਾ ਮੰਨਦਾ ਹੋਇਆ ਤੇ ਪ੍ਰਾਚੀਨ ਤੇ ਨਵੀਨ ਦੇ ਟਾਕਰੇ ਨੂੰ ਪੇਸ਼ ਕਰਦਾ ਹੋਇਆ ਪਰੋਖ ਰੂਪ ਵਿਚ ਆਪਣੇ ਨਜ਼ਰੀਏ ਨੂੰ ਵਿਅਕਤ ਕਰ ਜਾਂਦਾ ਹੈ । ਨਜ਼ਰੀਆ ਤਾਂ ਹਰ ਚੰਗੇ ਤੇ ਸਫਲ ਕਹਾਣੀਕਾਰ ਦਾ ਹੁੰਦਾ ਹੀ ਹੈ, ਸੋ ਅਣਖੀ ਦਾ ਵੀ ਹੈ । ਕਹਾਣੀਕਾਰ ਦੇ ਤੌਰ 'ਤੇ ਉਸ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਆਪਣੇ ਮੁੱਦੇ ਨੂੰ ਆਪਣੀ ਕਹਾਣੀ ਦੀ ਘਟਨਾ ਵਿਚ ਲੁਕਾਈ-ਛੁਪਾਈ ਰਖਦਾ ਹੈ ਤੇ ਸਾਧਾਰਣ ਪਾਠਕ ਨੂੰ ਸ਼ਾਇਦ ਇਸ ਮੁੱਦੇ ਦੀ ਤਹਿ ਤਕ ਜਾਣ ਦੀ ਕਦੇ ਵੀ ਲੋੜ ਨਹੀਂ ਪੈਂਦੀ ।

'ਤੇ ਦੇਵਤਾ ਪ੍ਰਸੰਨ ਸੀ' ਅਣਖੀ ਦੀ ਇਕ ਸਾਂਭਣਯੋਗ ਕਹਾਣੀ ਹੈ । ਇਸ ਵਿਚ ਘਟਨਾ ਰਾਹੀਂ ਉਹ ਦਰਸਾਂਦਾ ਹੈ ਕਿ ਨਵੀਨ ਵੀ ਪ੍ਰਾਚੀਨ ਦੀ ਕੁੱਖ ਵਿਚੋਂ ਹੀ ਜਨਮਦਾ ਹੈ, ਉਪਜਦਾ ਹੈ । ਤੇ ਜਦ ਉਹ ਪੈਦਾ ਹੁੰਦਾ ਹੈ ਤਾਂ ਉਸ ਵਿਚ ਇੰਨੀ ਤੇਜ਼ੀ, ਫੁਰਤੀ, ਰੋਸ਼ਨੀ ਹੁੰਦੀ ਹੈ ਕਿ ਰਿਵਾਇਤੀ ਲੋਕ ਉਸ ਨੂੰ ਵੇਖ ਕੇ ਜੜ੍ਹ ਹੋ ਜਾਂਦੇ ਹਨ ਤੇ ਉਸ ਦੇ ਵਧ ਰਹੇ ਕਦਮ ਨੂੰ ਕੋਈ ਵੀ ਨਹੀਂ ਰੋਕ ਸਕਦਾ । ਇਸ ਹਥਲੀ ਕਹਾਣੀ ਵਿਚ ਗੋਪਾਲ ਨਵੀਨ ਦਾ ਪ੍ਰਤੀਕ ਹੋ ਨਿੱਬੜਦਾ ਹੈ । ਅੰਤ ਵਿਚ ਕਹਾਣੀਕਾਰ ਲਿਖਦਾ ਹੈ : "ਤੇ ਫਿਰ...ਤੇ ਫਿਰ ਉਹ (ਗੋਪਾਲ) ਵੇਦੀ ਤੋਂ ਥੱਲੇ ਉਤਰਿਆ । ਪੰਡਤਾਂ ਦੇ ਕੋਲ ਦੀ ਲੰਘਦਾ ਤੇ ਕੁੜੀਆਂ-ਬਹੂਆਂ ਦੀ ਭੀੜ ਨੂੰ ਚੀਰਦਾ ਹੋਇਆ ਗੋਮਤੀ ਕੋਲ ਜਾ ਖੜ੍ਹਾ......"

ਅਣਖੀ ਦੀ ਇਕ ਹੋਰ ਕਹਾਣੀ 'ਆਪਣੀ ਰਸੋਈ' ਵੀ ਪੁਰਾਣੀਆਂ ਤੇ ਨਵੀਆਂ ਕੀਮਤਾਂ ਦੇ ਟਾਕਰੇ ਨੂੰ ਪ੍ਰਸਤੁਤ ਕਰਦੀ ਹੈ । ਇਸ ਕਹਾਣੀ ਦਾ ਨਾਇਕ ਦੇਵ ਕਦੇ ਬਰਦਾਸ਼ਤ ਨਹੀਂ ਕਰ ਸਕਿਆ ਕਿ ਉਸ ਦੀ ਭੈਣ ਗੋਮਤੀ ਬਾਣੀਆਂ ਦੇ ਘਰੋਂ ਰੋਟੀਆਂ ਮੰਗ ਕੇ ਲਿਆਉਂਦੀ ਰਹੇ ਤੇ ਉਹ ਇਹਨਾਂ ਰੋਟੀਆਂ ਉੱਤੇ ਹੀ ਪਲਦਾ ਰਹੇ । ਰਸੋਈ ਤਾਂ ਆਪਣੀ ਹੀ ਹੋਣੀ ਚਾਹੀਦੀ ਹੈ ਤੇ ਉਸ ਰਸੋਈ ਵਿਚ ਹਮੇਸ਼ਾ ਚੁੱਲ੍ਹਾ ਬਲਣਾ ਚਾਹੀਦਾ ਹੈ । ਦੇਵ ਨਵੀਂ ਸੋਚ ਦਾ ਧਾਰਨੀ ਹੈ । ਉਸ ਦਾ ਪਿਤਾ ਪਟਵਾਰੀ ਹੈ ਤੇ ਉਧਰੋਂ ਬਹੁਤ ਕੁਝ ਕਮਾ ਲੈਂਦਾ ਹੈ, ਲੁੱਟ-ਮਾਰ ਕਰ ਲੈਂਦਾ ਹੈ । ਦੇਵ ਅਜਿਹੀ ਆਮਦਨੀ ਨੂੰ ਲਾਅਨਤ ਆਖਦਾ ਹੈ । ਕਹਿੰਦਾ ਹੈ : "ਆਤਮਿਕ ਤੌਰ 'ਤੇ ਤਾਂ ਪਿਤਾ ਜੀ ਵੀ ਸੰਤੁਸ਼ਟ ਹਨ । ਪਰ ਉਨ੍ਹਾਂ ਦੀ ਆਤਮਾ ਹੈ ਕਿੱਥੇ ? ਜੇ ਹੈ ਤਾਂ ਮਰੀ ਹੋਈ ਆਤਮਾ ਹੈ ।"

ਅਣਖੀ ਦੀ ਪ੍ਰਸਿੱਧ ਕਹਾਣੀ 'ਇਕ ਤਰੀਕ' ਆਪਣੀ ਤਰ੍ਹਾਂ ਦੀ ਹੀ ਕਹਾਣੀ ਹੈ । ਇਸ ਦੀ ਬਣਤਰ ਬਿਲਕੁਲ ਰਿਵਾਇਤੀ ਜਾਂ ਘਟਨਾਤਮਕ ਨਹੀਂ । ਇਹ ਤਾਂ, ਮੰਨ ਲਓ, ਇਕ ਨਿਬੰਧ ਹੀ ਹੋ ਨਿੱਬੜਦੀ ਹੈ । ਸ਼ੁਰੂ ਤੋਂ ਲੈ ਕੇ ਅੰਤ ਤੱਕ ਲੇਖਕ ਅਤੇ ਪਰਕਾਸ਼ਕ ਦਰਮਿਆਨ ਇਕ ਕਲਰਕ ਦੀ ਜ਼ਿੰਦਗੀ ਵਿਚ ਪਹਿਲੀ ਤਾਰੀਖ ਦੇ ਮਹੱਤਵ ਉੱਤੇ ਦਿਲਚਸਪ, ਪਰ ਪੂਰੀ ਤਰ੍ਹਾਂ ਯਥਾਰਥਕ ਵਾਰਤਾਲਾਪ ਚਲਦਾ ਰਹਿੰਦਾ ਹੈ । ਕਹਾਣੀ ਕਿਸੇ ਕੇਂਦਰੀ ਘਟਨਾ ਨੂੰ ਬਿਆਨ ਨਹੀਂ ਕਰਦੀ । ਇਸ ਕਹਾਣੀ ਵਿਚ ਪਰਕਾਸ਼ ਦਾ ਵਿਅਕਤੀਗਤ ਨਹੀਂ ਸਗੋਂ ਵਰਗਗਤ ਚਰਿੱਤਰ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ । ਅਣਖੀ ਦੇ ਸ਼ਬਦਾਂ ਵਿਚ : "ਪਰਕਾਸ਼ ਦੀ ਜ਼ਿੰਦਗੀ ਬੜੀ ਤਰਸ ਵਾਲੀ ਜ਼ਿੰਦਗੀ ਹੈ । ਉਹ ਇਕ ਕਲਰਕ ਹੈ । ਉਸ ਦੀ ਜ਼ਿੰਦਗੀ ਸਾਰੇ ਕਲਰਕਾਂ ਦੀ ਜ਼ਿੰਦਗੀ ਹੈ । ਉਸ ਦੀ ਜ਼ਿੰਦਗੀ ਸਾਰੇ ਸਰਕਾਰੀ ਮੁਲਾਜ਼ਮਾਂ ਦੀ ਜ਼ਿੰਦਗੀ ਹੈ ।" ਇਹ ਕਹਾਣੀ ਵਾਸਤਵ ਵਿਚ



ਹਾਸੇ (humour) ਅਤੇ ਦਰਦ (pathos) ਦਾ ਇਕ ਸੁਮੇਲ ਹੈ । ਅਣਖੀ ਲਿਖਦਾ ਹੈ : "ਤੇਰੀ ਭਰਜਾਈ ਨੂੰ ਪੇੜੇ ਦੀ ਬੀਮਾਰੀ ਹੈ । ਉਹ ਦਿਨੋ-ਦਿਨ ਘਟਦੀ ਜਾਂਦੀ ਹੈ । ਮੈਂ ਚਾਰ ਮਹੀਨਿਆਂ ਤੋਂ ਉਸ ਨੂੰ 'ਇਕ ਤਰੀਕ' ਦੀਆਂ ਪੁੜੀਆਂ ਦੇ ਰਿਹਾਂ । ਉਹ ਹੋਰ ਘਟਦੀ ਜਾ ਰਹੀ ਐ ।"

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੀ ਅਣਖੀ ਦੀਆਂ ਕਹਾਣੀਆਂ ਪੁਖਤਾ ਤੇ ਸਹੀ ਉਤਰਦੀਆਂ ਨਜ਼ਰ ਆਉਂਦੀਆਂ ਹਨ । ਉਹ ਆਪਣੀ ਇਕ ਸਫਲ ਕਹਾਣੀ 'ਡਰਿਆ ਹੋਇਆ ਆਦਮੀ' ਵਿਚ ਇਕ ਅਜਿਹੇ ਮਨੁੱਖ ਦੀ ਡਰ ਤੋਂ ਹਾਵੀ ਚੇਤਨਾ ਦੀ ਹਾਲਤ ਤੇ ਦ੍ਰਿਸ਼ ਚਿਤਰਦਾ ਹੈ ਜਿਹਨੂੰ ਪਿਕਚਰ ਵੇਖਦਿਆਂ ਸਿਨਮਾ-ਹਾਲ ਵਿਚੋਂ ਇਕ ਕਾਲਾ ਬਟੂਆ ਲਭ ਜਾਂਦਾ ਹੈ । ਉਹ ਵੇਖਣਾ ਚਾਹੁੰਦਾ ਹੈ ਕਿ ਬਟੂਏ ਵਿਚ ਕਿੰਨੇ ਕੁ ਨੋਟ ਭਰੇ ਹੋਏ ਹਨ । ਪਰ ਅਣਖੀ ਦੇ ਸ਼ਬਦਾਂ ਵਿਚ : "ਰਮੇਸ਼ (ਡਰਿਆ ਹੋਇਆ ਆਦਮੀ) ਨੂੰ ਕੋਈ ਵੀ ਮਹਿਫੂਜ਼ ਥਾਂ ਨਾ ਮਿਲੀ, ਜਿੱਥੇ ਖੜ ਕੇ ਉਹ ਬਟੂਏ ਨੂੰ ਫਰੋਲ ਸਕਦਾ ।" ਉਸ ਨੂੰ ਇੰਜ ਜਾਪ ਰਿਹਾ ਸੀ ਕਿ ਜਿਵੇਂ ਉਸ ਦੇ ਕੋਲ, ਆਸ-ਪਾਸ ਖਲੋਤਿਆਂ ਬੰਦਿਆਂ ਦਾ ਧਿਆਨ ਉਸ ਬਟੂਏ ਵਲ ਹੀ ਹੋਵੇ । ਤੇ ਅੰਤ ਵਿਚ ਜਦ ਬਟੂਆ ਖੁਲ੍ਹਦਾ ਹੈ, ਉਸ ਵਿਚੋਂ ਉਹ ਨੋਟ ਥੋੜਾ ਨਿੱਕਲਣੇ ਸਨ ਜੀਹਦੀ ਰਮੇਸ਼ ਨੂੰ ਆਸ ਸੀ । "ਬਟੂਏ ਵਿਚ ਕਿਸੇ ਔਰਤ ਦੀ ਫੋਟੋ ਸੀ ਤੇ ਇਕ ਸੀ ਖਤ, ਹਿੰਦੀ ਵਿਚ ਲਿਖਿਆ ਹੋਇਆ । ਖਤ ਵਾਲੇ ਕਾਗਜ਼ ਵਿਚੋਂ ਸੈਂਟ ਦੀ ਮਿੰਨ੍ਹੀ ਮਿੰਨ੍ਹੀ ਖੁਸ਼ਬੋ ਆ ਰਹੀ ਸੀ ।" ਮਨੁੱਖ ਦੀ ਜ਼ਿੰਦਗੀ ਤਾਂ ਵੰਨ-ਸੁਵੰਨੀਆਂ ਹੋਣੀਆਂ ਨਾਲ ਭਰਪੂਰ ਹੈ । ਅਣਖੀ ਆਪਣੀਆਂ ਕਿੰਨੀਆਂ ਹੀ ਕਹਾਣੀਆਂ ਵਿਚ ਬਹੁਤ ਹੀ ਸਹਿਜ-ਸੁਭਾਅ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਉਭਾਰ ਜਾਂਦਾ ਹੈ, ਉਜਾਗਰ ਕਰ ਜਾਂਦਾ ਹੈ ।

ਅਣਖੀ ਨੇ ਆਪਣੀਆਂ ਕਹਾਣੀਆਂ ਰਾਹੀਂ ਕੁਝ ਅਭੁੱਲ ਤੇ ਦਲੇਰ ਪਾਤਰ ਉਸਾਰੇ ਹਨ । ਇਹਨਾਂ ਵਿਚੋਂ 'ਬਹੁਤਾ ਬੋਲਣ ਵਾਲੀ' ਕਹਾਣੀ ਦੀ ਕੈਲੋ ਸਮਝਦਾਰ ਨਾਇਕਾ ਹੈ । ਕੈਲੋ ਬਾਰੇ ਕਹਾਣੀਕਾਰ ਖੁਦ ਲਿਖਦਾ ਹੈ : "ਮੈਂ ਅੱਠਵੀਂ ਜਮਾਤ ਦੀਆਂ ਕੁੜੀਆਂ ਦੇ ਸੈਕਸ਼ਨ ਨੂੰ ਪੜ੍ਹਾਉਂਦਾ । ਕੈਲੋ ਬਹੁਤ ਸ਼ਰਾਰਤੀ ਲੜਕੀ ਸੀ । ਸਾਰੀਆਂ ਕੁੜੀਆਂ ਨਾਲੋਂ ਹੀ ਵੱਧ ਸ਼ਰਾਰਤਣ । ਦਿਨ ਵਿਚ ਦੋ-ਦੋ ਵਾਰੀ ਤਿੰਨ-ਤਿੰਨ ਵਾਰੀ ਉਹ ਕੁੜੀਆਂ ਨਾਲ ਲੜਦੀ । ਜਮਾਤ ਵਿਚ ਟੀਚਰ ਵੀ ਜੇ ਬੈਠਾ ਹੁੰਦਾ ਤਾਂ ਵੀ ਉਹ ਟਪਦੀ ਰਹਿੰਦੀ ।" ਉਹ ਕਹਿੰਦੀ ਸੀ : "ਵਿਆਹ ਕਰੋਣੈ ਤਾਂ ਪੜ੍ਹੇ ਹੋਏ ਮੁੰਡੇ ਨਾਲ ਕਰੋਣੈ, ਨਹੀਂ ਤਾਂ ਕਰੋਣਾ ਈ ਨਹੀਂ । ਖੂਹ 'ਚ ਛਾਲ ਮਾਰਨੀ ਮੰਨਜ਼ੂਰ, ਅਣਪੜ੍ਹ ਦੇ ਮਗਰ ਨ੍ਹੀ ਲੱਗਣਾ ।" ਵਿਆਹੀ ਹੋਈ ਕੈਲੋ ਦੇ ਸਰੀਰ ਨੂੰ ਬਿਆਨਦਾ ਹੋਇਆ ਅਣਖੀ ਲਿਖਦਾ ਹੈ—"ਇਸ ਦੀਆਂ ਤਾਂ ਭਾਵੇਂ ਤਿੰਨ ਕੈਲੋਆਂ ਬਣਾ ਲਵੇ ਕੋਈ । ਭਰਵਾ-ਗੁੰਦਵਾਂ ਸਰੀਰ । ਗੱਲ੍ਹਾਂ 'ਤੇ ਚੜ੍ਹਿਆ ਹੋਇਆ ਮਾਸ । ਅੱਖਾਂ ਦੀ ਚਮਕ ਦਿਲਖਿਚਵੀਂ, ਕੱਦ ਵੀ ਜਿਵੇਂ ਉਦੋਂ ਨਾਲੋਂ ਗਿਠ ਉੱਚਾ ਹੋਵੇ ।"

ਕਿਤੇ ਕਿਤੇ ਆਪਣੀਆਂ ਕਹਾਣੀਆਂ ਵਿਚ ਕਹਾਣੀਕਾਰ ਅਣਖੀ ਟਿੱਪਣੀਆਂ ਵੀ ਪੇਸ਼ ਕਰਦਾ ਹੈ । ਇਹ ਟਿੱਪਣੀਆਂ, ਮੰਨਣਾ ਪਵੇਗਾ ਸੰਯਮਿਤ, ਅਰਥਪੂਰਨ, ਪ੍ਰਸੰਸਾਨੁਕੂਲ ਤੇ ਹਾਸੇ ਵਿਚ ਲਪੇਟੀਆਂ ਹੁੰਦੀਆਂ ਹਨ । ਕਦੇ ਕਦੇ ਉਹ ਖੁਦ ਹੀ ਆਪਣੇ ਆਪ 'ਤੇ ਰਿਮਾਰਕ ਕਸ ਲੈਂਦਾ ਹੈ । 'ਸ਼ਿਕਨ' ਦੇ ਸ਼ੁਰੂ ਵਿਚ ਹੀ ਉਹ ਲਿਖਦਾ ਹੈ : "ਚਤਾਲੀ ਸਾਲ ਦੀ ਉਮਰ ਵਿਚ ਵੀ ਮੈਂ ਕਿੰਨ੍ਹਾ ਜਵਾਨ ਲਗਦਾ ਸਾਂ । ਕਿੰਨਾ ਕਮਾਲ ਹੈ ਖਿਜ਼ਾਬ ਦਾ ਵੀ, ਬੁਢੇ ਆਦਮੀ ਨੂੰ ਛੱਬੀ ਸਾਲ ਦਾ ਬਣਾ ਦਿੰਦਾ ਹੈ । ਕਿਸੇ ਨੂੰ ਕੀ ਪਤਾ ਹੈ ਕਿ ਦਾਹੜੀ ਵਿਚ ਕਾਲਾ ਵਾਲ ਤਾਂ ਕੋਈ ਕੋਈ ਹੀ ਹੈ । ਇਹ ਕਮਾਲ ਤਾਂ ਹੈ ਹੀ ਖਿਜ਼ਾਬ ਦਾ । ਮੇਰੇ ਵਾਲਾ ਖਿਜ਼ਾਬ ਹੈ ਵੀ ਕਿੰਨਾ ਨੇਚਰੁਲ । ਦੇਖਣ ਵਾਲੇ ਨੂੰ ਪਤਾ ਹੀ

ਨਹੀਂ ਲਗਦਾ ਕਿ ਦਾਹੜੀ ਉਤੇ ਕੁਝ ਲਾਇਆ ਹੈ ਜਾਂ ਨਹੀਂ । ਪਿੱਛੇ ਜਿਹੇ ਅਖ਼ਬਾਰਾਂ ਵਿਚ ਪੜ੍ਹਿਆ ਸੀ ਕਿ ਖਿਜ਼ਾਬ ਲਾਉਣ ਵਾਲੇ ਲੋਕ ਛੇਤੀ ਅੰਨ੍ਹੇ ਹੋ ਜਾਂਦੇ ਹਨ । ਇਕ ਵਾਰ ਤਾਂ ਦਿਲ ਦਹਿਲ ਉੱਠਿਆ ਸੀ । ਬਨਾਵਟੀ ਜਵਾਨੀ ਦਾ ਕੀਹ ਐ, ਅੰਨ੍ਹੇ ਹੋ ਗਏ ਤਾਂ ਕੰਧਾਂ ਵਿਚ ਵਜਦੇ ਫਿਰਾਂਗੇ । ਇਕ ਹਫ਼ਤਾ ਖਿਜ਼ਾਬ ਨਹੀਂ ਲਾਇਆ । ਅਗਲੇ ਹਫ਼ਤੇ ਸ਼ੀਸ਼ਾ ਮੂੰਹ ਚਿੜ੍ਹਾਉਣ ਲੱਗ ਪਿਆ । ਜੀਅ ਜਿਹਾ ਹੀ ਨਾ ਲੱਗਿਆ ਕਰੇ । ਫੇਰ ਸ਼ੁਰੂ ਕਰ ਦਿੱਤਾ ਖਿਜ਼ਾਬ ।"

---

**Bhagwan Josh**

**COMMUNIST MOVEMENT IN PUNJAB (1926-47)**

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India. Hardbound, pages 220, Price : Rs. 60

Order for your copy to Anupma Publications, 80 Banarsi Dass Bldg, Gandhi Nagar, Delhi-31. or to SEDH, A-42, Defence Colony, N.Delhi-24

⊙

*** ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ;
ਮੁਲ : ਪੰਦਰਾਂ ਰੁਪੈ ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ ।



## ਪੁਸਤਕ ਰੀਵੀਊ
# ਹਵਾ ਵਿਚ ਲਿਖੇ ਹਰਫ਼

ਗ਼ਜ਼ਲ-ਸੰਗ੍ਰਹਿ : ਸੁਰਜੀਤ ਪਾਤਰ; ਜੋਹਲ ਪਬਲੀਕੇਸ਼ਨ, ਲੁਧਿਆਣਾ, ਪੰਨੇ : 64,
ਮੁੱਲ, ਪੇਪਰਬੈਕ : ਪੰਜ ਰੁਪਏ

ਪੰਜਾਬੀ ਕਵਿਤਾ ਦੇ ਖੇਤਰ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਤਿੰਨ ਨਾਮ ਵਧੇਰੇ ਉਭਰ ਕੇ ਸਾਹਮਣੇ ਆਏ ਹਨ । ਸ਼ਿਵ ਕੁਮਾਰ ਦਾ ਨਾਮ ਬਿਰਹਾ ਦੀ ਵੇਦਨਾ ਨੂੰ ਪੇਸ਼ ਕਰਨ ਕਰਕੇ, ਪਾਸ਼ ਦੀ ਕਵਿਤਾ ਵਿਚ ਇਕ ਇਨਕਲਾਬੀ ਦੀ ਅਨੁਭਵਤਾ ਦੇ ਕਾਰਨ ਅਤੇ ਚਾਰ-ਪੰਜ ਸਾਲਾਂ ਤੋਂ ਸੁਰਜੀਤ ਪਾਤਰ ਦਾ ਨਾਮ ਇਕ ਨਵੀਂ ਭਾਂਤ ਦੀ ਅਨੁਭਵਤਾ ਨੂੰ ਆਪਣੀਆਂ ਗ਼ਜ਼ਲਾਂ ਤੇ ਨਜ਼ਮਾਂ ਰਾਹੀਂ ਪੇਸ਼ ਕਰਨ ਕਰਕੇ । ਸ਼ਿਵ ਦੇ ਵਿਚ ਜਿਥੇ ਸੋਗਮਈ ਤੇ ਵੈਣਆਤਮਕ ਸੁਰ ਵਧੇਰੇ ਤੀਬਰ ਹੈ, ਪਾਸ਼ ਵਿਚ ਇਕ ਇਨਕਲਾਬੀ ਦਾ ਭਾਵਆਤਮਕ ਸੰਤਾਪ ਬਾਹਲਾ ਹੈ, ਸੁਰਜੀਤ ਪਾਤਰ ਵਿਚ ਨਿਜ ਤੇ ਸਮਾਜਕਤਾ ਦਾ ਸੰਵਾਦ ਇਕ ਸੋਗਮਈ ਸਿਆਣਪ ਦਾ ਨਵੇਕਲਾ ਪਧਰ ਪ੍ਰਾਪਤ ਕਰਦਾ ਹੈ । ਪਿਛੇ ਜਿਹੇ ਛਪੇ ਉਸ ਦੇ ਗ਼ਜ਼ਲ ਸੰਗ੍ਰਹਿ '**ਹਵਾ ਵਿਚ ਲਿਖ ਹਰਫ**' ਵਿਚੋਂ ਕੁਝ ਹਵਾਲੇ ਇਸ ਸੰਬੰਧ ਵਿਚ ਪੇਸ਼ ਕੀਤੇ ਜਾਂਦੇ ਹਨ :

— ਅਸਾਡੇ ਖ਼ੂਨ 'ਚੋਂ ਕਰ ਕੇ ਕਸ਼ੀਦ ਸਭ ਖ਼ੁਸ਼ੀਆਂ
ਅਸਾਡੇ ਸ਼ਹਿਰ 'ਚ ਹੀ ਵੇਚਦਾ ਕਲਾਲ ਰਿਹਾ । (14)

— ਜਿਸ 'ਚ ਸੂਲੀ ਦਾ ਇੰਤਜ਼ਾਮ ਨਹੀਂ
ਯਾਰੋ ਐਸਾ ਕਿਤੇ ਨਿਜ਼ਾਮ ਨਹੀਂ । (16)

— ਗੋਬਿੰਦ ਸੀ ਤੇ ਰਸੂਲ ਸੀ, ਈਸਾ ਸੀ, ਬੁਧ ਸੀ
ਤਪਦੇ ਥਲਾਂ 'ਚ ਚਲ ਰਿਹਾ ਸੀ ਕੌਣ ਕੌਣ ਨਾਲ । (13)

— ਝੀਲ ਵਿਚ ਸੁਟੀ ਤਾਂ ਪਲ ਵਿਚ ਡੁਬ ਗਈ ਭਾਰੀ ਕਿਤਾਬ
ਓਸ ਵਿਚ ਸਨ ਦਰਜ ਭਵਜਲ ਤਰਨ ਦੇ ਸਾਰੇ ਹਿਸਾਬ ।
.........
ਰੇਤ 'ਤੇ ਬਾਬਰ ਦਾ ਸੀ, ਰੂਹਾਂ 'ਤੇ ਉਸ ਦਾ ਰਾਜ ਸੀ
ਉਹ ਜੁ ਅਕਸਰ ਆਖਦਾ ਸੀ ਛੇੜ ਮਰਦਾਨੇ ਰਬਾਬ ।
ਉਹ ਕਿ ਜੋ ਲਫ਼ਜ਼ਾਂ ਦੀ ਖੇਤੀ ਹੀ ਸਦਾ ਕਰਦੇ ਰਹੇ
ਉਨ੍ਹਾਂ ਲਈ ਦੋ ਲਫ਼ਜ਼ ਹੀ ਸਨ, ਕੀ ਸੀ ਬਾਬਰ ਕੀ ਰਬਾਬ । (23)

— ਕਿਸੇ ਦਾ ਸੂਰਜ, ਕਿਸੇ ਦਾ ਦੀਵਾ, ਕਿਸੇ ਦਾ ਤੀਰ ਕਮਾਨ
ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ-ਨਿਸ਼ਾਨ ।
.........
ਧੁਖਦੀ ਧਰਤੀ, ਤਪਦੇ ਪੈਂਡੇ, ਸੜਦੇ ਰੱਬ ਦੇ ਜੀਆ
ਸ਼ਾਇਦ ਉਹੀ ਰਬ ਹੈ ਜਿਹੜਾ ਚੁਪ ਲਿਸ਼ਕੇ ਅਸਮਾਨ । (28)

— ਜ਼ਖ਼ਮ ਨੂੰ ਜ਼ਖ਼ਮ ਲਿਖੋ ਖ਼ਾਮਖ਼ਾ ਕੰਵਲ ਨਾ ਲਿਖੋ
ਸਿਤਮ ਹਟਾਉ, ਸਿਤਮ 'ਤੇ ਨਿਰੀ ਗ਼ਜ਼ਲ ਨਾ ਲਿਖੋ ।
.........

ਜੇ ਆਪਣੇ ਜ਼ੁਲਮ ਨੂੰ ਕਹਿਣਾ ਹੈ 'ਇੰਤਜ਼ਾਮ' ਤੁਸਾਂ
ਤਾਂ ਸਾਡੀ ਹੱਕ ਦੀ ਆਵਾਜ਼ ਨੂੰ 'ਖਲਲ' ਨਾ ਲਿਖੋ । (45)
— ਦੁਖ ਨਹੀਂ ਕਿ ਹਾਦਸਾ ਹੋਇਆ ਅਤੇ ਉਹ ਮਰ ਗਿਆ
ਦੁਖ ਤਾਂ ਹੈ ਕਿ ਹਾਦਸਾ ਕਿੰਨੇ ਵਰ੍ਹੇ ਹੁੰਦਾ ਰਿਹਾ । (51)
— ਕਾਲੀ ਰਾਤ ਦੀਆਂ ਫ਼ੌਜਾਂ ਨ' ਲੜਨ ਲਈ
ਮੈਂ ਵੀ ਆ ਪਹੁੰਚਾ ਹਾਂ ਆਪਣਾ ਸਾਜ਼ ਲਈ ।
.........
ਏਨਾ ਉਚਾ ਤਖਤ ਸੀ ਅਦਲੀ ਰਾਏ ਦਾ
ਮਜ਼ਲੂਮਾਂ ਦੀ ਉਮਰ ਹੀ ਰਾਹ ਵਿਚ ਬੀਤ ਗਈ। (59)

ਸੁਰਜੀਤ ਪਾਤਰ ਆਪਣੀ ਗ਼ਜ਼ਲ ਵਿਚ ਪਰਚਲਤ ਬਿੰਬਾਵਲੀ, ਘਸੇ-ਪਿਟੇ ਵਿਚਾਰਾਂ, ਨਾਅਰੇਬਾਜ਼ੀ ਜਾਂ ਨਜ਼ਮਬਾਜ਼ੀ ਤੋਂ ਕੰਮ ਨਹੀਂ ਲੈਂਦਾ । ਉਸ ਦੇ ਬਿੰਬਾਂ ਵਿਚ ਤਾਜ਼ਗੀ ਤੇ ਸੁਜੀਵਤਾ ਹੁੰਦੀ ਹੈ, ਨਿਮ੍ਹਾ ਨਿਮ੍ਹਾ ਕਟਾਖਸ਼ ਵੀ ਪੂਰੀ ਸੁਹਿਰਦਤਾ ਨਾਲ ਹੀ ਪੇਸ਼ ਹੁੰਦਾ ਹੈ । ਵਿਚਾਰਾਂ ਦੀ ਸ਼ੈਲੀਗਤ ਨਵੀਨਤਾ ਨੂੰ ਉਹ ਆਮ ਜਹੀ ਗ਼ਜ਼ਲਬਾਜ਼ੀ ਉਤੇ ਪਹਿਲ ਦੇਂਦਾ ਹੋਇਆ ਨਵੇਂ ਮੁਹਾਵਰੇ ਦੀ ਖੋਜ ਵਿਚ ਸਰਗਰਮ ਹੈ ।

ਪਾਤਰ ਦਾ ਕਥਨ ਹੈ ਕਿ ''ਰਸਤਾ ਆਪਣੇ ਲਹੂ 'ਚੋਂ ਜਾਂਦਾ ਹੈ / ਨਜ਼ਮਬਾਜ਼ੀ ਤੋਂ ਸ਼ਾਇਰੀ ਤੀਕਰ'' (52) ਉਹ ਇਕ ਅਜਿਹਾ ਨੌਜਵਾਨ ਕਵੀ ਹੈ ਜੋ ਕਲਾਕਾਰ ਦੀ ਕਥਨੀ ਤੇ ਕਰਨੀ, ਕਵਿਤਾ ਦੀ ਕੁਠਾਲੀ ਤੇ ਇਸ ਵਿਚਲੇ ਤੱਤ ਵਰਤਮਾਨ ਸਮਾਜਕ ਯਥਾਰਥ ਵਿਚ ਕਵਿਤਾ ਦੀਆਂ ਸੰਭਾਵਨਾਵਾਂ ਤੇ ਇਸ ਦੀਆਂ ਹੱਦਾਂ, ਕਲਮ ਦੀ ਸਮਰਥਾ ਤੇ ਇਸ ਦੀ ਔਕਾਤ ਦਾ ਵੀ ਪੂਰਾ ਪੂਰਾ ਅਹਿਸਾਸ ਰਖਦਾ ਹੈ ਅਤੇ ਆਪਣੀਆਂ ਸੂਖਮ ਭਾਵਨਾਵਾਂ ਨੂੰ ਅੰਕਤ ਕਰਦਾ ਹੋਇਆ ਕਿਤੇ ਵੀ ਹਵਾ ਵਿਚ ਤਲਵਾਰਾਂ ਮਾਰਦਾ ਪਰਤੀਤ ਨਹੀਂ ਹੁੰਦਾ । ਇਸ ਸੰਬੰਧੀ ਉਸ ਦੇ ਕੁਝ ਸ਼ੇਅਰ ਵਰਨਣਯੋਗ ਹਨ :

— ਹਵਾਵਾਂ ਦੀ ਆਜ਼ਾਦ ਆਵਾਜ਼ ਨੂੰ ਸੁਣ
ਤੂੰ ਛਡ ਇਹ ਮਫਾਈਲ ਫਿਇਲੁਨ ਫਊਲੁਨ
ਨਹੀਂ ਤਾਂ ਜੋ ਕੈਦੀ ਪਰਿੰਦਿਆਂ ਦਾ ਹੋਇਆ
ਕਿਤੇ ਹਸ਼ਰ ਉਹੋ ਹੀ ਤੇਰਾ ਨ ਹੋਵੇ । (31)
— ਜਿਸ ਦਿਨ ਮੈਂ ਮਜ਼ਲੂਮ ਸਾਂ, ਉਸ ਦਿਨ ਨਜ਼ਮ ਆਸਾਨ ਸੀ
ਹੁਣ ਕੁਝ ਮੇਰਾ ਆਖਣਾ ਹੋ ਗਿਆ ਅੱਤ ਮੁਹਾਲ । (37)
— ਨਿਤਰਿਆ ਨਾ ਮੈਂ ਕਦੇ, ਗੰਧਲੇ ਗੰਧਲੇ ਹੀ ਰਹੇ
ਪਾਣੀ ਮੇਰੀ ਸੋਚ ਦੇ, ਮੇਰਿਆ ਅਕਸਾਂ ਨਾਲ । (38)
— ਨਾ ਤਾਂ ਮੈਂ ਤਾਰੇ ਚੜ੍ਹਾਏ, ਨਾ ਮੈਂ ਸੂਰਜ ਡੋਬਿਆ
ਕਿਸ ਲਈ ਤੂੰ ਨਾਉਂ ਮੇਰਾ ਸ਼ਾਇਰਾਂ ਵਿਚ ਲਿਖ ਲਿਆ । (51)
— ਲਫ਼ਜ਼ ਹਾਂ ਨਾਲੀਆਂ 'ਚ ਰੁਲਦੇ ਹਾਂ
ਸਾਨੂੰ ਲੈ ਜਾਓ ਸ਼ਾਇਰੀ ਤੀਕਰ । (53)

ਇਕ ਪਾਤਰ ਦੀ ਗ਼ਜ਼ਲ ਪੰਜ ਸਾਲ ਪਹਿਲਾਂ ਐਮਰਜੈਂਸੀ ਦੇ ਸ਼ੁਰੂ ਦੇ ਦੌਰ ਵਿਚ ਲਿਖੀ ਗਈ ਅਤੇ ਪ੍ਰਕਾਸ਼ਤ ਹੋਈ ਸੀ । ਸ਼ਾਇਦ ਉਹ ਪਿਛਲੇ ਦਸ ਸਾਲਾਂ ਦੀ ਸਭ ਤੋਂ ਵਧੇਰੇ ਪ੍ਰਤੀਨਿਧ ਕਵਿਤਾ ਹੈ ਜਿਸ ਵਿਚ ਦੇਸ਼ ਤੇ ਕਾਲ ਦੀ ਸਥਿਤੀ ਕਲਾਪੂਰਨ ਤਰੀਕੇ ਨਾਲ ਅੰਕਤ ਹੋਈ ਹੈ ।

**—ਹਿੰਮਤ ਸਿੰਘ ਸੋਢੀ**



# ਲੇਖਕ / ਪਾਠਕ ਕਹਿੰਦੇ ਹਨ

*** ਬਹਿਸ ਦਾ ਮੁੱਦਾ ਕੀ ਸੀ ?** ਇਹ ਕੁਝ ਸ਼ਬਦ ਹਰਭਜਨ ਹਲਵਾਰਵੀ ਦੀ ਤੀਜੀ ਟਿੱਪਣੀ (ਸੇਧ, ਜੂਨ 1980) ਬਾਰੇ ਹਨ । ਜੇਕਰ ਹਲਵਾਰਵੀ ਦੀ ਇਸ ਤੀਜੀ ਟਿਪਣੀ ਨੂੰ ਪੜ੍ਹ ਕੇ ਬਹੁਤੇ ਪਾਠਕਾਂ ਨੂੰ ਇਹ ਅਹਿਸਾਸ ਹੋਵੇ ਕਿ ਸਮਝ ਨਹੀਂ ਆਉਂਦੀ ਮਸਲਾ ਕੀ ਹੈ, ਕਿਉਂ ਹਲਵਾਰਵੀ ਤੇ ਜੋਸ਼ ਇਕ ਦੂਸਰੇ ਬਾਰੇ ਵਾਰੋ ਵਾਰੀ ਟਿੱਪਣੀਆਂ ਲਿਖ ਰਹੇ ਹਨ, ਸ਼ਾਇਦ ਆਪਸ ਵਿਚ ਉਨ੍ਹਾਂ ਦੀ ਕੋਈ ਖੁੰਦਕਬਾਜ਼ੀ ਹੈ, ਤਾਂ ਸਮਝੋ ਹਰਭਜਨ ਹਲਵਾਰਵੀ ਹੋਰੀਂ ਆਪਣੇ ਮਕਸਦ ਵਿਚ ਕਾਮਯਾਬ ਹੋ ਗਏ । ਉਹ ਮਕਸਦ ਕਿਹੜਾ ਹੈ ? ਉਹ ਮਕਸਦ ਹੈ—ਬਹਿਸ ਦੀ ਸੰਭਾਵਨਾ ਨੂੰ ਹੀ ਉਸ ਦੇ ਅਸਲ ਮੁੱਦੇ ਤੋਂ ਉਖੇੜਨਾ, ਘੁਣਤਰਬਾਜ਼ ਦਲੀਲਬਾਜ਼ੀ ਰਾਹੀਂ ਗੱਲ ਨੂੰ ਕਿਤੇ ਦੀ ਕਿਤੇ ਪਹੁੰਚਾ ਦੇਣਾ ਤਾਕਿ ਸਾਧਾਰਨ ਪਾਠਕ ਨੂੰ ਇਸ ਗੱਲ ਦਾ ਪਤਾ ਹੀ ਨਾ ਲੱਗੇ ਕਿ ਆਖ਼ਰ ਇਹ 'ਵਿਦਵਾਨ' ਚਰਚਾ ਕਿਸ ਗੱਲ ਦੀ ਕਰ ਰਹੇ ਹਨ ।

ਹਲਵਾਰਵੀ ਆਪਣੀ ਦਲੀਲ ਵਿਧੀ ਵਿਚ ਦੂਹਰਾ ਰੁੱਖ ਅਪਣਾਉਂਦਾ ਹੈ—ਭੋਲੇ ਭਾਲੇ ਮਾਸੂਮ ਪਾਠਕ ਦਾ ਵੀ ਤੇ ਵਿਦਵਾਨ ਮਾਰਕਸਵਾਦੀ ਦਾ ਵੀ । ਜਿਥੇ ਇਕ ਪਾਸੇ 'ਮਾਸੂਮ' ਸਵਾਲ ਉਠਾਉਂਦਾ ਹੈ ਤੇ ਕਿੰਤੂ ਵੀ ਕਰਦਾ ਹੈ ਉਥੇ ਦੂਸਰੇ ਪਾਸੇ ਆਪਣੇ ਵਲੋਂ ਅਸਲੀ ਸਮਝੇ ਜਾਂਦੇ ਮਾਰਕਸਵਾਦ ਦੇ ਆਧਾਰ 'ਤੇ **judgement** ਵੀ ਪਾਸ ਕਰਦਾ ਹੈ । ਇਸ ਵਿਧੀ ਵਿਚ ਉਸ ਨੂੰ ਬੜਾ ਫ਼ਾਇਦਾ ਰਹਿੰਦਾ ਹੈ । ਜੇਕਰ ਅੱਗੋਂ ਦਲੀਲ ਕਰਨ ਵਾਲਾ ਤੁਹਾਡੀ ਮਾਰਕਸਵਾਦ ਦੀ ਸਮਝ 'ਤੇ ਕਿੰਤੂ ਕਰੇ ਤਾਂ ਤੁਸੀਂ ਉਸ ਅੱਗੇ ਉਗੜ ਦੁੱਗੜ ਸਵਾਲਾਂ ਦਾ ਟੋਕਰਾ ਖਿਲਾਰ ਕੇ ਉਸ ਨੂੰ ਵਾਹਣੀਂ ਪਾਉਣ ਦਾ ਯਤਨ ਕਰ ਸਕੋ ਤੇ ਨਾਲ ਹੀ ਘੁੱਕ ਕੇ ਆਪਣੇ ਮਾਸੂਮ ਸਵਾਲਾਂ ਦੇ ਆਧਾਰ 'ਤੇ ਬਾਰ ਬਾਰ ਇਹ ਦੁਹਰਾ ਸਕੋ ਕਿ ਤੁਸੀਂ ਤਾਂ ਸਿਰਫ਼ ''ਪ੍ਰੋ. ਸਾਹਿਬ ਦੀ ਤਰਕ-ਵਿਧੀ 'ਤੇ ਕਿੰਤੂ ਕੀਤਾ ਹੈ ।'' ਨਾਲੇ ਇੰਜ ਪਾਠਕਾਂ ਦੀ ਹਮਦਰਦੀ ਜਿੱਤ ਸਕੋ ਕਿ ਦੇਖੋ ਜੀ, ਪ੍ਰੋ. ਸਾਹਿਬ ਹਰਭਜਨ ਹਲਵਾਰਵੀ ਦੇ ਸਵਾਲਾਂ ਦਾ ਜਵਾਬ ਹੀ ਨਹੀਂ ਦੇ ਰਹੇ ।

ਹਰਭਜਨ ਹਲਵਾਰਵੀ ਦੀ ਆਪਣੀ ਲਿਖਤ ਵਿਚਲੀ ਪਹੁੰਚ 'ਗੰਭੀਰ' ਤੇ 'ਮਜ਼ਾਹੀਆ' ਤੱਤਾਂ ਦੇ ਬੇਤਰਤੀਬੇ ਮਿਸ਼ਰਣ ਤੋਂ ਬਣੀ ਇਕ ਅਜੀਬ ਪਹੁੰਚ ਹੈ ਜੋ ਅਸਲ ਵਿਚ ਨਾ ਗੰਭੀਰ ਹੈ ਤੇ ਨਾ ਹੀ ਮਜ਼ਾਹੀਆ । (ਇਥੇ ਮੇਰਾ ਕਿਸੇ ਦੀ ਸ਼ਖ਼ਸੀਅਤ-ਬਣਤਰ ਵਲ ਇਸ਼ਾਰਾ ਹਰਗਿਜ਼ ਨਹੀਂ) । ਇੰਜ ਐਨੇ ਸਾਰੇ ਸ਼ਬਦਾਂ ਵਿਚ ਕਹਿਣ ਦੀ ਬਜਾਏ ਕਿ ਪ੍ਰੋ. ਸਾਹਿਬ ਕੋਲ ਖ਼ਿਆਲਾਂ ਦੇ ਗਧੀਗੇੜ ਦੇ ਸਿਵਾਏ ਕਹਿਣ ਲਈ ਕੋਈ ਗੱਲ ਨਹੀਂ, ਉਹ ਪਹਿਲਾਂ ਗੰਭੀਰ ਪੱਧਰ ਦੀ ਦਲੀਲ ਨੂੰ ਮਜ਼ਾਕੀਆ ਕਿਸਮ ਦੀ ਸ਼ੈਲੀ ਵਿਚ ਠੱਠੇ ਰਾਹੀਂ 'ਉਡਾਉਣ' ਦਾ ਯਤਨ ਕਰਦਾ ਹੈ, ਪਰ ਅਗੋਂ

ਜਦੋਂ ਕੋਈ ਤੁਹਾਨੂੰ, ਮੋੜ ਕੇ ਸਵਾਲਾਂ ਨੂੰ ਉਨ੍ਹਾਂ ਦੀ ਦਰਜਾ-ਬ-ਦਰਜੀ ਨਿਖੇੜ ਕੇ ਗੰਭੀਰ ਪੱਧਰ ਦੀ ਬਹਿਸ ਵਿਚ ਖਿੱਚਣ ਦਾ ਯਤਨ ਕਰਦਾ ਹੈ ਤਾਂ ਤੁਸੀਂ ਅੱਗੋਂ ਕਹੋ : ''ਜੇ ਮੇਰੀ ਸੂਝ ਅਨੁਸਾਰ ਪ੍ਰੋ. ਸਾਹਿਬ ਕੁਝ ਨਹੀਂ ਕਹਿ ਰਹੇ ਤਾਂ ਮੈਂ ਟਿਪਣੀਆਂ ਲਿਖਦਾ ਹੀ ਨਾ ।''

ਇਥੇ ਫਿਰ ਆਪਣੀ ਮਾਸੂਮੀਅਤ ਦੀ ਵਕਾਲਤ ਹੈ । ਜੇਕਰ ਮੈਂ ਹਰਭਜਨ ਹਲਵਾਰਵੀ ਦੇ ਸ਼ਬਦਾਂ/ਵਿਚਾਰਾਂ ਨੂੰ ਕਿਸੇ 'ਮਜ਼ਬੂਰੀ' ਹੇਠ ਤੋੜਿਆ ਮਰੋੜਿਆ ਹੈ (ਇਹ ਆਪਣੇ ਵਿਰੋਧੀ ਦੀ ਦਲੀਲ ਨਹੀਂ ਸਗੋਂ ਉਸ ਦੇ ਮੋਟਿਵ ਨੂੰ ਆਧਾਰ ਬਣਾ ਕੇ ਬਹਿਸ ਕਰਨ ਦੀ ਵਿਧੀ ਹੈ । ਹਲਵਾਰਵੀ ਖ਼ੁਦ ਜਾਣਦਾ ਹੈ ਕਿ ਇਹ ਕਿੰਨੀ ਪੁਰਾਣੀ ਤੇ ਬੋਦੀ ਹੈ) ਤਾਂ ਇਹਨਾਂ ਸਤਰਾਂ ਦਾ ਅਰਥ ਕੀ ਬਣਦਾ ਹੈ : ''ਪ੍ਰੋ. ਕਿਸ਼ਨ ਸਿੰਘ ਹੋਰੀਂ ਮਾਰਕਸਵਾਦ ਦੀ ਵਿਆਖਿਆ ਕਰਨ ਸਮੇਂ ਮਾਰਕਸ ਤੋਂ ਵੀ ਅੱਗੇ ਨਿਕਲ ਗਏ ਹਨ, ਉਹ ਮਾਰਕਸਵਾਦ ਉਪਰ ਲੰਮੇ ਪੈ ਗਏ ਹਨ, ਪ੍ਰੋ. ਕਿਸ਼ਨ ਸਿੰਘ ਸਮੱਸਿਆ ਤੋਂ ਸਮੱਸਿਆ ਤੱਕ ਦੀ ਵਿਚਾਰ-ਯਾਤਰਾ ਕਰਦੇ ਹਨ, ਆਦਿ ।'' ਜੇਕਰ ਇਸ ਸਭ ਕਾਸੇ ਦਾ ਅਰਥ ਇਹ ਨਹੀਂ ਕਿ ਪ੍ਰੋ: ਸਾਹਿਬ ਕੋਲ ਕਹਿਣ ਲਈ ਕੁਝ ਨਹੀਂ ਹੈ, ਤਾਂ ਹੋਰ ਕੀ ਹੈ ?

ਆਪਣੀ ਪਿਛਲੀ ਟਿਪਣੀ ਵਿਚ ਹਰਭਜਨ ਹਲਵਾਰਵੀ ਨੇ ਲਿਖਿਆ ਸੀ : ''ਮਾਰਕਸਵਾਦੀ ਹੋਣ ਦੇ ਨਾਤੇ ਕਿਸ਼ਨ ਸਿੰਘ ਹੋਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਾਤ-ਪਾਤ ਪ੍ਰਣਾਲੀ ਬੁਰਜੂਵਾ ਸਿਸਟਮ ਦੀ ਦੇਣ ਨਹੀਂ ਸਗੋਂ ਜਗੀਰੂ ਢਾਂਚੇ ਦੀ ਰਹਿੰਦ ਖੂੰਹਦ ਹੈ ।'' ਪਰ ਇਸ ਟਿੱਪਣੀ (ਜੂਨ, 1980) ਵਿਚ ਹਲਵਾਰਵੀ ਲਿਖਦਾ ਹੈ : ''ਮੈਂ ਆਪਣੀਆਂ ਦਲੀਲਾਂ ਨੂੰ 'ਮਾਰਕਸਵਾਦ' ਕਹਿਣ ਦਾ ਕਿਤੇ ਦਾਅਵਾ ਨਹੀਂ ਕੀਤਾ ।'' ਪਿਛਲੀਆਂ ਟਿੱਪਣੀਆਂ ਵਿਚ ਜਦ ਹਲਵਾਰਵੀ ਕਹਿੰਦਾ ਸੀ ਕਿ ਕਿਸ਼ਨ ਸਿੰਘ ਮਾਰਕਸ ਤੋਂ ਅੱਗੇ ਨਿਕਲ ਗਏ ਹਨ, ਮਾਰਕਸਵਾਦ ਉਪਰ ਲੰਮੇ ਪੈ ਗਏ ਹਨ, ਇਕ 'ਮਾਰਕਸਵਾਦੀ ਹੋਣ ਦੇ ਨਾਤੇ' (ਪੁੱਠੇ ਕੋਮੇਂ ਹਲਵਾਰਵੀ ਦੇ ਹਨ) ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ...' ਆਦਿ, ਕੀ ਉਸ ਵੇਲੇ ਉਸ ਦੀ ਇਸ ਕਟਾਖ਼ਸ਼ਮਈ ਸ਼ੈਲੀ ਤੇ **judgement** ਪਿਛੇ ਇਕ ਮਾਰਕਸਵਾਦੀ ਦੀ ਪਹੁੰਚ ਵਿਧੀ ਨਹੀਂ ਸੀ ਜਿਸ ਨੂੰ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਦਾ ਐਨਾ ਕੁ ਗਿਆਨ ਜ਼ਰੂਰ ਸੀ ਜਿਸ ਦੇ ਆਧਾਰ 'ਤੇ ਉਹ ਦੱਸ ਰਿਹਾ ਸੀ ਕਿ ਕਿਸ਼ਨ ਸਿੰਘ ਦੇ ਵਿਚਾਰਾਂ ਦਾ ਮਾਰਕਸਵਾਦ ਨਾਲ ਕੋਈ ਤੁਅੱਲਕ ਨਹੀਂ । ਪਰ ਹੁਣ ਤੀਜੀ ਟਿੱਪਣੀ ਵਿਚ ਹਲਵਾਰਵੀ ਨੇ ਹੋਰ ਹੀ ਗੱਲ ਦੱਸ ਦਿਤੀ ਹੈ (ਹੋਕਾ ਦਿੱਤਾ ਬੇਰਾਂ ਦਾ ਤੇ ਕੱਢ ਵਿਖਾਇਆ ਚੱਕੀ-ਰਾਹਾ), ਕਹਿੰਦਾ ਹੈ : ''ਮੈਂ ਆਪਣੀਆਂ ਦਲੀਲਾਂ ਨੂੰ 'ਮਾਰਕਸਵਾਦ' ਕਹਿਣ ਦਾ ਕਿਤੇ ਦਾਹਵਾ ਨਹੀਂ ਕੀਤਾ ।'' ਕੀ ਹਰ ਮਾਰਕਸਵਾਦੀ ਨੂੰ ਆਪਣੀਆਂ ਲਿਖਤਾਂ ਨਾਲ ਇਹ ਐਫੀਡੇਵਿਟ ਲਾਉਣਾ ਪੈਂਦਾ ਹੈ ਕਿ 'ਮੈਂ ਮਾਰਕਸਵਾਦੀ ਹੋਣ ਦਾ ਦਾਹਵਾ ਕਰਦਾ ਹਾਂ ਜਾਂ ਦਾਹਵਾ ਨਹੀਂ ਕਰਦਾ' ? ਅਜਿਹਾ ਲੇਖਕ ਦੀ ਪਹੁੰਚ ਵਿਧੀ ਤੋਂ ਸਪੱਸ਼ਟ ਹੁੰਦਾ ਹੈ । ਸਮਝ ਨਹੀਂ ਆਈ, ਆਖ਼ਰ ਮਾਰਕਸ-ਵਾਦ ਤੋਂ ਇੰਜ ਭੱਜ ਨਿਕਲਣ ਦੀ ਕੀ ਲੋੜ ਹੈ ?

ਇਸ ਤੀਜੀ ਟਿੱਪਣੀ ਦੇ ਸ਼ੁਰੂ ਵਿਚ ਹੀ ਹਰਭਜਨ ਹਲਵਾਰਵੀ ਲਿਖਦਾ ਹੈ : ''ਇਸ ਲੇਖ-ਨੁਮਾ ਟਿੱਪਣੀ ਵਿਚ ਜੋਸ਼ ਨੇ ਪ੍ਰੋ. ਕਿਸ਼ਨ ਸਿੰਘ ਦੇ ਲੇਖ ਦੀ ਚੁਸਤ ਪਰ ਕਮਜ਼ੋਰ ਵਕਾਲਤ ਕੀਤੀ ਹੈ ਜਿਹਾ ਕਿ ਪਹਿਲੇ ਹੀ ਫ਼ਿਕਰੇ ਤੋਂ ਜ਼ਾਹਿਰ ਹੈ : 'ਪ੍ਰੋ: ਕਿਸ਼ਨ ਸਿੰਘ ਦਾ ਜੱਟਵਾਦ ਬਾਰੇ ਬਹੁਤ ਹੀ ਮਹੱਤਵ-ਪੂਰਨ ਲੇਖ ਛਪਿਆ ਸੀ ।' ਇਹ ਦਰਸਾਏ ਬਗੈਰ ਕਿ ਇਹ ਲੇਖ ਕਿਵੇਂ 'ਮਹੱਤਵਪੂਰਣ' ਸੀ, ਇਸ ਬਾਰੇ ਅਜਿਹਾ ਬਿਆਨ ਦੇਣਾ ਵਕਾਲਤ ਨਹੀਂ ਤਾਂ ਹੋਰ ਕੀ ਹੈ ? ਇਹ ਵਕਾਲਤ ਚੁਸਤ ਇਸ ਲਈ



ਹੈ ਕਿ ਪ੍ਰੋ: ਸਾਹਿਬ ਨੂੰ ਠੀਕ ਅਤੇ ਮੈਨੂੰ ਗਲਤ ਸਿੱਧ ਕਰਨ ਲਈ ਜੋਸ਼ ਨੇ ਬੜਾ ਲੰਮਾ ਗੇੜ ਪਾਇਆ ਹੈ ਅਤੇ ਮੇਰੀਆਂ ਕਹੀਆਂ ਗੱਲਾਂ ਦੇ ਗਲਤ ਅਰਥ ਕੱਢੇ ਹਨ ।''

ਜੇਕਰ ਗੰਭੀਰ ਦਲੀਲਬਾਜ਼ੀ ਐਨਾ ਸਿੱਧਾ ਮਸਲਾ ਹੋਵੇ ਤਾਂ ਕੀ ਮੈਂ ਇਹ ਨਹੀਂ ਕਹਿ ਸਕਦਾ ਕਿ ਹਲਵਾਰਵੀ ਨੇ ਮੇਰੇ ਵਿਚਾਰਾਂ ਅਤੇ ਮੋਟਿਵਜ਼ ਦੇ ਗਲਤ ਅਰਥ ਕੱਢੇ ਹਨ ? ਕੀ ਹਲਵਾਰਵੀ ਦੀ ਇਹੀ ਟਿੱਪਣੀ ਇਸ ਦਾ ਸਬੂਤ ਨਹੀਂ ਹੈ ? ਜੇਕਰ ਇੰਜ ਹੀ ਮੇਹਣੇ ਦੇਣੇ ਹਨ ਤਾਂ ਬਹਿਸ ਠੀਕ ਵਿਚਾਰਾਂ 'ਤੇ ਫ਼ੋਕਸ ਕਿਵੇਂ ਹੋਵੇਗੀ ? ਉਪਰ ਪੁੱਛਿਆ ਸਵਾਲ ਕਿ ਕਿਸ਼ਨ ਸਿੰਘ ਦਾ ਉਹ ਲੇਖ ਕਿਉਂ ਮਹੱਤਵਪੂਰਨ ਸੀ ਸਾਰੀ ਰਾਤ ਰਮਾਇਣ ਦੀ ਕਥਾ ਕਰਨ ਉਪਰੰਤ ਅੰਮ੍ਰਿਤ ਵੇਲੇ ਪੁਛਿਆ ਗਿਆ ਸਵਾਲ ਹੈ । ਇਸੇ ਮਹੱਤਵ ਨੂੰ ਦਰਸਾਉਣ ਤੋਂ ਇਲਾਵਾ ਭਲਾ ਪ੍ਰੋ. ਕਿਸ਼ਨ ਸਿੰਘ ਦੇ ਉਸ ਲੇਖ ਵਿਚ ਹੋਰ ਕੀ ਸੀ ? ਇਥੇ ਫੇਰ ਇਸ ਮਹੱਤਵ ਨੂੰ ਇਕ ਸੱਤਰ ਵਿਚ ਦਸਿਆ ਜਾ ਸਕਦਾ ਹੈ : ਜਾਤ ਪਾਤ (ਜੱਟਊਪੁਣਾ) ਲੁੱਟੀਂਦੀਆਂ ਜਮਾਤਾਂ ਦੀ ਸਫ਼ਬੰਦੀ ਨੂੰ ਕਿਵੇਂ ਖੁਦੇੜਦੀ ਹੈ ਤੇ ਕਿਵੇਂ ਇਸ ਵਿਰੁਧ ਲੜੇ ਬਿਨਾਂ ਲੁਟੀਂਦੀਆਂ ਜਮਾਤਾਂ ਦੀ ਮੁਕਤੀ ਦਾ ਰਾਹ ਖੁਲ੍ਹ ਨਹੀਂ ਸਕਦਾ ।

ਪਰ ਹਲਵਾਰਵੀ ਦੀ ਦਲੀਲ਼ ਪਿਛੇ ਛੁਪੀ ਘੁਣਤਰਬਾਜ਼ੀ ਇਹ ਹੈ ਕਿ ਜੋਸ਼ ਨੇ ਅੰਨ੍ਹੇਵਾਹ ਕਿਸ਼ਨ ਸਿੰਘ ਦੀ (ਨਾ ਕਿ ਉਸ ਦੇ ਵਿਚਾਰਾਂ ਦੀ, ਹਲਵਾਰਵੀ ਲਈ ਤਾਂ ਉਹ ਹਨ ਹੀ ਨਹੀਂ) ਵਕਾਲਤ ਕੀਤੀ ਹੈ । ਹਲਵਾਰਵੀ ਨੇ ਇਹ ਗੱਲ ਮੈਨੂੰ ਮੇਹਣੇ ਵਜੋਂ ਰੜਕਾਉਣ ਦਾ ਯਤਨ ਕੀਤਾ ਹੈ । ਪਰ ਮੈਂ ਇਸ ਗੱਲ ਨੂੰ ਮੇਹਣਾ ਨਹੀਂ ਸਮਝਦਾ ਕਿਉਂਕਿ ਮੈਂ ਦੂਜੇ ਬੁਧੀਜੀਵੀਆਂ ਦੇ ਉਨ੍ਹਾਂ ਵਿਚਾਰਾਂ ਦੀ ਵਕਾਲਤ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਤੋਂ ਮੈਂ ਖ਼ੁਦ ਕਾਇਲ ਹੋਵਾਂ । ਪੰਜਾਬੀ ਸਭਿਆਚਾਰਕ ਪ੍ਰਸੰਗ ਵਿਚ ਜਾਤ ਪਾਤ ਦੇ ਮਸਲੇ ਸੰਬੰਧੀ ਪ੍ਰੋ: ਕਿਸ਼ਨ ਸਿੰਘ ਦੀ ਜੱਟਊਪੁਣੇ ਬਾਰੇ ਮੂਲ ਧਾਰਨਾ ਨੂੰ ਮੈਂ ਠੀਕ ਸਵੀਕਾਰ ਕਰਦਾ ਹਾਂ ਤੇ ਇਸ ਉਪਰ ਅੱਗੇ ਬਹਿਸ ਫੋਕਸ ਕਰਨ ਦੀ ਸ਼ਰ੍ਹੇਆਮ ਵਕਾਲਤ ਕਰਦਾ ਹਾਂ । ਆਖ਼ਰ ਹਰਭਜਨ ਹਲਵਾਰਵੀ ਕਿਸ ਦੀ ਵਕਾਲਤ ਕਰਦਾ ਹੈ ? ਆਪਣੇ ਮੌਲਿਕ ਇਤਰਾਜ਼ਾਂ ਦੀ ? ਜੇਕਰ ਮੈਨੂੰ ਮੌਕਾ ਮਿਲਿਆ ਤਾਂ ਹੋ ਸਕਦਾ ਹੈ ਕਿ ਮੈਂ ਪ੍ਰੋ: ਕਿਸ਼ਨ ਸਿੰਘ ਤੋਂ ਇਲਾਵਾ ਪੰਜਾਬੀ ਸਾਹਿਤ ਜਗਤ ਦੇ ਤਿੰਨ ਹੋਰ ਵਿਦਵਾਨਾਂ ਸੇਖੋਂ, ਅਤਰ ਸਿੰਘ ਤੇ ਡਾ: ਹਰਭਜਨ ਸਿੰਘ ਦੇ ਉਨ੍ਹਾਂ ਕੁਝ ਕੁ ਵਿਚਾਰਾਂ ਦੀ ਵਕਾਲਤ ਕਰਾਂ ਜਿਹੜੇ ਮੇਰੀ ਸਮਝ ਅਨੁਸਾਰ ਮਹੱਤਵਪੂਰਨ ਹਨ ।

ਸਾਡੀ ਬਦਕਿਸਮਤੀ ਇਹ ਨਹੀਂ ਕਿ ਅਸੀਂ ਦੂਸਰਿਆਂ ਦੀ ਵਕਾਲਤ ਕਰਦੇ ਹਾਂ, ਸਗੋਂ ਇਹ ਹੈ ਕਿ ਬਹੁਤੀ ਵੇਰ ਸਾਡੇ ਵਿਚ ਅਜਿਹਾ ਕਰਨ ਦੀ ਨਾ ਤਾਂ ਲੋੜੀਂਦੀ ਯੋਗਤਾ ਹੀ ਹੁੰਦੀ ਹੈ ਤੇ ਨਾ ਹੀ ਨਿਮਰਤਾ ।

ਬਸ ਇਕ ਮਾਮੂਲੀ ਜਿਹੀ ਗੱਲ ਹੋਰ । ਹਲਵਾਰਵੀ ਲਿਖਦਾ ਹੈ : ''ਟੂਕ ਵਰਤਣ ਦੀ ਗੁਸਤਾਖੀ ਦਾ ਕੇਵਲ ਮੈਂ ਹੀ ਦੋਸ਼ੀ ਨਹੀਂ । ਜੋਸ਼ ਨੇ ਖੁਦ ਆਪਣੇ 18 ਲੇਖਾਂ (ਜਿੰਨ੍ਹਾਂ ਦਾ ਜ਼ਿਕਰ ਉਸ ਨੇ ਮੇਰੇ ਵਿਰੁਧ ਗੁੱਸਾ ਕੱਢਣ ਲਈ ਕੀਤਾ ਹੈ) ਵਿਚ ਵੀ ਬਹੁਤ ਸਾਰੀਆਂ ਟੂਕਾਂ ਵਰਤੀਆਂ ਹਨ...ਕੀ ਟੂਕ ਦੀ ਵਰਤੋਂ ਮੇਰੇ ਲਈ ਹੀ ਵਰਜਿਤ ਹੈ ?'' ਪਹਿਲੀ ਗੱਲ ਤਾਂ ਇਹ ਕਿ ਮੈਂ ਇਨ੍ਹਾਂ ਲੇਖਾਂ ਦਾ ਜ਼ਿਕਰ 'ਗੁੱਸਾ ਕੱਢਣ' ਲਈ ਨਹੀਂ ਸੀ ਕੀਤਾ । ਐਵੇਂ ਦੂਸਰਿਆਂ ਦੀ ਹਰ ਗੱਲ 'ਤੇ ਸ਼ੱਕ ਕਰ ਕੇ, ਹੋਰ ਦੇ ਹੋਰ ਮੋਟਿਵ ਉਨ੍ਹਾਂ ਨੂੰ ਪਰਦਾਨ ਕਰਨਾ ਚੰਗੀ ਗੱਲ ਨਹੀਂ । ਇਹ ਖਾਹਮਖਾਹ ਦੁਫੇੜ ਪਾਉਣ ਵਾਲੀ ਗੱਲ ਹੈ । ਕੀ ਮੈਂ ਟੂਕਾਂ ਵਰਤਣ ਦੇ ਅੰਨ੍ਹੇ-ਵਾਹ ਖਿਲਾਫ ਹਾਂ ? ਹਰਗਿਜ਼ ਨਹੀਂ । ਲੋੜੀਂਦੀਆਂ ਟੂਕਾਂ ਸਗੋਂ ਕਈ ਵੇਰ ਮਸਲੇ ਨੂੰ ਲਮਕਾਇਆਂ ਬਗੈਰ ਉਸ ਨੂੰ ਹੱਲ ਕਰਨ ਵਿਚ ਮਦਦ ਕਰਦੀਆਂ

ਹਨ। ਭਲਾ ਹਲਵਾਰਵੀ ਵਲੋਂ ਵਰਤੀ ਲੈਨਿਨ ਦੀ ਇਹ ਟੂਕ, 'ਕੁਝ ਲੋਕ ਮਾਰਕਸਵਾਦ 'ਤੇ ਖੜ੍ਹਦੇ ਨਹੀਂ ਸਗੋਂ ਲੰਮੇ ਪੈ ਜਾਂਦੇ ਹਨ' ਕਿਹੜੇ ਸਿਧਾਂਤਕ ਮਸਲੇ ਨੂੰ ਸਮਝਾਉਂਦੀ ਹੈ ? ਦੂਸਰੇ ਦਾ ਮਜ਼ਾਕ ਉਡਾਉਣ ਦੀ, ਕੀ ਮੈਂ ਹਰਭਜਨ ਵਾਂਗ ਆਖਾਂ, ਉਸ ਨੇ 'ਚੁਸਤ ਪਰ ਕਮਜ਼ੋਰ' ਕੋਸ਼ਿਸ਼ ਕੀਤੀ ਹੈ ?

ਬਹਿਸ ਦਾ ਮੁੱਦਾ ਕੀ ਹੈ ? ਦੋ ਵਿਚਾਰ ਉਭਰ ਕੇ ਸਾਹਮਣੇ ਆਏ ਹਨ। ਪ੍ਰੋ: ਕਿਸ਼ਨ ਸਿੰਘ ਦਾ ਵਿਚਾਰ ਹੈ : ਜੱਟਊਪੁਣੇ ਦੀ ਵਿਚਾਰਧਾਰਾ ਦਾ ਅਸਲਾ ਅੱਜ ਬੁਰਜਵਾ ਹੈ। ਇਹ ਆਪਣੀ ਚੜ੍ਹਤ ਵਿਚ ਹੈ। ਹਲਵਾਰਵੀ ਦਾ ਵਿਚਾਰ ਹੈ : ਜਾਤ ਪਾਤ ਪ੍ਰਣਾਲੀ ਬੁਰਜਵਾ ਸਿਸਟਮ ਦੀ ਦੇਣ ਨਹੀਂ ਸਗੋਂ ਜਾਗੀਰੂ ਢਾਂਚੇ ਦੀ ਰਹਿੰਦ-ਖੂੰਹਦ ਹੈ। ਇਕ ਮਾਰਕਸਵਾਦੀ ਦਾ ਕੰਮ ਇਹ ਜਾਣਨਾ ਹੈ ਕਿ ਕਿਹਨਾਂ ਕਾਰਨਾਂ ਕਰਕੇ ਇਹ ਰਹਿੰਦ-ਖੂੰਹਦ ਅਜੇ ਕਾਇਮ ਹੈ। ਮਸਲੇ ਪ੍ਰਤੀ ਪਹੁੰਚ-ਵਿਧੀ ਦੇ ਇਹ ਦੋ ਨੁਕਤੇ (**Points of departure**) ਹਨ। ਅਜੋਕੇ ਪ੍ਰਸੰਗ ਵਿਚ ਜਾਤ-ਪਾਤ ਦੇ ਮਸਲੇ ਸੰਬੰਧੀ ਅਨੇਕਾਂ ਸਵਾਲਾਂ ਦੇ ਜਵਾਬ ਦੇਣੇ ਪੈਣਗੇ, ਬਹੁਤ ਸਾਰੇ ਧੁੰਧਲੇ ਵਿਚਾਰ ਸਪਸ਼ਟ ਕਰਨੇ ਪੈਣਗੇ। ਪਰ ਇਹ ਸਵਾਲ ਤੇ ਮਸਲੇ ਕਿਹੋ ਜੇਹੇ ਹੋਣਗੇ—ਇਹ ਇਸ ਗੱਲ ਉਪਰ ਨਿਰਭਰ ਹੋਵੇਗਾ ਕਿ ਸਾਡੀ ਪਹੁੰਚ-ਵਿਧੀ ਦਾ ਉਪਰਲਿਆਂ ਵਿਚੋਂ ਕਿਹੜਾ ਨੁਕਤਾ ਸ਼ੁਰੂਆਤ ਦਾ ਕੇਂਦਰ ਬਣੇਗਾ।

—ਭਗਵਾਨ ਸਿੰਘ ਜੋਸ਼

* **ਖੋਤੀ ਬੋਹੜ ਥੱਲੇ** : ਸੇਧ ਦੇ ਨਵੰਬਰ '79 ਅੰਕ ਵਿਚ ਮੈਂ ਵਾਦ ਅਤੇ ਵਿਧੀ ਦੇ ਅੰਤਰ-ਸਬੰਧ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਸੀ। ਸਮਾਜਕ ਪ੍ਰਸੰਗ ਵਿਚ ਵਾਦ ਉਸ ਦਰਸ਼ਨ ਨੂੰ ਹੀ ਕਿਹਾ ਜਾਂਦਾ ਹੈ, ਜਿਹੜਾ ਚੰਗੇ ਜਾਂ ਮਾੜੇ ਢੰਗ ਨਾਲ ਸਮਾਜਕ ਜ਼ਿੰਦਗੀ ਨੂੰ ਸਾਂਚਣ, ਤਰਾਸ਼ਣ ਤੇ ਨਿਖਾਰਨ ਵਿਚ ਸਹਾਈ ਹੋਵੇ। ਵਾਦ ਹਮੇਸ਼ਾਂ ਲੋਕਾਂ ਦੀ ਸਮਾਜਕ ਅਤੇ ਮਾਨਸਿਕ ਜ਼ਿੰਦਗੀ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਵਾਦ ਮਨੁੱਖ ਨੂੰ ਜਿਉਣ ਦਾ ਢੰਗ ਦਿੰਦਾ ਹੈ। ਇਸ ਕਰਕੇ ਵਾਦ ਮਨੁੱਖ ਦੀ ਸਮਾਜਕ ਅਤੇ ਮਾਨਸਿਕ ਲੋੜ ਹੈ। ਹਰ ਵਾਦ ਦਾ ਸੰਕਲਪ ਸਮਾਜਕ ਪ੍ਰਸਥਿਤੀਆਂ 'ਚੋਂ ਜਨਮ ਲੈਂਦਾ ਹੈ ਤੇ ਮੁੜ ਇਨ੍ਹਾਂ ਪ੍ਰਸਥਿਤੀਆਂ 'ਤੇ ਅਸਰਗਤ ਹੁੰਦਾ ਹੈ। ਵਾਦ ਮਨੁੱਖ ਦੀ ਲੋਚਾ ਹੈ ਅਤੇ ਵਿਧੀ ਉਸ ਅਨੁਸਾਰ ਸੰਸਾਰ ਨੂੰ ਸਮਝਣ ਤੇ ਬਦਲਣ ਦਾ ਢੰਗ। ਵਿਧੀ ਆਪਣੇ ਆਪ ਵਿਚ ਕੁਝ ਨਹੀਂ ਜੇਕਰ ਉਹ ਕਿਸੇ ਵਾਦ ਨਾਲ ਨਹੀਂ ਜੁੜੀ ਹੋਈ। ਜਿਸ ਤਰ੍ਹਾਂ ਰਾਹ ਦੇ ਕੋਈ ਅਰਥ ਨਹੀਂ ਜੇਕਰ ਉਹ ਕਿਸੇ ਮੰਜ਼ਲ 'ਤੇ ਨਹੀਂ ਪਹੁੰਚਦਾ। ਭਾਸ਼ਾ ਦੇ ਕੋਈ ਅਰਥ ਨਹੀਂ ਜੇਕਰ ਉਹ ਕਿਸੇ ਭਾਵ ਨੂੰ ਨਹੀਂ ਪਰਗਟਾਉਂਦੀ। ਹਰ ਵਿਧੀ ਦੀ ਉਸਾਰੀ ਵਾਦ ਦੀ ਲੋਚਾ ਅਨੁਸਾਰ ਕੀਤੀ ਜਾਂਦੀ ਹੈ।

ਜੇਕਰ ਕੈਰੋਂ ਸਾਹਿਬ ਉਪਰੋਕਤ ਸਬੰਧ ਤੋਂ ਜਾਣੂ ਹੁੰਦੇ ਤਾਂ ਸ਼ਾਇਦ ਉਹਨਾਂ ਨੂੰ ਇਹ ਕਹਿਣ ਦੀ ਲੋੜ ਨਾ ਪੈਂਦੀ "ਕਿ ਕੋਈ ਵੀ ਸੰਰਚਨਾਵਾਦੀ ਹਰਾ ਜਾਂ ਲਾਲ ਨਹੀਂ ਹੁੰਦਾ। ਇਹ ਤਾਂ ਇੰਜ ਹੀ ਹੈ ਜਿਵੇਂ ਕੋਈ ਰਸਾਇਣ-ਵਿਗਿਆਨੀ ਨੂੰ ਕਹੇ ਕਿ ਪਾਣੀ ਦੀ ਸੰਰਚਨਾ ਕਿਹੜੇ ਤਤਾਂ ਤੋਂ ਬਣਦੀ ਹੈ ਤਾਂ ਉਸ ਦਾ ਜਵਾਬ ਹੋਵੇ $H_2O$ ਅਮਰੀਕਾ ਵਿਚ ਹਰਿਆ ਪਾਣੀ ਅਤੇ $HO_2$ ਰੂਸ ਵਿਚ ਲਾਲ ਪਾਣੀ।" (ਸੇਧ, ਜੂਨ ਅੰਕ) ਮਿਤਰ ਜੀ, ਰਸਾਇਣ-ਵਿਗਿਆਨੀ ਦੀ ਗੱਲ ਛਡੋ। ਜਿਸ ਵਿਅਕਤੀ ਨੂੰ ਭੌਤਿਕਵਾਦ ਦਾ ਮਾੜਾ ਮੋਟਾ ਵੀ ਇਲਮ ਹੈ ਉਹ ਵੀ ਇਹੋ ਜਿਹਾ ਉਤਰ ਨਹੀਂ ਦੇਵੇਗਾ। ਖ਼ਬਰੇ ਤੁਹਾਨੂੰ ਇਹ ਗੱਲ ਕਿਵੇਂ 'ਔਹੜ' ਗਈ ? ਖੈਰ, ਇੰਜ ਕਰੋ ਜੇ ਤੁਸੀਂ ਲਾਲ ਅਤੇ ਹਰੇ ਸੰਰਚਨਾਵਾਦੀ ਵਿਚਕਾਰ ਅੰਤਰ ਜਾਣਨਾ ਚਾਹੁੰਦੇ



ਹੋ, ਤਾਂ ਪਹਿਲਾਂ ਵਾਦ ਅਤੇ ਵਿਧੀ ਦੇ ਅਟੁੱਟ ਸਬੰਧ ਬਾਰੇ ਜਾਣਕਾਰੀ ਪ੍ਰਾਪਤ ਕਰੋ ਤੇ ਫਿਰ ਕੱਚ ਦੇ ਦੋ ਬਰਤਨ ਲਵੋ। ਇਕ ਹਰੇ ਰੰਗ ਦਾ ਅਤੇ ਦੂਸਰਾ ਲਾਲ ਰੰਗ ਦਾ। ਦੋਹਾਂ ਨੂੰ ਕੋਲੋ ਕੋਲ ਰਖ ਲਵੋ। ਫਿਰ ਦੋਹਾਂ ਨੂੰ ਪਾਣੀ ਨਾਲ ਕੰਢਿਆਂ ਤਕ ਭਰ ਲਵੋ। ਫਿਰ ਆਪ ਹੀ ਵੇਖੋ (ਅਤੇ ਆਪਣੇ ਮਿੱਤਰਾਂ ਨੂੰ ਵੀ ਵਿਖਾਉ) ਕਿ ਪਾਣੀ ਕਿਹੜੇ ਰੰਗ ਦਾ ਦਿਸਦਾ ਹੈ। ਫਿਰ ਥੋੜੀ ਜਿਹੀ ਖੇਚਲ ਹੋਰ ਕਰਿਆ ਜੇ। ਕੱਚ ਦੇ ਦੋ ਬੇਰੰਗ ਬਰਤਨ ਲੈ ਕੇ ਉਹਨਾਂ ਨੂੰ ਕੰਢਿਆਂ ਤਕ ਪਾਣੀ ਨਾਲ ਭਰ ਲਵੋ। ਫਿਰ ਇਕ ਵਿਚ ਹਰਾ ਰੰਗ ਪਾ ਦੇਣਾ ਤੇ ਦੂਸਰੇ ਵਿਚ ਲਾਲ। ਫਿਰ ਵੇਖਣਾ ਅਤੇ ਆਪਣੇ ਮਿੱਤਰਾਂ ਨੂੰ ਵਿਖਾਉਣਾ ਕਿ ਬਰਤਨਾਂ ਦਾ ਕਿਹੜਾ ਕਿਹੜਾ ਰੰਗ ਦਿਖਾਈ ਦਿੰਦਾ ਹੈ।

ਸ਼ਾਇਦ ਇਸ ਤਜਰਬੇ ਰਾਹੀਂ ਤੁਹਾਨੂੰ ਵਾਦ ਅਤੇ ਵਿਧੀ ਦੇ ਅੰਤਰ ਦੀ ਸਮਝ ਆ ਜਾਵੇ। ਉਹ ਵਿਧੀ ਜਿਹੜੀ ਕਿਸੇ ਵਾਦ ਨਾਲ ਨਹੀਂ ਜੁੜੀ ਹੁੰਦੀ, ਬੇਰੰਗ ਪਾਣੀ ਦੀ ਤਰ੍ਹਾਂ ਹੈ। ਉਸ ਨੂੰ ਜਿਹੋ ਜਿਹੇ ਭਾਂਡੇ ਵਿਚ ਪਾਉਗੇ ਉਹੋ ਜਿਹੇ ਰੰਗ ਦੀ ਹੀ ਉਹ ਭਾਹ ਮਾਰੇਗੀ। ਦੂਸਰੇ ਹੱਥ, ਵਾਦ ਰੰਗ ਦੀ ਤਰ੍ਹਾਂ ਹੈ ਜਿਹੜਾ ਆਪਣੀ ਵਿਧੀ ਰਾਹੀਂ ਭਾਂਡੇ ਨੂੰ ਵੀ ਰੰਗ ਚਾੜ੍ਹ ਦਿੰਦਾ ਹੈ। ਜੇਕਰ ਕੋਈ ਅਧਿਆਤਮਵਾਦੀ ਸੰਰਚਨਾਵਾਦੀ 'ਵਿਧੀ' ਰਾਹੀਂ ਸਭਿਆਚਾਰ ਦਾ ਵਿਸ਼ਲੇਸ਼ਣ ਕਰੇਗਾ ਤਾਂ ਉਸ ਨੂੰ ਇਸ ਵਿਚੋਂ 'ਅਨਹਦ ਨਾਦ' ਸੁਣਾਈ ਦੇਵੇਗਾ। ਕਾਮੀ ਸੰਰਚਨਾਵਾਦੀ ਨੂੰ ਇਸ ਵਿਧੀ ਦੁਆਰਾ ਸ਼ਿਵ ਲਿੰਗ ਤੇ ਯੋਨੀ ਹੀ ਨਜ਼ਰ ਆਉਣਗੇ। ਜਿਸ ਵਿਧੀ ਦਾ ਕਿਸੇ ਵਾਦ ਨਾਲ ਸਬੰਧ ਨਹੀਂ ਉਹ ਸਿਰਫ਼ **distorted reality** ਹੀ ਪੇਸ਼ ਕਰੇਗੀ।

ਵਿਧੀ ਅਤੇ ਵਾਦ ਦੇ ਅੰਤਰ ਸਬੰਧਾਂ ਦੀ ਸਪੱਸ਼ਟਤਾ ਨਾ ਹੋਣ ਕਰਕੇ ਅਤੇ ਮਨਸ਼ਾ ਧੁੰਦਲਾ ਹੋਣ ਕਰਕੇ ਕੈਰੋਂ ਸਾਹਿਬ ਰੈਡੀਮੇਡ ਫਾਰਮੂਲਿਆਂ 'ਚ ਬੁਰੀ ਤਰ੍ਹਾਂ ਉਲਝ ਕੇ ਰਹਿ ਗਏ ਹਨ। ਸੁਰਜੀਤ ਲੀ ਦੇ ਲੇਖ ਉਪਰ ਟਿਪਣੀ ਕਰਦਿਆਂ ਮੈਂ ਇਹ ਨਿਰਣਾ ਦਿਤਾ ਸੀ ਕਿ ਕਿਸੇ ਵੀ **ਕਿਉਂ** ਦਾ ਉੱਤਰ ਸੰਰਚਨਾਵਾਦੀਆਂ ਪਾਸ ਨਹੀਂ। ਪਰ ਕੈਰੋਂ ਸਾਹਿਬ ਕਹਿੰਦੇ ਹਨ "ਇਸ ਕਿਉਂ ਦਾ ਉਤਰ ਸਾਡੇ ਪਾਸ ਹੈ ਅਤੇ ਸੰਖੇਪ ਰੂਪ ਵਿਚ ਹੁਣੇ ਹੀ ਪੇਸ਼ ਕੀਤਾ ਜਾਵੇਗਾ।"

"ਬਹੁਤੇ ਵਿਸਥਾਰ ਵਿਚ ਨਾ ਜਾਂਦੇ ਹੋਏ ਜੇਕਰ ਅਸੀਂ ਇਹਨਾਂ ਦੋਹਾਂ 'ਜੋਗੀ' ਅਤੇ 'ਚਰਖੇ' ਸੰਗਿਆਂ ਨੂੰ **A** ਅਤੇ **B** ਨਾਲ ਸੰਬੋਧਨ ਕਰ ਲਈਏ ਤਾਂ ਅਸੀਂ ਇਸ ਨੂੰ ਇਕ ਸੂਤਰ ਵਿਚ ਬੰਨ੍ਹ ਸਕਣ ਦੇ ਯੋਗ ਹੋ ਜਾਵਾਂਗੇ।"

ਇਸ ਤੋਂ ਬਾਅਦ ਕੈਰੋਂ ਸਾਹਿਬ ਨੇ ਕਾਰਜ ਦੀ ਮਹਾਨਤਾ ਦਰਸਾਉਣ ਵਾਲਾ ਸੂਤਰ ਛਡਿਆ ਹੈ। ਕੈਰੋਂ ਸਾਹਿਬ ਪੰਜਾਬ ਦੀ ਸਮਾਜਕ ਚੇਤਨਤਾ ਦਾ ਦੀਵਾਲਾ ਨਿਕਲ ਗਿਆ ਭਾਲਦੇ ਨੇ। ਕੀ ਕਾਰਜ ਦੀ ਮਹਾਨਤਾ ਵੀ ਹੁਣ ਸੂਤਰਾਂ ਨਾਲ ਹੀ ਲੱਭੀ ਜਾਇਆ ਕਰੇਗੀ ? ਇਹ ਤਾਂ ਸ਼ੇਖ ਚਿੱਲੀ ਵਾਲੀਆਂ ਗੱਲਾਂ ਨੇ ਕਿ ਜੇਕਰ ਬਗਲਾ ਫੜਨਾ ਹੋਵੇ ਤਾਂ ਉਸ ਦੀ ਸਿਰੀ 'ਤੇ ਮੋਮ ਧਰਨਾ ਚਾਹੀਦਾ ਹੈ। ਧੁਪ ਨਾਲ ਮੋਮ ਪਿਘਲ ਕੇ ਉਸ ਦੀਆਂ ਅੱਖਾਂ ਵਿਚ ਪੈ ਜਾਵੇਗਾ ਤੇ ਫਿਰ ਉਹ ਫੜਿਆ ਜਾ ਸਕਦਾ ਹੈ।

ਹਰ ਵਿਧੀ ਦੀ ਕੋਈ ਨਾ ਕੋਈ ਮਰਯਾਦਾ ਹੁੰਦੀ ਹੈ। ਜੋ ਬੰਦਾ ਉਸ ਵਿਧੀ ਨੂੰ ਅਪਣਾਉਂਦਾ ਹੈ ਉਸ ਦਾ ਘਟੋ ਘਟ ਇਹ ਫਰਜ਼ ਬਣਦਾ ਹੈ ਕਿ ਉਹ ਉਸ ਵਿਧੀ ਦੀ ਮਰਯਾਦਾ ਨੂੰ ਕਾਇਮ ਰਖੇ। ਕੈਰੋਂ ਸਾਹਿਬ ਹੇਠ ਲਿਖਿਆ ਵਿਰੋਧ ਸਥਾਪਤ ਕਰਦੇ ਹਨ। **ਜੋਗੀ : ਚਰਖੇ ਦੀ ਘੂਕ : : ਚੜ੍ਹਨ : ਲਾਹੁਣ।**

ਕੈਰੋਂ, ਸਾਹਿਬ ਸੰਰਚਨਾਵਾਦ ਇਹ ਨਹੀਂ ਕਹਿੰਦਾ ਕਿ ਮਨ-ਭਾਉਂਦੇ ਢੰਗ ਨਾਲ ਵਿਰੋਧਤਾਵਾਂ ਸਥਾਪਤ ਕਰੀ ਜਾਉ। 'ਚੜ੍ਹਨ' ਦਾ ਵਿਰੋਧ 'ਲਹਿਣ' ਨਾਲ ਹੁੰਦਾ ਹੈ ਲਾਹੁਣ ਨਾਲ ਨਹੀਂ। ਚਾੜ੍ਹਨ ਦਾ ਵਿਰੋਧ ਲਾਹੁਣ ਨਾਲ ਹੁੰਦਾ ਹੈ। ਚੜ੍ਹਨ ਦਾ ਲਾਹੁਣ ਨਾਲ ਵਿਰੋਧ ਨਹੀਂ ਬਣਦਾ। ਜੇ ਵਿਰੋਧ ਨਹੀਂ ਤਾਂ ਇਹਨਾਂ ਦਾ ਆਪਸ ਵਿਚ ਰਿਸ਼ਤਾ ਵੀ ਨਹੀਂ। ਇਸ ਤਰ੍ਹਾਂ ਗਲਤ ਵਿਰੋਧ-ਤਾਵਾਂ ਸਥਾਪਤ ਕਰਨਾ ਇਹ ਦਸਦਾ ਹੈ ਕਿ ਤੁਹਾਡਾ ਸੰਰਚਨਾਵਾਦ ਵਲੋਂ ਵੀ ਹੱਥ ਤੰਗ ਹੀ ਹੈ।

ਖੋਤੀ ਵਾਲੇ ਮੁਹਾਵਰੇ ਤੋਂ ਬਿਨਾਂ ਸੰਰਚਨਾਵਾਦੀਆਂ ਨੂੰ ਆਪਣੀ ਔਕਾਤ ਦਾ ਪਤਾ ਲਗਣਾ ਮੁਸ਼ਕਲ ਸੀ। ਮੈਨੂੰ ਆਸ ਹੈ ਕਿ ਲੋਕਯਾਨ 'ਵਿਗਿਆਨੀ' ਹੋਣ ਦੇ ਨਾਤੇ ਕੈਰੋਂ ਸਾਹਿਬ ਇਹ ਮੰਨਣ ਵਿਚ ਸ਼ਰਮ ਮਹਿਸੂਸ ਨਹੀਂ ਕਰਨਗੇ ਕਿ ਮੁੜ ਘਿੜ ਖੋਤੀ ਬੋਹੜ ਥੱਲੇ ਵਾਲਾ ਮੁਹਾਵਰਾ ਲੋਕ-ਯਾਨ ਦਾ ਰੂਪ ਹੈ। ਮੈਂ ਆਪ ਇਹ ਨਹੀਂ ਘੜਿਆ।

ਕਾਰਜ ਦੀ ਮਹਾਨਤਾ ਦਰਸਾਉਣ ਵਾਲਾ 'ਸੂਤਰ' ਕੈਰੋਂ ਸਾਹਿਬ ਨੇ ਦਸ ਹੀ ਦਿਤਾ ਹੈ। ਹੁਣ ਕੈਰੋਂ ਸਾਹਿਬ ਅਨੁਸਾਰ ਇਸ ਮੁਹਾਵਰੇ ਨੂੰ ਇਸ ਤਰ੍ਹਾਂ ਸੂਤਰ ਵਿਚ ਬੰਨ੍ਹਿਆ ਜਾ ਸਕਦਾ ਹੈ।

ਖੋਤੀ : ਬੋਹੜ :: ਜਾਣਾ : ਆਉਣਾ

**A : B :: x : y**

ਖੋਤੀ ਦਾ ਬੋਹੜ ਨਾਲ ਉਹੋ ਜਿਹਾ ਹੀ ਰਿਸ਼ਤਾ ਹੈ ਜਿਹੋ ਜਿਹਾ ਆਉਣ ਦਾ ਜਾਣ ਨਾਲ। ਮਿਰਾਂਡਾ ਦਾ ਸੂਤਰ ਇਹ ਵੀ ਦਸੇਗਾ ਕਿ ਖੋਤੀ ਦਾ ਬੋਹੜ ਥਲੇ ਵਾਪਸ ਆਉਣ ਦਾ 'ਕਰਤਵ' ਮਹਾਨ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਸੰਰਚਨਾਵਾਦੀ ਦਾ ਆਪਣੀ ਮੁਢਲੀ ਥਾਂ 'ਤੇ ਆਉਣ ਦਾ 'ਕਰਤਵ' ਵੱਡਾ ਹੈ। ਕੈਰੋਂ ਸਾਹਿਬ, ਖੋਤੀ ਬੋਹੜ ਥਲਿਓਂ ਉਨ੍ਹੀ ਦੇਰ ਨਹੀਂ ਹਿਲਦੀ ਜਿੰਨ੍ਹੀ ਦੇਰ ਉਸ ਦੇ ਟੰਬੇ ਨਾ ਪੈਣ। ਨਾ ਹੀ ਉਨੀਂ ਦੇਰ ਵਾਪਸ ਆਉਂਦੀ ਹੈ ਜਿੰਨੀ ਦੇਰ ਟੰਬੇ ਵਾਲਾ ਉਥੇ ਖਲੋਤਾ ਰਵ੍ਹੇ। ਇਸ ਤਰ੍ਹਾਂ ਖੋਤੀ ਦੇ ਬੋਹੜ ਹੇਠ ਆਉਣ ਤੇ ਜਾਣ ਨੂੰ ਬੋਹੜ ਹੇਠਲੀਆਂ ਪ੍ਰਸਥਿਤੀਆਂ ਨਿਰਧਾਰਤ ਕਰਦੀਆਂ ਹਨ। ਇਸੇ ਤਰ੍ਹਾਂ ਜੋਗੀ ਦਾ ਪਹਾੜ 'ਤੇ ਚੜ੍ਹਨਾ, ਉਤਰਨਾ ਸਮਾਜਕ ਯਥਾਰਥ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਜੋਗੀ ਸਮਾਜਕ ਯਥਾਰਥ ਤੋਂ ਭਗੋੜਾ ਹੈ। ਉਹ ਸਮਾਜਕ ਪ੍ਰਸਥਿਤੀਆਂ ਦਾ ਸਾਹਮਣਾ ਨਹੀਂ ਕਰ ਸਕਦਾ। ਉਹ ਲੋੜ ਅਤੇ ਆਜ਼ਾਦੀ ਦਾ ਦਵੰਦ ਆਜ਼ਾਦੀ ਦੇ ਹੱਕ ਵਿਚ ਉਲਾਰ ਹੋ ਕੇ ਹਲ ਕਰਦਾ ਹੈ।

ਜਿੰਦਗੀ ਵਿਚ ਅਥਾਹ ਅਨੰਦ ਹੈ। ਮਨੁੱਖ ਦੀ ਇਸ ਅਨੰਦ ਨੂੰ ਮਾਨਣ ਦੀ ਲੋਚਾ ਵੀ ਪਰਬਲ ਤੇ ਵਿਸ਼ਾਲ ਹੈ। ਪਰ ਮਨੁੱਖ ਇਸ ਅਨੰਦ ਨੂੰ ਉਨਾ ਹੀ ਮਾਣ ਸਕਦਾ ਹੈ ਜਿੰਨੇ ਕੁ ਦੀ ਸਮਾਜਕ ਪ੍ਰਸਥਿਤੀਆਂ ਆਗਿਆ ਦਿੰਦੀਆਂ ਹੋਣ। ਸਮਾਜ ਵਿਚ ਲੋੜ ਅਤੇ ਅਨੰਦ ਵਿਚਕਾਰ ਤਵਾਜ਼ਨ ਹੁੰਦਾ ਹੈ। ਜੋਗੀ ਇਸ ਸਮਤੋਲ ਤੋਂ ਸੰਤੁਸ਼ਟ ਨਹੀਂ।

ਮੈਨੂੰ ਆਸ ਹੈ ਕਿ ਕੈਰੋਂ ਸਾਹਿਬ ਆਪਣੀ ਇਸ ਗਲਤ-ਬਿਆਨੀ ਨੂੰ ਵੀ ਦਰੁਸਤ ਕਰਨ ਦੀ ਖੇਚਲ ਕਰਨਗੇ ਕਿ ਰੋਟੀ ਤੇ ਯੋਨੀ ਦੋ ਮੋਰੀਆਂ ਹਨ ਜਿਹਨਾਂ ਰਾਹੀਂ ਸਾਹਿਤ ਨਿਕਲ ਸਕਦਾ ਹੈ। ਭਾਈ ਸਾਹਿਬ ਇਹ ਤਾਂ ਜ਼ਿੰਦਗੀ ਦੀਆਂ ਦੋ ਲੋੜਾਂ ਹਨ। ਹਰ ਸਮਾਜ ਆਪਣੇ ਵਸੀਲਿਆਂ ਅਨੁਸਾਰ ਅਤੇ ਆਪਣੀ ਸਮਰਥਾ ਅਨੁਸਾਰ ਇਹਨਾਂ ਵਿਚੋਂ ਇਕ ਲੋੜ ਨੂੰ ਪਹਿਲ ਦਿੰਦਾ ਹੈ। ਰੋਟੀ ਦਾ ਯੋਨੀ ਨਾਲ ਉਹੋ ਸਬੰਧ ਹੈ ਜਿਹੜਾ ਚੱਕੀ ਦਾ ਚਰਖੇ ਨਾਲ ਹੈ। ਇਹ ਸਬੰਧ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ।

ਦਿਨ : ਚੱਕੀ : ਰੋਟੀ :: ਰਾਤ : ਚਰਖਾ : ਯੋਨੀ



ਜੇਕਰ ਇਤਿਹਾਸਕ ਭੌਤਿਕਵਾਦ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਖੇਚਲ ਕਰੋ ਤਾਂ ਤੁਹਾਨੂੰ ਪਤਾ ਲਗ ਸਕਦਾ ਹੈ ਕਿ ਚੱਕੀ ਨੇ ਚਰਖੇ ਨੂੰ ਜਨਮ ਦਿੱਤਾ ਹੈ ਅਤੇ ਰੋਟੀ ਨੇ ਯੋਨੀ ਨੂੰ। ਜੇਕਰ ਕਰਮ ਵਿਕਾਸ ਬਾਰੇ ਜਾਣਨ ਦਾ ਸਮਾਂ ਨਾ ਲਗੇ ਤਾਂ ਸਿਰਫ਼ ਬਾਬੇ ਆਦਮ ਵਾਲੀ ਕਹਾਣੀ ਹੀ ਘੋਖ ਕੇ ਦੇਖ ਲੈਣੀ।

ਤੱਥਾਂ ਨੂੰ ਮਰੋੜਨਾ ਦਿਆਨਤਦਾਰ ਬੰਦੇ ਦਾ ਕੰਮ ਨਹੀਂ। ਕੈਰੋਂ ਸਾਹਿਬ ਲਿਖਦੇ ਹਨ : "ਚਰਖੇ ਦੀ ਘੂਕ ਤੋਂ ਭਾਵ ਖਹਿਰਾ ਸਾਹਿਬ ਨੇ ਤਾਂ ਇਹ ਕਿਹਾ ਹੈ ਕਿ ਇਹ ਵਿਹਲੇ ਵੇਲੇ ਦਾ ਸ਼ੁਗਲ ਹੈ।" ਇਹ ਭਾਵ ਤੁਹਾਡਾ ਹੋ ਸਕਦਾ ਹੈ, ਮੇਰਾ ਨਹੀਂ। ਮੈਂ ਤਾਂ ਇਹ ਲਿਖਿਆ ਹੈ, "ਚਰਖਾ ਕਤਣਾ ਵਿਹਲੇ ਵੇਲੇ ਦਾ ਧੰਦਾ ਹੈ।" ਧੰਦਾ ਕੋਈ ਵੀ ਸ਼ੁਗਲ ਨਹੀਂ ਹੁੰਦਾ। ਹਰ ਧੰਦੇ ਦਾ ਜ਼ਿੰਦਗੀ ਵਿਚ ਕੋਈ ਨਾ ਕੋਈ ਮਹੱਤਵ ਹੁੰਦਾ ਹੈ। ਇਹ ਮਹੱਤਵ ਸਮਾਜਕ ਯਥਾਰਥ 'ਤੇ ਨਿਰਭਰ ਕਰਦਾ ਹੈ। ਸਵੇਰੇ ਉਠ ਕੇ ਚੱਕੀ ਪੀਹਣੀ ਤੇ ਰਾਤ ਨੂੰ ਚਰਖਾ ਕਤਣ ਦੀ ਮਿਹਨਤ ਵੰਡ ਮੈਂ ਆਪ ਨਹੀਂ ਕੀਤੀ। ਇਹ ਵੰਡ ਤਾਂ ਸਾਡੇ ਸਭਿਆਚਾਰ ਨੇ ਕੀਤੀ ਹੈ। ਇਹ ਅਖੌਤ "ਸੱਸੇ ਨੀ ਮੈਂ ਥੱਕੀ, ਛਡ ਚਰਖਾ ਝੋ ਚੱਕੀ" ਵੀ ਚੱਕੀ ਦੀ ਚਰਖੇ 'ਤੇ ਸਰਦਾਰੀ ਕਾਇਮ ਰਖਦੀ ਹੈ। ਇਹ ਸਮਝ ਤਾਂ ਅੰਮ੍ਰਿਤਾ ਪ੍ਰੀਤਮ ਵੀ ਰਖਦੀ ਹੈ : "ਇਸ਼ਕ ਮੁਸ਼ਕ ਦੀਆਂ ਗੱਲਾਂ ਵੇ ਬੀਬਾ ਵਿਹਲੇ ਵੇਲੇ ਦੀਆਂ ਗੱਲਾਂ।"

ਕੈਰੋਂ ਸਾਹਿਬ ਕਹਿੰਦੇ ਹਨ ਕਿ ਚਰਖੇ ਦੀ ਘੂਕ ਮਹਿਬੂਬ, ਪ੍ਰੇਮਕਾ ਜਾਂ ਇਸਤਰੀ ਦੀ ਹੂਕ ਦੀ ਪ੍ਰਤੀਕ ਹੈ ਜੋ ਜੋਗੀ ਨੂੰ ਵਾਪਸ ਮੋੜ ਲਿਆਉਂਦੀ ਹੈ। ਪਰ ਇਹ ਹੂਕ ਪਹਾੜ ਉਪਰਲੇ ਜੋਗੀ ਲਈ ਨਹੀਂ। ਇਹ ਤਾਂ ਉਸ 'ਜੋਗੀ' ਲਈ ਹੈ ਜਿਹੜਾ ਸਵੇਰ ਤੋਂ ਸ਼ਾਮ ਤਕ ਉਸ ਚਰਖੇ ਦੀ ਰਾਣੀ ਲਈ ਦਿਨ ਭਰ ਪਹਾੜ ਤੋੜਨ ਤੋਂ ਬਾਅਦ ਘਰ ਮੁੜਿਆ ਹੈ। ਸਰੀਰ ਉਸ ਲਈ ਜੋ ਰੋਟੀ ਦੇਵੇ। ਇਹ ਸਾਡੇ ਸਭਿਆਚਾਰ ਦਾ ਅਮਲ ਹੈ। ਇਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਪਰ ਜੋਗੀ ਇਹ ਮਸਲਾ ਭਬੂਤੀ ਰਾਹੀਂ ਹਲ ਕਰਨਾ ਚਾਹੁੰਦਾ ਹੈ। ਉਸ ਲਈ ਤਾਂ ਇਹ ਘੂਕ ਟਿਕੀ ਰਾਤ ਦਾ ਸੰਕੇਤ ਹੀ ਹੋ ਸਕਦੀ ਹੈ। ਜੋਗੀ ਦਾ ਪਹਾੜ ਤੋਂ ਟਪਕਣਾ ਤਾਂ ਉਸ ਕੁੱਤੇ ਦੀ ਤਰ੍ਹਾਂ ਹੈ ਜਿਹੜਾ ਕਿਸੇ ਦੇ ਘਰ ਰੋਟੀਆਂ ਪਕਣ ਦੀ ਖ਼ੁਸ਼ਬੋ ਮਿਲਣ 'ਤੇ ਦਰ ਅੱਗੇ ਆ ਖੜਦਾ ਹੈ। ਸਵਾਲ ਇਹ ਹੈ ਕਿ ਕੀ ਰੋਟੀਆਂ ਕੁੱਤਿਆਂ ਲਈ ਹੀ ਪਕਾਈਆਂ ਜਾ ਰਹੀਆਂ ਹਨ। ਇਹ ਸ਼ੁਗਲ ਤਾਂ ਰਾਜਿਆਂ ਮਹਾ-ਰਾਜਿਆਂ ਦਾ ਹੀ ਹੋ ਸਕਦਾ ਹੈ। ਸੋ ਜੋਗੀ ਦੇ ਪਹਾੜ 'ਤੇ ਚੜ੍ਹਨ ਅਤੇ ਉਤਰਨ ਪਿੱਛੇ ਕੰਮ ਕਰ ਰਹੀ ਭਾਵਨਾ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਚਰਖੇ ਦੀ ਘੂਕ ਸੁਣ ਕੇ ਜੋਗੀ ਪਹਾੜ ਤੋਂ ਕਿਉਂ ਉਤਰਦਾ ਹੈ ? ਇਸ ਦਾ ਉਤਰ ਆਪ ਜੀ ਪਾਸ ਨਹੀਂ। ਕਿਉਂਕਿ ਜੋਗੀ ਦੀ ਭਾਵਨਾ ਨੂੰ ਸਮਾਜਕ ਯਥਾਰਥ ਅਨੁਸਾਰ ਸਮਝਣ ਦੀ ਬਜਾਏ ਤੁਸੀਂ ਜੋਗੀ ਦੀ ਭਾਵਨਾ ਅਨੁਸਾਰ ਸਮਾਜਕ ਯਥਾਰਥ ਨੂੰ 'ਸਮਝ' ਰਹੇ ਹੋ। ਪੰਜਾਬੀ ਸਭਿਆਚਾਰ ਵਿਚ ਜੋਗੀਆਂ ਬਾਰੇ ਸੈਂਕੜੇ ਕਥਾਵਾਂ ਪ੍ਰਚਲਤ ਨੇ। ਪਰ ਕਿਸੇ ਵੀ ਕਥਾ ਵਿਚ ਜੋਗੀ ਸਮਾਜ ਨਾਲ ਇਕਸੁਰ ਨਹੀਂ ਹੁੰਦਾ। 'ਜੋਗੀ ਗਏ ਨਾ ਮੁੜ ਕੇ ਬਹੁੜਦੇ ਨੇ' ਵਾਲੀ ਗੱਲ ਬਿਲਕੁਲ ਸੱਚ ਹੈ।

ਜਿਥੇ ਸੁਰਜੀਤ ਲੀ ਨੇ ਇਹ ਨਤੀਜਾ ਕੱਢਿਆ ਹੈ ਕਿ ਘਰ ਨਾਲੋਂ ਤਿਆਗ ਵੱਡਾ ਹੈ ਉਥੇ ਕੈਰੋਂ ਸਾਹਿਬ ਦਾ ਨਤੀਜਾ ਇਹ ਹੈ ਕਿ ਤਿਆਗ ਤੋਂ ਅਨੰਦ ਮਾਨਣ ਦਾ ਮਹੱਤਵ ਜ਼ਿਆਦਾ ਹੈ। ਦੋਵੇਂ ਵਿਦਵਾਨਾਂ ਦੇ ਨਿਰਣੇ ਸਮਾਜਕ ਯਥਾਰਥ ਤੋਂ ਭਗੌੜੇ ਨੇ। ਸੁਰਜੀਤ ਲੀ ਦੇ ਨਿਰਣੇ ਕਿ ਜ਼ਿੰਦਗੀ ਦੇ ਇਕ ਸਿਰੇ 'ਤੇ ਰਸ ਮਾਨਣਾ ਲਿਖਿਆ ਹੈ ਅਤੇ ਦੂਸਰੇ 'ਤੇ ਤਿਆਗ, ਦੀ ਕੈਰੋਂ ਵੀ ਪੁਸ਼ਟੀ ਕਰਦਾ ਹੈ। ਪਰ ਬਹੁਤ ਹੀ ਟੇਢੇ ਢੰਗ ਨਾਲ। ਕੈਰੋਂ ਸਾਹਿਬ ਅਨੁਸਾਰ ਚਰਖੇ ਦੀ

ਘੂਕ ਜੋਗੀ ਨੂੰ ਸਮਾਜ ਨਾਲ ਇਕਸੁਰ ਕਰਦੀ ਹੈ। ਪਰ ਅਸਲੀਅਤ ਇਹ ਹੈ ਕਿ ਜੋਗੀ ਕਦੇ ਵੀ ਸਮਾਜ ਨਾਲ ਇਕਸੁਰ ਨਹੀਂ ਹੁੰਦਾ। ਜੇਕਰ ਕੈਰੋਂ ਸਾਹਿਬ ਅਨੁਸਾਰ ਜੋਗੀ ਸਮਾਜ ਨਾਲ ਇਕਸੁਰ ਹੁੰਦਾ ਹੈ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਮਾਜ ਜੋਗੀ ਦੇ ਪਹਿਲੇ ਨਿਰਾਰਥਕ ਤਿਆਗ ਨੂੰ ਸਵੀਕਾਰ ਕਰਦਾ ਹੈ। ਅਜੇਹੀ ਸਵੀਕਿਰਤੀ ਉਸ ਦੇ ਤਿਆਗ ਨੂੰ ਜਾਇਜ਼ ਮੰਨਣਾ ਹੈ। ਜਾਇਜ਼ ਮੰਨਿਆਂ ਇਹ ਤਿਆਗ ਜੀਵਨ ਦਾ ਅੰਗ ਬਣਦਾ ਹੈ। ਅੰਤ ਵਿਚ ਕੈਰੋਂ ਸਾਹਿਬ ਉਹਨਾਂ ਹੀ ਗਲਤ ਧਾਰਨਾਵਾਂ ਨੂੰ ਅਪਣਾਉਂਦੇ ਹਨ ਜਿਹਨਾਂ ਨੂੰ ਲੀ ਸਾਹਿਬ ਨੇ ਅਪਣਾਇਆ ਹੈ।

ਮੈਂ ਅਰਜ਼ ਕੀਤੀ ਸੀ ਕਿ ਚਰਖੇ ਅਤੇ ਜੋਗੀ ਦਾ ਸਬੰਧ ਨਿਰੋਲ ਭਾਰਤੀ ਨਹੀਂ। ਇਹ ਤਾ ਤੁਰਕਾਂ ਦੁਆਰਾ ਸਾਡੇ ਦੇਸ਼ ਵਿਚ ਲਿਆਂਦਾ ਗਿਆ ਸੀ। ਇਸ ਚਰਖੇ ਨਾਲ ਮੱਧ ਏਸ਼ੀਆ ਦੇ ਅਭੀਰਾ ਪਾਸਟੋਰਲ ਥੀਮ ਦੇ ਰੁਮਾਂਚਿਕ ਤੱਤ ਜੁੜੇ ਹੋਏ ਨੇ, ਜਿਹੜੇ ਸਾਡੇ ਸਭਿਆਚਾਰ ਵਿਚ ਆਕੇ ਵੀ ਇਕ ਵਖਰੀ ਵੰਨਗੀ ਵਿਚ ਕਾਇਮ ਰਹੇ। ਇਹ ਰੁਮਾਂਸ ਸੂਫੀਆਂ ਦੁਆਰਾ ਵੀ ਪ੍ਰਚਾਰਿਆ ਗਿਆ। ਇਸ ਰੁਮਾਂਸ ਦੇ ਅਸਰ ਹੇਠ ਪੰਜਾਬ ਦੇ ਪੂਰਨ ਜੋਗੀ ਤੇ ਰਾਂਝੇ ਜੋਗੀ ਆਦਿ ਬਣ ਗਏ, ਜਿਹਨਾਂ ਦਾ ਮੰਤਵ ਰੰਨਾ ਖਿਸਕਾਉਣ ਤੋਂ ਸਿਵਾਏ ਹੋਰ ਕੋਈ ਨਹੀਂ। ਅਜੇਹੇ ਰਾਂਝਾ-ਮਾਰਕਾ ਜੋਗੀਆਂ ਦਾ ਸਬੰਧ ਹੀ ਚਰਖੇ ਨਾਲ ਹੈ। ਪੰਜਾਬ ਦੇ ਆਦਿ ਜੋਗੀਆਂ ਦਾ ਨਹੀਂ। ਬਜਾਏ ਇਸ ਦੇ ਕਿ ਕੈਰੋਂ ਸਾਹਿਬ ਇਹਨਾਂ ਤੱਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਉਹਨਾਂ ਨੇ ਨਵੀਂ ਕਿਸਮ ਦਾ ਅਰਥ-ਵਿਗਿਆਨ ਪ੍ਰਚਾਰਨਾ ਸ਼ੁਰੂ ਕਰ ਦਿਤਾ। ਅਖੇ ਗਾਂਧੀ ਚਰਖਾ ਵੀ ਹੁੰਦਾ ਹੈ ਅਤੇ ਉਲੂ ਦਾ ਚਰਖਾ ਵੀ! ਮੈਂ ਚਰਖੇ ਨੂੰ ਹੀ ਅੰਬਰ ਚਰਖਾ ਕਿਹਾ ਹੈ। ਇਹ ਇਕੋ ਹੀ ਚੀਜ਼ ਦੇ ਦੋ ਨਾਂ ਹਨ। ਮੈਂ ਸਮਝਦਾ ਹਾਂ ਕਿ ਚਰਖੇ ਅਤੇ ਗਾਂਧੀ ਚਰਖੇ ਵਿਚ ਅੰਤਰ ਹੁੰਦਾ ਹੈ। ਮੈਂ ਇਹ ਵੀ ਸਮਝਦਾ ਹਾਂ ਕਿ ਗਾਂਧੀ ਚਰਖੇ ਦੀ 'ਘੂਕ' ਤੇ ਕੌਣ ਉੱਤਰ ਸਕਦਾ ਹੈ। ਜੇਕਰ ਕੈਰੋਂ ਸਾਹਿਬ ਨੂੰ ਚਰਖੇ, ਗਾਂਧੀ ਚਰਖੇ ਅਤੇ ਉਲੂ ਦੇ ਚਰਖੇ ਦੀ 'ਘੂਕ' ਇਕੋ ਜਿਹੀ ਸੁਣਾਈ ਦਿੰਦੀ ਹੈ ਤਾਂ ਰੱਬ ਖ਼ੈਰ ਕਰੇ ਕਿਸੇ ਸਿਆਣੇ 'ਮਨੋਵਿਗਿਆਨੀ' ਦੀ ਸਲਾਹ ਲੈਣੀ ਪਵੇਗੀ। ਮੈਂ ਤਾਂ ਉਹਨਾਂ ਦੀ ਸਿਹਤ ਲਈ ਅਰਦਾਸ ਹੀ ਕਰ ਸਕਦਾ ਹਾਂ।

ਕੈਰੋਂ ਸਾਹਿਬ ਨੇ ਤੱਥ ਮਰੋੜਨ ਦੀ ਤਾਂ ਕਮਾਲ ਹੀ ਕਰ ਦਿਖਾਈ ਐ। ਕੀ ਤੱਥ ਮਰੋੜਨ ਨੂੰ ਹੀ ਅਲੋਚਨਾ ਕਹਿੰਦੇ ਨੇ? ਕੀ ਅਲੋਚਕਾਂ ਦਾ ਇਹੀ ਧਰਮ ਹੈ? ਕੈਰੋਂ ਸਾਹਿਬ ਨੇ ਕੌਮੀ ਸੈਮੀਨਾਰ 'ਤੇ ਪੜ੍ਹੇ ਗਏ ਮੇਰੇ ਪੇਪਰ 'ਚੋਂ ਟੂਕਾਂ ਦਿਤੀਆਂ ਹਨ। ਚੰਗਾ ਹੁੰਦਾ ਜੇ ਅਗਲੀ ਟੂਕ ਵੀ ਦੇ ਦਿੰਦੇ, ਜਿਸ ਵਿਚ ਇਹ ਲਿਖਿਆ ਹੈ, ''ਚਿੜੀ ਤੇ ਕਾਂ ਦੇ ਉਪਰੋਕਤ ਦਸੇ ਨਿਸ਼ਚਿਤ ਅਰਥ ਹੀ ਨਹੀਂ। ਇਸ ਵਿਰੋਧ ਦੇ ਵਿਆਪਕ ਅਰਥ ਨੇ। ਲੁਟਣ ਵਾਲਾ ਕਾਂ ਹੈ ਤੇ ਲੁਟੀ ਜਾਣ ਵਾਲੀ ਚਿੜੀ ਹੈ।'' ਪਰ ਦਿਆਨਤਦਾਰੀ ਤੋਂ ਕੰਮ ਲੈ ਕੇ ਕਿੰਤੂ ਨਹੀਂ ਸੀ ਹੋਣਾ। ਕੈਰੋਂ ਸਾਹਿਬ, ਤੁਸਾਂ ਕਹਾਣੀ ਬਾਰੇ, ਕਹਾਣੀ ਦੇ ਸੁਭਾਅ ਬਾਰੇ, ਅਤੇ ਪ੍ਰਤੀਕਾਂ ਬਾਰੇ ਹੋਰ ਵੀ ਬਹੁਤ ਸਾਰੇ ਸਵਾਲ ਉਠਾਏ ਨੇ। ਪਰ ਉਹਨਾਂ ਦਾ ਜਵਾਬ ਮੈਂ ਹਾਲ ਦੀ ਘੜੀ ਨਹੀਂ ਦੇਵਾਂਗਾ। ਉਹਨਾਂ ਦਾ ਜਵਾਬ ਮੈਂ ਉਦੋਂ ਦੇਵਾਂਗਾ ਜਦੋਂ ਵਿਚਾਰਧਾਰਕ ਵਿਧੀ ਦੀ ਗੱਲ ਕਰਾਂਗਾ। ਯਕੀਨ ਰਖਿਆ ਜੇ, ਤੁਹਾਨੂੰ ਬਹੁਤੀ ਦੇਰ ਉਡੀਕ ਨਹੀਂ ਕਰਨੀ ਪਵੇਗੀ।

ਕੈਰੋਂ ਸਾਹਿਬ ਕਦੀ ਸੰਰਚਨਾਵਾਦ ਦੀ ਵਕਾਲਤ ਕਰਦੇ ਨੇ, ਕਦੀ ਪਰੌਪ ਪੜ੍ਹਣ ਦੀ ਸਲਾਹ ਦਿੰਦੇ ਨੇ। ਆਪਣੇ ਲੇਖ ਦੇ ਮੁੱਢ ਵਿਚ ਉਹ ਸੰਰਚਨਾਵਾਦੀ ਨੇ ਅਤੇ ਅਖ਼ੀਰ ਵਿਚ ਜਾ ਕੇ ਜਦੋਂ ਲੋਕ ਕਹਾਣੀਆਂ ਦੀ ਗੱਲ ਕਰਦੇ ਨੇ ਤਾਂ ਰੂਪਵਾਦੀ ਬਣ ਜਾਂਦੇ ਨੇ। ਜਿਸ ਤਰ੍ਹਾਂ ਉਹਨਾਂ ਤੱਤਾਂ ਨੂੰ



ਵਿਉਂਤਿਆ ਹੈ ਉਸ ਤੋਂ ਸਪੱਸ਼ਟ ਹੈ ਕਿ ਕੈਰੋਂ ਸਾਹਿਬ ਸੰਰਚਨਾਵਾਦ ਅਤੇ ਰੂਪਵਾਦ ਦਾ ਘੇਰਾ ਨਹੀਂ ਨਿਖੇੜ ਸਕੇ। ਇਸੇ ਕਰਕੇ ਉਹਨਾਂ ਨੇ ਮਿਸੀਆਂ ਪਕਾ ਧਰੀਆਂ ਨੇ। ਮੈਂ ਸਰਦਾ ਪੁਜਦਾ ਸੰਰਚਨਾਵਾਦ ਵੀ ਪੜ੍ਹਿਆ ਹੈ ਤੇ ਮਾਰਕਸਵਾਦ ਵੀ। ਮੈਨੂੰ ਆਸ ਹੈ ਕੈਰੋਂ ਸਾਹਿਬ ਨੇ ਵੀ ਪੜ੍ਹਿਆ ਹੋਵੇਗਾ। ਮੈਂ ਸੰਰਚਨਾਵਾਦ ਦੇ ਅਪਾਹਜਪੁਣੇ ਬਾਰੇ ਨੁਕਤੇ ਉਠਾਏ ਨੇ ਤੇ ਇਹ ਦਰਸਾਉਣ ਦਾ ਯਤਨ ਵੀ ਕੀਤਾ ਹੈ ਕਿ ਕਿਵੇਂ ਸੰਰਚਨਾਵਾਦੀ, ਸਭਿਆਚਾਰ ਦਾ ਸਤਿਆਨਾਸ ਕਰ ਰਹੇ ਨੇ।

ਜੇਕਰ ਕੈਰੋਂ ਸਾਹਿਬ ਇਹ ਸਮਝਦੇ ਹਨ ਕਿ ਸੰਰਚਨਾਵਾਦ ਵਿਚ ਜਾਨ ਹੈ ਇਸ ਵਿਚ ਮਾਰਕਸਵਾਦ ਤੋਂ ਵੀ ਨਿਰੋਈਆਂ ਗੱਲਾਂ ਹਨ, ਜਾਂ ਪਰੌਪ ਨੇ ਫਲਾਣੀ ਗੱਲ ਮਾਰਕਸਵਾਦੀਆਂ ਨਾਲੋਂ ਬੇਹਤਰ ਕੀਤੀ ਹੈ ਅਤੇ ਮਾਰਕਸਵਾਦ ਵਿਚ ਫਲਾਣੀ ਘਾਟ ਹੈ, ਤਾਂ ਕੈਰੋਂ ਸਾਹਿਬ ਇਹ ਗੱਲਾਂ ਸਾਹਮਣੇ ਲਿਆਉਣ ਦੀ ਖੇਚਲ ਕਰਨ। ਜੇਕਰ ਉਹ ਅਜੇਹਾ ਕਰ ਸਕਦੇ ਹਨ ਤਾਂ ਹੀ ਉਹਨਾਂ ਦਾ ਸੰਰਚਨਾਵਾਦ ਦੀ ਵਕਾਲਤ ਕਰਨਾ ਜਾਇਜ਼ ਬਣਦਾ ਹੈ। ਸਿਆਣੇ ਸੂਝਵਾਨ ਬੰਦੇ ਲਈ ਅੱਖਾਂ ਬੰਦ ਕਰ ਕੇ ਹਵਾ 'ਚ ਤਲਵਾਰਾਂ ਮਾਰਨੀਆਂ ਠੀਕ ਨਹੀਂ।

—ਭੁਪਿੰਦਰ ਸਿੰਘ ਖਹਿਰਾ

* **ਬਿਗਾਨੇ ਮਾਲ 'ਤੇ ਸ਼ਾਹ ਨਹੀਂ ਬਣੀਂਦਾ!** ਭੁਪਿੰਦਰ ਸਿੰਘ ਖਹਿਰਾ ਨੇ ਸਾਹਿਤ ਦੀ ਸੰਰਚਨਾਵਾਦੀ ਪਹੁੰਚ ਬਾਰੇ ਲਿਖੇ ਆਪਣੇ ਲੇਖਾਂ ਵਿਚ ਅਖ਼ੀਰ 'ਤੇ ਜੋ ਪੰਜਾਬ ਦੇ ਸੂਝਵਾਨ ਪਾਠਕਾਂ ਨੂੰ ਇਸ ਦੇ ਮਨਸ਼ਿਆਂ ਅਤੇ ਖ਼ਤਰਿਆਂ ਨੂੰ ਸਮਝਣ ਦੀ ਅਪੀਲ ਕੀਤੀ ਹੈ, ਉਹ ਬੜੀ ਸਹੀ ਅਤੇ ਵਕਤ ਅਨੁਸਾਰ ਹੈ।

ਜੇਕਰ ਕੋਈ ਆਲੋਚਕ ਕਿਸੇ ਰਚਨਾ ਨੂੰ ਮਹਿਜ਼ ਸੰਰਚਨਾ ਮੰਨਕੇ ਤੁਰਦਾ ਹੈ, ਜਾਂ ਫਿਰ ਵਸਤੂ ਤੇ ਅਨੁਭਵ ਨੂੰ ਨਿਖੇੜਕੇ ਰਚਨਾ ਦੇ ਰੂਪ ਨੂੰ ਵਡੱਤਣ ਬਖ਼ਸ਼ ਕੇ, ਅਜੋਕੀ ਸਮਾਜਕ, ਆਰਥਕ ਵਿਵਸਥਾ ਵਿਚ, ਅਜੇਹੀ ਗੱਲ ਕਰਦਾ ਹੈ, ਉਹ ਸਮਝੋ 'ਕਲਾ ਕਲਾ ਲਈ' ਦਾ ਪ੍ਰਚਾਰਕ, ਸਥਾਪਤੀ ਦਾ ਹਿੱਤੂ ਤੇ ਪੂੰਜੀਵਾਦੀ ਪ੍ਰਬੰਧ ਦਾ ਹੱਥ ਠੋਕਾ ਹੀ ਹੋ ਨਿਬੜਦਾ ਹੈ।

ਸੰਰਚਨਾਵਾਦ ਪਛਮੀ ਯੂਰਪ ਵਿਚ ਪੂੰਜੀਵਾਦੀ ਪ੍ਰਬੰਧ ਦੇ ਸੰਕਟ ਤੇ ਸਮਾਜਵਾਦੀ ਪ੍ਰਬੰਧ ਦੇ ਵਿਕਾਸ ਵਿਚ ਪਏ ਵਕਤੀ ਨੁਕਸਾਂ ਦੀ ਭਾਵਨਾ ਦੇ ਵਿਰੋਧ ਵਿਚ ਸਿੱਟੇ ਵਜੋਂ ਹੋਂਦ ਵਿਚ ਆਇਆ। ਪਰ ਬੁਰਜੂਆ ਵਿਦਵਾਨਾਂ ਤੇ ਸਾਮਰਾਜੀ ਪ੍ਰੈੱਸ ਦੇ ਲੱਖ ਯਤਨਾਂ ਦੇ ਬਾਵਜੂਦ ਇਸ ਦੇ (ਸੰਰਚਨਾਵਾਦ) ਦਵੰਦਵਾਦੀ ਪਦਾਰਥਵਾਦੀ ਚਿੰਤਨ-ਵਿਧਾਨ ਦੇ ਸਾਹਮਣੇ ਪੈਰ ਨਾ ਜੰਮ ਸਕੇ। ਸਮਾਜ ਦੇ ਇਤਿਹਾਸਕ ਅਮਲ ਅਨੁਸਾਰ ਦਵੰਦਵਾਦੀ ਪਦਾਰਥਵਾਦੀ ਚਿੰਤਨ-ਵਿਧਾਨ ਹੀ ਸਮਾਜ, ਸਾਹਿਤ, ਕਲਾ ਤੇ ਸਭਿਆਚਾਰ ਸੰਬੰਧੀ ਆਪਣੇ ਠੋਸ ਤੇ ਵਿਗਿਆਨਕ ਨਿਰਣੇ ਪੇਸ਼ ਕਰ ਸਕਿਆ ਹੈ। ਸੰਰਚਨਾਵਾਦ, ਸਿਧਾਂਤਕ ਘਚੋਲੇ ਪੈਦਾ ਕਰ ਕੇ ਮਾਰਕਸਵਾਦੀ ਚਿੰਤਨ-ਪ੍ਰਣਾਲੀ ਵਿਚ ਅਸਪਸ਼ਟਤਾ ਤੇ ਧੁੰਧਲਾਪਨ ਪੈਦਾ ਕਰਨ ਦਾ ਕੋਝਾ ਯਤਨ ਹੈ। ਸੰਰਚਨਾਵਾਦ ਨਾ ਸਾਡੇ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਮਸਲਿਆਂ (ਜੋਗੀਆਂ-ਭੋਗੀਆਂ ਦਾ ਰੇੜਕਾ ਆਦਿ) ਨੂੰ ਨਜਿਠ ਸਕਦਾ ਤੇ ਨਾ ਹੀ ਪੰਜਾਬੀ ਸਾਹਿਤ ਦੀ ਪਰਖ-ਪੜਚੋਲ ਦੀ ਵਿਧੀ ਹੋ ਸਕਦਾ ਹੈ।

**ਸੇਧ** ਵਿਚ ਸਮੇਂ ਸਮੇਂ ਮਾਰਕਸੀ ਵਿਚਾਰਾਂ ਤੇ ਮਸਲਿਆਂ ਨੂੰ ਲੈ ਕੇ ਛਿੰਜ਼ਾਂ ਪੈਂਦੀਆਂ ਰਹੀਆਂ ਹਨ। ਪਿਛਲੇ ਦੋ ਤਿੰਨ ਮਹੀਨਿਆਂ ਤੋਂ ਖਹਿਰਾ ਸੰਰਚਨਾਵਾਦ ਦੀ ਛਿੰਜ ਵਿਚ ਆਪਣਾ ਲਾਂਗੜ ਕਸ ਕੇ ਨਿਤਰਿਆ ਹੈ। ਪਰ ਅਜੇ ਤੱਕ ਉਸ ਦੀ ਝੰਡੀ ਅਖਾੜੇ ਵਿਚੋਂ ਕਿਸੇ ਦਿੱਲੀ ਵਾਲੇ ਪਹਿਲਵਾਨ ਨੇ ਵੀ ਨਹੀਂ ਫੜੀ। ਹੋਰ ਤਾਂ ਹੋਰ, ਪੰਜਾਬ ਵਿਚਲੇ ਸੰਰਚਨਾਵਾਦ ਦੇ ਝੰਡਾ ਬਰਦਾਰ ਡਾ: ਹਰਜੀਤ

ਗਿੱਲ ਨੇ ਵੀ ਆਪਣੇ ਅਖਾੜੇ ਦੀ ਹੀ ਪੈਦਾਇਸ਼ ਦੀ ਵੰਗਾਰ ਨੂੰ ਕਬੂਲਣ ਤੋਂ ਦੜ ਵੱਟੀ ਲਗਦੀ ਹੈ। ਇਸ ਹਾਲਤ ਵਿਚ ਬੇਹਤਰ ਇਹੀ ਹੋਵੇਗਾ ਕਿ **ਸੇਧ** ਡਾ: ਗਿੱਲ ਦੇ "ਜੈਪੁਰ ਲੈਕਚਰਾਂ" ਦਾ ਅੰਗ-ਨਿਖੇੜ ਕਰਵਾਏ, ਜਿਨ੍ਹਾਂ ਦੀ ਜ਼ਰਖੇਜ਼ ਮਿੱਟੀ 'ਤੇ ਸੰਰਚਨਾਵਾਦੀ ਕੌੜ-ਤੁੰਮੇ ਦੀ ਵੱਲ ਸੱਤੀਂ ਪਾਸੀਂ ਫੈਲੀ ਹੈ। ਇਸ ਤਰ੍ਹਾਂ ਇਸ ਦੀ ਬੁਨਿਆਦ, ਵਸਤੂ ਤੇ ਪਹੁੰਚ ਦੇ ਹੀਜ-ਪਿਆਜ ਤੋਂ ਸਾਰੇ ਪਾਠਕ ਜਾਣੂ ਹੋ ਜਾਣਗੇ। ਹੋਰ ਸਿਆਣੇ ਵਿਦਵਾਨਾਂ ਵਲੋਂ ਇਸ ਬਹਿਸ ਨੂੰ ਅੱਗੇ ਤੋਰਦਿਆਂ, ਹੋ ਸਕਦਾ ਹੈ ਕਿ ਕੋਈ ਸੰਰਚਨਾਵਾਦੀ ਖਹਿਰੇ ਦੀ ਝੰਡੀ ਫੜ ਕੇ ਇਸ ਅਖਾੜੇ ਵਿਚ ਆ ਕੁੱਦੇ। ਇਹ ਵੀ ਹੋ ਸਕਦਾ ਹੈ ਕਿ ਖਹਿਰੇ ਨਾਲੋਂ ਵਧ ਕੇ ਉਪਰੋਂ ਪੀਲੇ ਪੀਲੇ ਦਿਸਦੇ ਕੌੜ-ਤੁੰਮਿਆਂ ਦੀ ਛਿੱਲ ਪੱਟ ਕੇ ਇਨ੍ਹਾਂ ਵਿਚਲੀ ਕੁੜੱਤਣ ਤੋਂ ਜਾਣੂ ਕਰਵਾ ਸਕੇ।

ਰਹੀ ਗੱਲ, ਖਹਿਰੇ ਦੀ ਇਸ ਛਿੰਜ ਵਿਚ "ਫੌਲ" (ਬੋਲੀ) ਖੇਡਣ ਬਾਰੇ। ਮੈਨੂੰ ਉਨ੍ਹਾਂ ਦੀ ਗੱਲ ਦਾ ਰੇਠੇ ਜਿੰਨਾ ਵੀ ਸਵਾਦ ਨਹੀਂ ਆਇਆ, ਜਿਨ੍ਹਾਂ ਨੇ ਸਿਰਫ਼ ਖਹਿਰੇ ਦੀ ਬੋਲੀ ਬਾਰੇ ਗੱਲ ਕਰਦਿਆਂ ਪਿੜ ਪਿੜ ਬਹੁਤੀ ਕੀਤੀ ਹੈ, ਪਰ...ਇਹ ਤਾਂ ਸਪਸ਼ਟ ਹੀ ਹੈ ਕਿ ਜਦੋਂ ਕੋਈ ਲੋਕ-ਹਿੱਤੀ ਪੈਂਤੜੇ ਦੇ ਮਸਲੇ ਨੂੰ ਲੈ ਕੇ ਗੱਲ ਕਰਦਾ ਹੈ ਤਾਂ ਜ਼ਰੂਰੀ ਬਣ ਜਾਂਦਾ ਹੈ ਕਿ ਉਸ ਦੀ ਬੋਲੀ ਵੀ ਲੋਕ-ਮੁਹਾਵਰੇ ਵਾਲੀ ਹੋਵੇ। ਪੰਡਤਾਊ ਤੇ ਪੋਚੇ ਮਾਰਣੀ ਬੋਲੀ ਤਾਂ ਇਹ ਸੰਰਚਨਾ-ਵਾਦੀਏ (ਰੂਪਵਾਦੀਏ) ਹੀ ਵਰਤ ਸਕਦੇ ਹਨ ਜਿੰਨਾਂ ਦੀ ਗਿਣਵੀਂ ਮਿਥਵੀਂ ਸ਼ਬਦਾਵਲੀ ਨੂੰ ਕਾਫ਼ੀ-ਹਾਊਸ ਦੀਆਂ ਮੇਜ਼ਾਂ ਦੁਆਲੇ ਜੁੜੇ ਚੰਦ ਅਖੌਤੀ ਬੁੱਧੀਜੀਵੀ ਹੀ ਸਮਝ ਸਕਦੇ ਹਨ। **ਸੇਧ** ਸਿਧਾਂਤਕ ਪਰਚਾ ਹੋਣ ਕਰਕੇ ਇਸ ਦੇ ਵਿਦਵਾਨਾਂ ਨੂੰ ਲੋਕ ਬੋਲੀ ਰਾਹੀਂ ਗੱਲ ਕਰਨੀ ਬਣਦੀ ਹੈ, ਤਾਂ ਜੋ ਮਾਰਕਸਵਾਦੀ ਮਸਲਿਆਂ ਨੂੰ ਪੰਜਾਬ ਦੀ ਮਿੱਟੀ ਦੀ ਮਹਿਕ ਨਾਲ ਰਲਾਇਆ ਜਾ ਸਕੇ।

**—ਗੁਰਦੇਵ ਸਿੰਘ, ਲਾਭ ਸਿੰਘ ਖੀਵਾ, ਬਠਿੰਡਾ**

* **ਜੁਲਾਈ ਅੰਕ** ਮੈਨੂੰ ਪਸੰਦ ਨਹੀਂ ਆਇਆ, ਸਾਰੇ ਲੇਖ ਸਿਧਾਂਤਕ ਹੀ ਸਨ। ਘੱਟੋ ਘੱਟ ਪ੍ਰੋ. ਕਿਸ਼ਨ ਸਿੰਘ ਦਾ ਇਕ ਲੇਖ ਹੀ ਲਾਉਣਾ ਸੀ। ਜੇਕਰ ਪ੍ਰੋ: ਪ੍ਰੀਤਮ ਸਿੰਘ ਦਾ ਲੇਖ ਹੋਰ ਤਿੰਨ-ਚਾਰ ਰਸਾਲਿਆਂ ਅਖ਼ਬਾਰਾਂ ਵਿਚ ਲੱਗਣਾ ਸੀ ਤਾਂ ਕੀ ਜ਼ਰੂਰੀ ਸੀ ਕਿ **ਸੇਧ** ਵਿਚ ਵੀ ਲਾਇਆ ਜਾਂਦਾ? ਇਸ ਵਾਰ ਲੇਖਕ/ਪਾਠਕ ਪੰਨਾ ਵੀ ਕੋਈ ਨਹੀਂ ਸੀ। ਕਿਧਰੇ ਮੈਟਰ ਦੀ ਘਾਟ ਤਾਂ ਨਹੀਂ ਹੋਣ ਲੱਗ ਪਈ? ਉਦਾਸੀ ਦਾ ਗੀਤ ਤੇ ਅਣਖੀ ਦੀ ਕਹਾਣੀ ਇਸ ਅੰਕ ਨੂੰ ਪੜ੍ਹਣ ਲਈ ਪਰੇਰਦੀਆਂ ਹਨ। ਮੇਰੀ ਤਾਂ ਇਹੀ ਉਪਰੋਕਿਤ ਰਾਇ ਹੈ। ਅੱਗੇ ਤੁਹਾਡੀ ਮਰਜ਼ੀ ਤੇ ਸਿਆਣਪ!

**—ਲ. ਸ. ਖੀਵਾ, ਬਠਿੰਡਾ**

[ਜੁਲਾਈ ਅੰਕ ਮੈਨੂੰ ਵੀ ਪਸੰਦ ਨਹੀਂ ਸੀ ਆਇਆ। ਜ਼ਾਤੀ ਤੌਰ 'ਤੇ ਭਾਵੇਂ ਮੈਨੂੰ ਤਸਲੀ-ਬਖ਼ਸ਼ ਲਗਿਆ ਸੀ, ਪਰ ਪਾਠਕਾਂ ਦੇ ਨੁਕਤੇ ਤੋਂ ਵੇਖਿਆਂ ਉਸ ਵਿਚ ਖ਼ਾਮੀਆਂ ਪ੍ਰਤੱਖ ਸਨ। **ਸੇਧ** ਦੇ ਪਾਠਕ ਸੂਝਵਾਨ ਅਤੇ ਸਿਆਣੇ ਹਨ, ਹੁਣ ਉਹ ਅੱਗੇ ਨਾਲੋਂ ਵਧੇਰੇ ਸੰਜੀਦਾ ਮਸਲਿਆਂ ਨੂੰ ਮੁਖ਼ਾਤਬ ਹੋ ਰਹੇ ਹੁੰਦੇ ਹਨ, ਉਹਨਾਂ ਮਸਲਿਆਂ ਬਾਰੇ ਉਹ ਸੋਚਦੇ ਹਨ, ਉਹਨਾਂ ਬਾਰੇ ਆਪੋ ਵਿਚ ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਹੋਰ ਵਧੇਰੇ, ਹੋਰ ਵਧੇਰੇ ਗੰਭੀਰ ਮਸਲਿਆਂ ਬਾਰੇ, ਅਗੇ ਨਾਲੋਂ ਜ਼ਿਆਦਾ ਡੂੰਘਾਈ ਵਿਚ ਜਾਣ ਵਾਲੇ ਲੇਖ ਉਹ ਪੜ੍ਹਨਾ ਲੋਚਦੇ ਹਨ। ਸਾਡੀ ਪੁਛ-ਪੜਤਾਲ ਤੋਂ ਸਾਨੂੰ ਅਜਿਹੀਆਂ ਇਤਲਾਹਾਂ ਹੀ ਮਿਲੀਆਂ ਹਨ। ਪਰ ਹਾਲੀ ਵੀ ਕਦੀ ਕਦੀ



ਸਾਡੇ ਕੁਝ ਇਕ ਪਾਠਕਾਂ ਨੂੰ "ਵਰਾਇਟੀ ਪ੍ਰੋਗਰਾਮ" ਦੇ ਚਾਅ ਚੜ੍ਹਣ ਦਾ ਦੌਰਾ ਜਿਹਾ ਪੈਂਦਾ ਹੈ। ਉਹ ਭਾਂਤ ਭਾਂਤ ਦੇ ਵਿਸ਼ਿਆਂ ਬਾਰੇ ਹਲਕੇ ਫੁਲਕੇ, ਮਜ਼ੇਦਾਰ ਲੇਖਾਂ ਲਈ ਚਾਮ੍ਹਲ ਜਿਹੇ ਪੈਂਦੇ ਹਨ। ਉਹਨਾਂ ਦੀ ਮੰਗ ਸਾਨੂੰ ਵੀ ਆਉਂਦੀ ਰਹਿੰਦੀ ਹੈ। ਕਹਿਣਗੇ—ਸਿਧਾਂਤ ਠੀਕ ਹੈ, ਸਿਧਾਂਤ ਦਾ ਪੱਲਾ ਨਾ ਛਡੋ, ਪਰ ਪਰਚੇ ਵਿਚ ਜ਼ਰਾ ਸੁਆਦ ਭਰੋ, ਰੰਗ ਭਰੋ। ਕਦੀ ਕਦੀ ਉਹਨਾਂ ਦੀ ਮੰਗ ਸਾਨੂੰ ਜਾਇਜ਼ ਵੀ ਲਗਦੀ ਹੈ। ਅਸੀਂ ਤਾਂ ਇਸ ਗੱਲ ਦਾ ਹੀ ਖ਼ਿਆਲ ਰਖ ਸਕਦੇ ਹਾਂ ਕਿ ਵਾਹ ਲਗਦੀ, ਸਿਧਾਂਤ ਦਾ ਪੱਲਾ ਹਥੋਂ ਨਾ ਖਿਸਕਣ ਦੇਈਏ; ਰਹੀ ਰੰਗ ਭਰਨ ਦੀ ਗੱਲ? ਇਹ ਤਾਂ ਭਾਈ, ਤੁਸਾਂ ਪਾਠਕਾਂ ਨੇ ਹੀ ਭਰਨਾ ਹੈ। ਜਦੋਂ ਪਿੜ ਵਿਚ ਬਹੁਤ ਸਾਰੇ ਨਚਣਗੇ, ਰੰਗ ਤਾਂ ਆਪਣੇ ਆਪ ਭਰਿਆ ਜਾਵੇਗਾ। ਬਹੁਤੀਆਂ ਬਾਹਵਾਂ ਨੂੰ ਹੀ ਭਾਗ ਨੇ! ਅਨੇਕਾਂ ਮਸਲੇ...ਹਰ ਮਸਲੇ ਦੇ ਅਨੇਕਾਂ ਪੱਖ...ਤੇ ਉਹਨਾਂ ਡੂੰਘਾਈਆਂ ਦਾ ਕੋਈ ਅੰਤ ਨਾ ਜਿਥੋਂ ਤਕ ਸੂਝਵਾਨ ਬੰਦੇ ਜਾ ਸਕਦੇ ਹਨ। ਪਾਸੇ ਤਾਂ ਪੈਂਤੀ ਸੌ ਰੁਸ਼ਨਾਉਣ ਵਾਲੇ ਪਏ ਹਨ। ਵਧੀਆ ਵਿਚਾਰ-ਵਟਾਂਦਰੇ ਨਾਲ ਹਰ ਗੱਲ ਚੰਗੀ ਤਰ੍ਹਾਂ ਰਿੜ੍ਹਦੀ ਜਾਂਦੀ ਹੈ,ਅਸਲ ਤੱਤ ਨਿੱਤਰ ਕੇ ਮਖਣ ਵਾਂਗ ਐਨ ਉਪਰ ਆ ਜਾਂਦਾ ਹੈ। ਬਸ, ਸਿਆਣੇ ਪਾਠਕਾਂ ਨੂੰ ਜ਼ਬਾਨ ਲਗਣ ਦੀ ਢਿੱਲ ਹੈ...

ਜ਼ਬਾਨ ਲਗ ਵੀ ਰਹੀ ਹੈ! ਅੱਗੇ ਨਾਲੋਂ ਬੜਾ ਫ਼ਰਕ ਹੈ, ਪਰ ਹਾਲੀ ਪੂਰੀ ਤਰ੍ਹਾਂ ਲਗੀ ਨਹੀਂ। ਜਦੋਂ ਉਹ ਵਿਦਵਾਨਾਂ ਦੀ ਕਹੀ ਹਰ ਗੱਲ ਨੂੰ ਘੋਖਣਾ ਸਿਖ ਜਾਣਗੇ, ਉਸ ਕਹੀ ਦੇ ਸੋਨੇ ਅਤੇ ਖੋਟ ਨੂੰ ਨਿਖੇੜਨ ਜੋਗੇ ਹੋ ਜਾਣਗੇ, ਨਿਖੇੜਣ ਤੋਂ ਵੀ ਅਗੇ ਜਦ ਉਹ ਖੋਟ ਨੂੰ ਵਿਦਵਾਨਾਂ ਦੇ ਮੂੰਹ 'ਤੇ ਵਾਪਸ ਵਗਾਹਤਾ ਮਾਰਨ ਲਗ ਪੈਣਗੇ...ਉਦੋਂ, ਬਸ ਉਦੋਂ ਹੀ, ਵੇਖਣਾ, ਕਿਵੇਂ ਰੰਗ ਬਝਦਾ ਹੈ, ਕਿਵੇਂ ਆਤਸ਼ਬਾਜ਼ੀ ਫੁਟਦੀ ਹੈ, ਪ੍ਰਕਾਸ਼ ਹੁੰਦਾ ਹੈ। ਲੋਹੇ ਦੀ ਲੋਹੇ 'ਤੇ ਸੱਟ ਪੈਣ ਨਾਲ ਹੀ ਸੱਚ ਦੀਆਂ ਚਿਣਗਾਂ ਫੁਟਦੀਆਂ ਨੇ।

ਅਸਲੀ ਵਿਦਵਾਨ ਉਹ ਜਿਹੜਾ ਸੱਚ 'ਤੇ ਪਹਿਰਾ ਦੇਵੇ, ਜਿਹੜਾ ਸਮਾਜਕ ਮਨੁਖੀ ਸੱਚ ਨੂੰ ਪੇਸ਼ ਕਰੇ, ਮਾਨਵਵਾਦ ਦਾ ਲੜ ਨਾ ਛੱਡੇ ਅਤੇ ਮਨੁਖ ਦੀ ਆਜ਼ਾਦੀ ਅਤੇ ਸੰਪੂਰਨ ਪ੍ਰਫੁਲਤਾ ਲਈ ਜਦੋ-ਜਹਿਦ ਕਰੇ। ਅਜਿਹੇ ਵਿਦਵਾਨਾਂ ਦੀ ਆਵਾਜ਼ ਦੇ ਨਾਲ ਜਦ ਪਾਠਕ ਆਪਣੀ ਆਵਾਜ਼ ਰਲਾਉਣ ਲਗ ਪੈਣਗੇ ਅਤੇ ਜਦ ਉਹਨਾਂ ਵਿਦਵਾਨਾਂ ਦੇ, ਜਿਹੜੇ ਕੂੜ ਬੋਲਦੇ, ਕੂੜ ਲਿਖਦੇ ਅਤੇ ਕੂੜ ਦਾ ਸੌਦਾ ਕਰਦੇ ਹਨ, ਪਾਠਕ ਟੰਬੇ ਮਾਰਣ ਜੋਗੇ ਹੋ ਜਾਣਗੇ...ਉਦੋਂ, ਬਸ ਉਦੋਂ ਵੇਖਿਆ ਜੇ ਕਿਵੇਂ ਰੰਗ ਬਝਦਾ ਏ। ਰੰਗ ਤਾਂ ਭਰਾਵੋ, ਤੁਸੀਂ ਬੰਨ੍ਹਣਾ...ਅਸੀਂ ਤਾਂ ਬਸ ਪਿੱੜ ਹੀ ਤਿਆਰ ਕਰਨਾ ਸੀ। ਸੁ ਕਰ ਛਡਿਆ ਏ।

ਕਾਇਦੇ ਅਨੁਸਾਰ ਇਹ ਗੱਲ ਠੀਕ ਹੈ ਕਿ ਇਕ ਅੰਕ ਵਿਚ ਇਕ ਲੇਖਕ ਦੇ ਦੋ ਲੇਖ ਨਹੀਂ ਹੋਣੇ ਚਾਹੀਦੇ। ਅਸੀਂ, ਇਸ ਕਾਇਦੇ ਦਾ, ਲਗਦੀ ਵਾਹ, ਧਿਆਨ ਰਖਦੇ ਹਾਂ। ਪਰ ਕਦੀ ਕਦੀ ਸਮਸਿਆ ਅਜਿਹੀ ਬਣ ਜਾਂਦੀ ਹੈ ਕਿ ਸਾਨੂੰ ਇਸ ਕਾਇਦੇ ਦੀ ਉਲੰਘਨਾ ਕਰਨੀ ਪੈ ਜਾਂਦੀ ਹੈ। ਮਸਲੇ ਹੀ ਅਜਿਹੇ ਖੜੇ ਹੋ ਜਾਂਦੇ ਨੇ ਜੋ ਫੌਰੀ ਧਿਆਨ ਮੰਗਦੇ ਨੇ। "ਆਏ ਇਨਕਲਾਬ ਕੁਰਾਹੇ ਕਿਉਂ?" ਲੇਖ-ਲੜੀ ਨੂੰ ਅਸੀਂ ਥੋੜੇ ਕੀਤਿਆਂ ਵਿਚੋਂ ਤੋੜਣਾ ਨਹੀਂ ਚਾਹੁੰਦੇ। ਇਹ ਲੜੀ ਐਸੇ ਮਹਤਵਪੂਰਨ ਮਸਲੇ ਬਾਰੇ ਹੈ ਜਿਸ ਬਾਰੇ ਨਿੱਤ ਸੋਚਣ ਦੀ ਲੋੜ ਹੈ। ਅਸੀਂ ਤਾਂ ਮਹੀਨੇ ਵਿਚ ਸਿਰਫ਼ ਇਕ ਲੇਖ ਹੀ ਦੇ ਰਹੇ ਹਾਂ। ਵੈਸੇ ਇਹ ਇਕ ਐਸਾ ਮਸਲਾ ਹੈ ਜਿਸ 'ਤੇ ਸਾਡੇ ਮਾਰਕਸਵਾਦੀਆਂ ਨੂੰ, ਭਾਵੇਂ ਉਹ ਕਿਸੇ ਵੀ ਪਾਰਟੀ ਜਾਂ ਪਾਰਟੀ ਦੇ ਕਿਸੇ ਵੀ ਗੁੱਟ ਨਾਲ ਸਬੰਧਤ ਹੋਣ, ਸਾਲ ਦੇ ਬਾਰਾਂ ਮਹੀਨੇ ਅਤੇ ਮਹੀਨੇ ਦੇ ਤੀਹ ਦਿਨ ਵਿਚਾਰ ਕਰਨੀ ਚਾਹੀਦੀ ਹੈ।

ਦੂਸਰਾ ਮਸਲਾ ਖੜਾ ਹੋ ਗਿਆ—ਸਿੱਖ ਲਹਿਰ ਅਤੇ ਜਾਤ-ਪਾਤ ਦਾ। ਹਲਵਾਰਵੀ ਨੇ ਇਸ ਨੂੰ ਭਖਾ ਦਿਤਾ। ਸ਼ੁਰੂ ਵਿਚ ਸਾਨੂੰ ਉਸ ਦੀਆਂ ਥਵ੍ਹੀਆਂ ਵਿਚ ਫ਼ਸਾਈਆਂ ਬੇਥਵ੍ਹੀਆਂ ਬੁਰੀਆਂ ਲਗੀਆਂ, ਪਰ ਫਿਰ ਚੰਗੀਆਂ ਲਗੀਆਂ। ਉਸ ਇਸ ਗੱਲ ਵਲ ਜ਼ਰੂਰ ਧਿਆਨ ਦਵਾਇਆ ਕਿ ਕਿਵੇਂ ਕੁਝ ਵਿਚਾਰ ਸਪਸ਼ਟ ਨਹੀਂ ਹਨ, ਕਿਵੇਂ ਕੁਝ ਵਿਚਾਰ ਵਿਸਥਾਰ ਮੰਗਦੇ ਹਨ। ਮਸਲਾ ਭਖਿਆ ਪਿਆ ਸੀ। ਜੇ ਐਸ ਵੇਲੇ ਉਸ ਬਾਰੇ ਲੇਖ ਨਾ ਛਾਪਦੇ, ਫਿਰ ਕਦੋਂ ਛਾਪਣਾ ਸੀ ?

ਰਹੀ ਗੱਲ ਪ੍ਰੀਤਮ ਸਿੰਘ ਹੁਰਾਂ ਦੇ ਲੇਖ ਦੀ। ਇਸ ਲੇਖ ਦੀ ਸਾਨੂੰ 'ਸਾਈਕਲੋਸਟਾਈਲ' ਕਾਪੀ ਭੇਜੀ ਗਈ ਸੀ। ਨਾਲ **ਸਿਰਜਣਾ** ਵਾਲੇ ਰਘਬੀਰ ਸਿੰਘ ਹੁਰਾਂ ਦੀ ਚਿੱਠੀ ਸੀ ਕਿ ਇਸ ਲੇਖ ਨੂੰ **ਸੇਧ** ਜ਼ਰੂਰ ਛਾਪੋ, ਛਪੇਗਾ ਤਾਂ ਹੋਰ ਕਈ ਥਾਈਂ ਵੀ, ਪਰ **ਸੇਧ** 'ਚ ਛਪਣ ਦੀ ਹੋਰ ਗੱਲ ਹੈ। ਇਸ ਲੇਖ ਵਿਚ ਮੋਟੀ ਗੱਲ ਤਾਂ ਇਤਨੀ ਕੁ ਹੀ ਸੀ ਕਿ ਸਰਕਾਰੀ ਕੰਮ ਕਾਜ ਵਿਚ ਪੰਜਾਬੀ ਲਾਗੂ ਨਹੀਂ ਹੋਈ। ਹੋਣੀ ਚਾਹੀਦੀ ਸੀ ਅਤੇ ਹੋਣੀ ਚਾਹੀਦੀ ਹੈ। ਇਹ ਲੇਖ ਭਾਵੇਂ ਸਾਧਾਰਨ ਕਿਸਮ ਦਾ ਹੀ ਸੀ (ਲੇਖ ਵਿਚ ਕਿਉਂਕਿ ਦੰਦ ਸਨ ਹੀ ਨਹੀਂ, ਇਸ ਲਈ ਕਿਸੇ ਨੂੰ ਚੱਕ ਦਾ ਕੀ ਤੌਖਲਾ ਹੋ ਸਕਦਾ ਹੈ), ਪਰ ਮੰਗ ਜਾਇਜ਼ ਸੀ, (ਜਿਵੇਂ ਹੋਰ ਅਨੇਕਾਂ ਮੰਗਾਂ ਜਾਇਜ਼ ਹੁੰਦੀਆਂ ਹਨ) ਇਸ ਲਈ ਇਸ ਨੂੰ **ਸੇਧ** ਵਿਚ ਥਾਂ ਦੇਣੀ ਅਸੀਂ ਉਚਿਤ ਸਮਝੀ। ਇਸ ਬਾਰੇ ਦੋ ਗੱਲਾਂ ਹੋਰ : **ਪਹਿਲੀ**, ਇਹ ਲੇਖ ਲਿਖਣ ਵਾਲੇ ਹੋਣ ਕੇਂਦਰੀ ਪੰਜਾਬੀ ਲੇਖਕ ਸਭਾ ਵਾਲੇ ! ਅਤੇ 1967 ਵਿਚ ਮਨਜ਼ੂਰ ਹੋਈ ਮੰਗ ਬਾਰੇ ਸਰਕਾਰ ਨੂੰ ਚੇਤਾ ਕਰਾਇਆ ਜਾਵੇ, ਤੁਹਾਡਾ ਬੱਚਾ ਜੀਵੇ, ਆ ਕੇ ਸੰਨ 1980 ਵਿਚ ! ਉਹ ਵੀ ਇਕ ਐਸੇ ਲੇਖ ਰਾਹੀਂ ਜਿਸ ਦੀ ਭਾਹ ਅਤੇ ਲਹਿਜਾ ਸਰਕਾਰੀ ਰਿਪੋਰਟਾਂ ਵਰਗਾ ਹੋਵੇ ! **ਦੂਸਰੀ**, ਪੰਜਾਬੀ ਕੇਂਦਰੀ ਲੇਖਕ ਸਭਾ ਦੇ ਮੈਂਬਰਾਂ/ਲੇਖਕਾਂ ਨੂੰ ਇਹ ਤਾਂ ਪਤਾ ਹੀ ਹਊ (ਸ਼ਾਇਦ !) ਕਿ ਪੰਜਾਬੀ ਵਿਚ ਦਰਜਨਾਂ ਰੋਜ਼ਾਨਾ ਤੇ ਹਫ਼ਤਾਵਾਰ ਅਖ਼ਬਾਰ ਨਿਕਲਦੇ ਹਨ ਅਤੇ ਉਹਨਾਂ ਦੀ ਇਸ਼ਾਇਤ ਵੀ ਕਾਫ਼ੀ ਹੈ ਅਤੇ ਇਹ ਵੀ ਕਿ ਇਹਨਾਂ ਅਖ਼ਬਾਰਾਂ ਦੇ ਵਿਸ਼ੇਸ਼ ਅੰਕ ਵੀ ਨਿਕਲਦੇ ਰਹਿੰਦੇ ਹਨ। ਕੀ ਇਹ ਗੱਲ ਇਹਨਾਂ ਲੇਖਕਾਂ/ਮੈਂਬਰਾਂ ਦੇ ਵਿਤੋਂ-ਬਾਹਰੀ ਹੈ ਕਿ ਇਸ ਵਿਸ਼ਾਲ 'ਮੀਡੀਆ' ਦੀ ਪੰਜਾਬੀ ਜ਼ਬਾਨ ਨੂੰ ਪੰਜਾਬ ਵਿਚ ਉਸ ਦਾ ਹੱਕੀ ਅਸਥਾਨ ਦਿਵਾਉਣ ਲਈ ਭਰਪੂਰ ਢੰਗ ਨਾਲ ਵਰਤੋਂ ਕੀਤੀ ਜਾਵੇ ? ਕਿਹੜਾ ਪੰਜਾਬੀ ਦਾ ਅਖ਼ਬਾਰ ਹੈ ਜਿਹੜਾ ਇਸ ਚੰਗੇ ਕੰਮ ਵਿਚ ਸਹਿਯੋਗ ਨਹੀਂ ਦੇਵੇਗਾ ? ਕਮਜ਼ੋਰੀ 'ਮੀਡੀਆ' ਵਲੋਂ ਨਹੀਂ, ਮਾਰ ਇਧਰ ਲੇਖਕਾਂ/ਮੈਂਬਰਾਂ ਨੂੰ ਵਗੀ ਹੋਈ ਹੈ। ਕੀ ਹਰ ਲੇਖਕ ਇਸ ਵਿਸ਼ੇ 'ਤੇ ਦੋ ਦੋ ਚਾਰ ਚਾਰ ਲੇਖ ਨਹੀਂ ਲਿਖ ਸਕਦਾ ? ਆਪਣੇ ਵਲੋਂ ਇਸ ਵਿਸ਼ੇ 'ਤੇ, ਇਸ ਹੱਕੀ ਮੰਗ ਦੇ ਮੰਨਵਾਉਣ ਲਈ ਕੁਝ ਕਹਿ/ਲਿਖ ਨਹੀਂ ਸਕਦਾ ? (ਸ਼ਾਇਦ ਬਹੁਤੇ ਲੇਖਕਾਂ ਨੂੰ ਇਸ ਤੱਥ ਦਾ ਗਿਆਨ ਹੀ ਨਹੀਂ ਕਿ ਆਸਾਮ ਵਿਚ ਆਸਾਮੀ ਲੋਕਾਂ ਦੀਆਂ ਸਹੀ ਤੇ ਜਾਇਜ਼ ਮੰਗਾਂ ਮੰਨਵਾਉਣ ਲਈ ਅੱਜ ਜਿਹੜੀ ਜਾਨਦਾਰ ਲੋਕ-ਲਹਿਰ ਚਲ ਰਹੀ ਹੈ, ਉਸ ਨੂੰ ਖੜਿਆਂ ਕਰਨ ਵਿਚ 'ਆਸਾਮ ਲੇਖਕ ਸਭਾ' ਦਾ ਕਿੰਨਾ ਯੋਗਦਾਨ ਹੈ। ਇਸ ਲੇਖਕ ਸਭਾ ਨੇ ਪਿਛਲੇ 30-40 ਵਰ੍ਹਿਆਂ ਵਿਚ ਕੀ ਕੁਝ ਕੀਤਾ ਹੈ—ਇਸ ਦੀ ਵਿਸਥਾਰਪੂਰਵਕ ਜਾਣਕਾਰੀ ਸਾਡੇ ਬੁਧੀਜੀਵੀਆਂ ਤੇ ਲੇਖਕਾਂ ਲਈ ਪਰੇਰਨਾ ਦਾ ਸੋਮਾਂ ਸਿਧ ਹੋ ਸਕਦੀ ਹੈ) ਪੰਜਾਬੀ ਦੇ ਲੇਖਕ ਸਾਡੇ ਵਿਸ਼ਾਲ ਪ੍ਰੈਸ ਮੀਡੀਆ ਦੀ ਵਰਤੋਂ ਕਰ ਕੇ ਪੰਜਾਬੀ ਦੇ ਮਸਲੇ ਨੂੰ ਅਤੇ ਇਸ ਨਾਲ ਅਗਾਂਹ ਪੈਦਾ ਹੁੰਦੇ ਸਬੰਧਤ ਮਸਲਿਆਂ ਨੂੰ (ਜਿਵੇਂ ਕਿ ਕਿਹੜੀ ਪੰਜਾਬੀ ? ਕਿਸ ਵਸਤੂ **(content)** ਵਾਲੀ ਪੰਜਾਬੀ ? ਪੰਜਾਬੀ ਬੋਲਦੀ ਵਸੋਂ ਵਾਲੇ ਇਲਾਕਿਆਂ ਦਾ ਸੰਗਠਨ, ਪੰਜਾਬੀ



ਜ਼ਬਾਨ ਤੇ ਪੰਜਾਬੀ ਕਲਚਰ ਦਾ ਸੁਜੋੜ, ਪੰਜਾਬੀ ਜ਼ਬਾਨ ਤੇ ਵਿਦਿਆ ਦਾ ਅੰਤਰ-ਸਬੰਧ, ਕਿਸ ਪਰਕਾਰ ਦੀ ਵਿਦਿਆ, ਸਮੁੱਚਾ ਵਿਦਿਅਕ ਢਾਂਚਾ ਇਤਿਆਦ, ਇਤਿਆਦ) ਭਖਾ ਸਕਦੇ ਹਨ, ਸਰਕਾਰੀ ਗੱਦੀਆਂ 'ਤੇ ਬੈਠੇ ਉਂਘ ਰਹੇ ਸਿਆਸਤਦਾਨਾਂ ਅਤੇ ਅਫ਼ਸਰਾਂ ਦੀ ਨੀਂਦ ਹਰਾਮ ਕਰ ਸਕਦੇ ਹਨ। ਜੇ ਲੇਖਕ ਇਸ ਅਤੇ ਇਸ ਨਾਲ ਸਬੰਧਤ ਮਸਲਿਆਂ ਬਾਰੇ ਲਿਖਣਗੇ, ਮਿਕਦਾਰ ਤੇ ਮੇਲ (ਕੁਆਲਟੀ) ਦੇ ਪਖੋਂ ਬਹੁਤਾ ਅਤੇ ਵਧੀਆ ਲਿਖਣਗੇ ਤਾਂ ਅਖਬਾਰਾਂ ਵਿਚ ਗੱਲ ਲਟ ਲਟ ਬਲੇਗੀ (ਕਿਸੇ ਨੂੰ ਤਾਂ ਸੇਕ ਲਗੇਗਾ ਹੀ !) ਅਖ਼ਬਾਰਾਂ ਨੂੰ ਇਸ ਮਸਲੇ 'ਤੇ ਵਿਸ਼ੇਸ਼ ਅੰਕ ਕਢਣ ਲਈ ਵੀ ਫਿਰ ਪਰੇਰਿਆ ਜਾ ਸਕਦਾ ਹੈ। ਪਰ ਡੁਬੀ ਤਾਂ ਜੇ ਸਾਹ ਨਾ ਆਇਆ ! ਇਥੇ ਤਾਂ ਇਹ ਗੱਲ ਬਣੀ ਪਈ ਏ। ਲੇਖਕ ਬੋਦੀਆਂ ਤੇ ਬੋਸੀਦਾ ਪਾਰਟੀਆਂ ਨਾਲ ਬੱਝੇ ਪਏ ਹਨ। ਵੇਖਦੇ ਉਹ ਇਹ ਰਹਿੰਦੇ ਹਨ ਕਿ ਖਿੰਗਰ ਬਣੇ ਨੇਤਾ ਕੁਝ ਕਰਨ ਲਈ ਇਸ਼ਾਰਾ ਕਦ ਕਰਦੇ ਹਨ ? ਪਾਰਟੀ ਇਸ ਜਾਂ ਉਸ ਮਸਲੇ ਬਾਰੇ ਰੈਜ਼ੂਲੂਸ਼ਨ ਕਦ ਪਾਸ ਕਰਦੀ ਹੈ ? ਹਿਦਾਇਤ ਕੀ ਦੇਂਦੀ ਹੈ ? ਕਿਸ ਪਾਰਟੀ ਨੇ ਕਿਸ ਕਿਸ ਦਾ ਸਾਥ ਦੇਣਾ ਹੈ ? ਦੇਣਾ ਵੀ ਹੈ ਕਿ ਨਹੀਂ ? ਪਾਰਟੀ ਦੇ ਅੰਦਰ ਵੀ ਕਿਸ ਕਿਸ ਗੁੱਟ ਦੇ ਨਾਲ ਮਿਲ ਕੇ ਕੰਮ ਕਰਨਾ ਹੈ ? ਕਰਨਾ ਵੀ ਹੈ ਕਿ ਨਹੀਂ ? ਕਿਸ ਕਿਸ ਤੋਂ ਦੂਰ ਰਹਿਣਾ ਹੈ ? ਕੰਮ ਕੀਤਿਆਂ ਲਾਭ ਕਿਹੜੀ ਪਾਰਟੀ ਜਾਂ ਕਿਹੜਾ ਗੁੱਟ ਲੈ ਜਾਵੇਗਾ ? ਕੰਮ ਸਹੀ ਤੇ ਹੱਕੀ ਹੈ ਜਾਂ ਗਲਤ ਤੇ ਨਾਜਾਇਜ਼...ਇਸ ਬਾਰੇ ਆਪ ਕਾਹਨੂੰ ਸੋਚਣਾ ਹੈ...ਜੇ ਨੇਤਾ ਛਿਛਕਾਰ ਦੇਣਗੇ ਤਾਂ ਢਿਚਕੂੰ ਢਿਚਕੂੰ ਤੁਰ ਪਵਾਂਗੇ, ਨਹੀਂ ਤਾਂ ਭਾਈ, ਬੈਠੇ ਆਂ, ਕੰਮ ਵਿੱਢਣਾ ਤੇ ਮੁਕਾਉਣਾ ਕਿਹੜਾ ਸੌਖਾ ਹੈ। ਕਰਾਂਗੇ ਕੇਂਦਰੀ ਲੇਖਕ ਸਭਾ ਦੀ ਸਾਲਾਨਾ ਮੀਟਿੰਗ ਤੇ ਉਸ ਵਿਚ ਪ੍ਰਸਤਾਵ ਪਾਸ ਕਰ ਦਿਆਂਗੇ, ਸਰਕਾਰ ਨੂੰ ਚੇਤਾ ਕਰਵਾ ਦਿਆਂਗੇ ਕਿ ਭਦਰ ਪੁਰਸ਼, ਤੁਸਾਂ ਆਹ ਆਹ ਵਾਅਦੇ ਕੀਤੇ ਸਨ, ਵਫ਼ਾ ਨਹੀਂ ਹੋਏ। ਵੇਖ ਲਉ, ਅਸਾਂ ਹੁਣ ਤੁਹਾਨੂੰ ਚੇਤਾ ਕਰਾ ਦਿਤਾ ਜੇ। ਤੇ ਲੋਕੋ, ਤੁਸੀਂ ਵੀ ਸੁਣ ਲਵੋ ਅਸੀਂ ਸਰਕਾਰ ਨੂੰ ਚੇਤਾ ਕਰਾ ਦਿਤਾ ਹੈ। ਭਰਾਵੋ, ਇਹੀ ਸਾਡਾ ਸ਼ਾਨਦਾਰ ਇਤਿਹਾਸ ਹੈ। ਕੋਈ ਇਸ ਠੋਸ ਤੱਥ ਤੋਂ ਮੁਨਕਰ ਹੋ ਸਕਦਾ ਹੈ ਕਿ ਅਸੀਂ 17 ਸਾਲ ਪੰਡਤ ਨਹਿਰੂ ਜੀ ਨੂੰ, ਫਿਰ 11 ਸਾਲ ਇੰਦਰਾ ਜੀ ਨੂੰ, ਵਿਚ ਕੁਝ ਸਾਲ ਜਨਤਾ ਪਾਰਟੀ ਦੇ ਨੇਤਾਵਾਂ (ਜੀ) ਨੂੰ ਅਤੇ ਹੁਣ ਕਾਂਗਰਸ (ਆਈ) ਦੀਆਂ ਸਰਕਾਰਾਂ (ਜੀ) ਨੂੰ ਉਹਨਾਂ ਵਲੋਂ ਕੀਤੇ ਜਾਂਦੇ ਵਾਅਦਿਆਂ ਨੂੰ ਗਾਹੇ ਬਗਾਹੇ ਉਹਨਾਂ ਨੂੰ ਚੇਤਾ ਕਰਵਾਇਆ ਹੈ ? ਅਸਾਂ ਕਦੇ, ਕਦੇ ਆਪਣੇ ਫਰਜ਼ ਤੋਂ ਕੁਤਾਹੀ ਨਹੀਂ ਕੀਤੀ !! ਆਮੀਨ !

**ਸੇਧ** ਵਿਚ ਇਕ ਨਜ਼ਮ ਤੇ ਇਕ ਕਹਾਣੀ ਕਦੀ ਕਦੀ ਛਾਪਣ ਉਤੇ ਜਿਹਨਾਂ ਪਾਠਕਾਂ ਨੇ ਸਾਡੇ ਇਸ ਕਦਮ ਦੀ ਸਲਾਹੁਣਾ ਕੀਤੀ ਹੈ ਉਹਨਾਂ ਦੇ ਅਸੀਂ ਧੰਨਵਾਦੀ ਹਾਂ। ਜਿਹਨਾਂ ਨੇ ਇਸ ਕਦਮ ਨੂੰ ਨਿੰਦਿਆ ਹੈ ਉਹਨਾਂ ਦੇ ਅਸੀਂ 'ਡਬਲ' ਧੰਨਵਾਦੀ ਹਾਂ। ਨਜ਼ਮ, ਕਹਾਣੀ ਛਾਪਣਾ ਸਾਡੇ ਲਈ ਇਕ 'ਤਜਰਬਾ' ਹੈ ਜਿਹੜਾ ਅਸੀਂ ਹਾਲ ਦੀ ਘੜੀ, ਜਦ ਮੌਕਾ ਲਗਾ, ਕਰਦੇ ਜਾਵਾਂਗੇ। "ਕਿਧਰੇ ਮੈਟਰ ਦੀ ਘਾਟ ਤਾਂ ਨਹੀਂ ?" ਦਾ ਜੁਆਬ ਹਾਂ ਵੀ ਹੈ ਤੇ ਨਾਂਹ ਵੀ। ਮੈਟਰ ਤਾਂ ਬਥੇਰਾ ਆ ਜਾਂਦਾ ਹੈ, ਪਰ ਚੰਗੇ ਮੇਲ ਦੇ ਮੈਟਰ ਦੀ ਘਾਟ ਜ਼ਰੂਰ ਰਹਿੰਦੀ ਹੈ। "ਕੀ ਕਹਾਣੀ, ਕਵਿਤਾ ਛਾਪਣ ਨਾਲ ਅਸ਼ਾਇਤ ਵਧਦੀ ਹੈ ?" ਇਸ ਦਾ ਜੁਆਬ ਨਹੀਂ ਹੈ। ਕਹਾਣੀ ਕੀ, ਜੇ ਕਿਸੇ ਅੰਕ ਵਿਚ ਕਹਾਣੀ ਦਾ ਪਿਉ ਵੀ ਛਾਪ ਦੇਈਏ, ਤਾਂ ਵੀ ਅਸ਼ਾਇਤ ਵਿਚ ਦਸਾਂ ਕਾਪੀਆਂ ਦਾ ਵਾਧਾ ਘਾਟਾ ਨਹੀਂ ਹੁੰਦਾ। ਪੰਜਾਬੀ ਦੀ ਇਹੀ ਹੋਣੀ ਹੈ; ਇਹੀ ਅੱਜ ਦਾ ਸੱਚ ਹੈ, ਯਥਾਰਥ ਹੈ।]

—ਪੰਨੂ



# ਪੀਐਨਬੀ

## ਨੇ ਮੈਨੂੰ ਇਹ ਰਾਜ਼ ਦੱਸਿਆ ਕਿ ਹਰ ਮਹੀਨੇ ਵਧੇਰੀ ਆਮਦਨ ਕਿਸ ਤਰ੍ਹਾਂ ਪੈਦਾ ਕੀਤੀ ਜਾ ਸਕਦੀ ਹੈ

ਆਪਣੇ ਵਧਦੇ ਹੋਏ ਖ਼ਰਚਿਆਂ ਕਾਰਣ ਮੈਂ ਆਪਣਾ ਗੁਜਾਰਾ ਮੁਸ਼ਕਲ ਨਾਲ ਕਰ ਸਕਦਾ ਸੀ। ਇਸ ਲਈ ਮੈਂ ਆਪਣੇ ਬੋਨਸ ਦੀ ਰਕਮ ਪੀ ਐਨ ਬੀ ਦੇ **ਸਪੈਸ਼ਲ ਫ਼ਿਕਸਡ ਡਿਪਾਜ਼ਿਟ** ਵਿਚ ਜਮ੍ਹਾਂ ਕਰਾ ਦਿੱਤੀ।

ਹੁਣ ਮੈਨੂੰ ਹਰ ਮਹੀਨੇ ਵਿਆਜ ਦੇ ਰੂਪ ਵਿਚ ਨਿਯਮਿਤ ਰਕਮ ਮਿਲਦੀ ਹੈ ਜਿਸ ਨਾਲ ਮੈਂ ਕੁਝ ਜ਼ਰੂਰੀ ਚੀਜ਼ਾਂ ਦਾ ਮੁੱਲ ਚੁਕਾ ਸਕਦਾ ਹਾਂ।

63 ਮਹੀਨਿਆਂ ਲਈ 30.000 ਰੁਪਏ ਜਮ੍ਹਾਂ ਕਰਾਉਣ ਨਾਲ ਹਰ ਮਹੀਨੇ ਵਿਆਜ ਦੇ ਰੂਪ ਵਿਚ 247.92 ਰੁਪਏ ਮਿਲਦੇ ਹਨ। ਮੂਲ ਰਕਮ ਜਿਉਂ ਦੀ ਤਿਉਂ ਰਹਿੰਦੀ ਹੈ।

ਤੁਸੀਂ ਘੱਟ ਤੋਂ ਘੱਟ 500 ਰੁਪਏ ਜਮ੍ਹਾਂ ਕਰਾ ਸਕਦੇ ਹੋ।

12 ਤੋਂ 36 ਮਹੀਨਿਆਂ ਲਈ ਜਮ੍ਹਾਂ ਰਕਮ ਤੇ ਵਿਆਜ ਦੀ ਦਰ 7% ਸਾਲਾਨਾ।
39 ਤੋਂ 60 ਮਹੀਨਿਆਂ ਲਈ ਜਮ੍ਹਾਂ ਰਕਮ ਤੇ ਵਿਆਜ ਦੀ ਦਰ 8.5% ਸਾਲਾਨਾ :
63 ਤੋਂ 120 ਮਹੀਨਿਆਂ ਲਈ ਜਮ੍ਹਾਂ ਰਕਮ ਤੇ ਵਿਆਜ ਦੀ ਦਰ 10% ਸਾਲਾਨਾ।

**ਪੰਜਾਬ ਨੈਸ਼ਨਲ ਬੈਂਕ**
ਭਾਰਤ ਸਰਕਾਰ ਦਾ ਉਪਕ੍ਰਮ
...ਭਰੋਸੇ ਦਾ ਪ੍ਰਤੀਕ

# HFC
## a symbol of service to the farmers

Hindustan Fertilizer Corporation—a Rs. 500 crore dedication to the farmers, -geared to produce more than one million tonnes of fertilizer annually in the form of Ammonium Sulphate, Urea and complex fertilizers. Hindustan Fertilizer Corporation came into existence in April 1978. The Corporation has three Units at Namrup (Assam), Durgapur (West-Bengal) and Barauni (Bihar). Besides, a project at Haldia (West-Bengal) is in an advanced stage of completion. On completion of the Haldia project HFC will also be producing Methanol and Soda Ash, two important basic chemicals for the industry.

HINDUSTAN FERTILIZER CORPORATION LIMITED
'Madhuban' 55, Nehru Place.
New Delhi-110019.

AUGUST, 1980
Registered with the Registrar of Newspapers for India—Registration No 23895/72
Regd. No. D (SE) 001


# COAL FOR FOOD

**To the man-on-the-street, coal is for cooking or running a steam engine. To us, it means more food.**



Coal...
It's the last thing you'd think that helps grow more food. But, not from now.

For, FCI will soon put on stream two large projects—one each at Talcher and Ramagundam..... to produce nitrogenous fertilizers ... from coal!

And these units will be the first of its kind in Asia—a matter of pride for the nation.

With a production capacity of 2,28,000 tons of nitrogen per year, as Urea, both these new plants of FCI will boost the country's food production to an estimated 22,28,000 tons per year.

Yes. There's a lot of food coming in the future . . . from coal!

**THE FERTILIZER CORPORATION OF INDIA LTD.**
Madhuban 55, Nehru Place, New Delhi-110 019